ਬੁਲੇਟਿਨ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ

ਸਤੰਬਰ-ਅਕਤੂਬਰ 2010 * 10 ਰੁਪਏ



ਕਸ਼ਮੀਰੀ ਲੋਕਾਂ ਦੇ ਹੱਕੀ ਸੰਘਰਸ਼ ਦੀ ਡਟਵੀਂ ਹਮਾਇਤ ਕਰੋ

'ਵਿਕੀ ਲੀਕਸ' ਸ਼ਰੇਆਮ ਹੋਏ ਸਾਮਰਾਜੀ ਕਰਤੂਤਾਂ ਦੇ ਕੱਚੇ ਚਿੱਠੇ

ਪੂੰਜੀ ਦੀ ਸੇਵਾ 'ਚ ਵਿਗਿਆਨ

‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

➤ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➤ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੂੰਹ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੋਂ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲੀ-ਚੁੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੋਸ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ ‘ਲਲਕਾਰ’ ਦਾ ਬੇਖੌਫ਼ ਐਲਾਨ ਹੈ।

ਇਸ ਅੰਕ ਵਿੱਚ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦੀ ਮੈਗਜ਼ੀਨ

ਸਾਲ 4, ਬੁਲੇਟਿਨ 14

ਸਤੰਬਰ-ਅਕਤੂਬਰ 2010

ਸੰਪਾਦਕ

ਲਖਵਿੰਦਰ

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ

ਲਖਵਿੰਦਰ ਸਪੁੱਤਰ ਸ. ਮਨਜੀਤ ਸਿੰਘ, ਮੁਹੱਲਾ ਜੱਸੜਾਂ, ਸ਼ਹਿਰ ਅਤੇ ਡਾਕਖਾਨਾ-ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ-140406 ☎ 96461 50249

e-mail id— lalkaar08@rediffmail.com

ਇੱਕ ਕਾਪੀ ਦੀ ਕੀਮਤ ਦਸ ਰੁਪਏ **ਸਾਲਾਨਾ** ਸੱਠ ਰੁਪਏ (ਡਾਕ ਰਾਹੀਂ ਪਚੱਤਰ ਰੁਪਏ)

ਤੁਸੀਂ ‘ਲਲਕਾਰ’ ਸਾਡੇ ਬਲੌਗ 'ਤੇ ਵੀ ਪੜ੍ਹ ਸਕਦੇ ਹੋ। ‘ਲਲਕਾਰ’ ਦੇ ਪਿਛਲੇ ਸਾਰੇ ਅੰਕ ਵੀ ਬਲੌਗ 'ਤੇ ਉਪਲੱਬਧ ਹਨ।

lalkaar.wordpress.com

ਸੰਪਾਦਕੀ

ਕਸ਼ਮੀਰੀ ਲੋਕਾਂ ਦੇ ਹੱਕੀ ਸੰਘਰਸ਼ ਦੀ ਡਟਵੀਂ ਹਮਾਇਤ ਕਰੋ

ਕਸ਼ਮੀਰ ਇੱਕ ਵਾਰ ਫੇਰ ਸੁਰਖੀਆ 'ਚ ਹੈ। ਕਸ਼ਮੀਰ ਇੱਕ ਵਾਰ ਫੇਰ ਲਹੂ ਲੁਹਾਣ ਹੈ। ਸਿਰ ਤੋਂ ਲੈ ਕੇ ਪੈਰਾਂ ਤੱਕ ਆਧੁਨਿਕ ਹਥਿਆਰਾਂ ਨਾਲ਼ ਲੈਸ ਭਾਰਤੀ ਹਕੂਮਤ ਦੇ ਹਥਿਆਰਬੰਦ ਦਸਤਿਆਂ ਵੱਲੋਂ ਨਿਹੱਥੇ ਕਸ਼ਮੀਰੀਆਂ ਦੇ ਖ਼ੂਨ ਦੀ ਹੋਲੀ ਖੇਡੀ ਜਾ ਰਹੀ ਹੈ। 11 ਜੂਨ 2010 ਤੋਂ ਲੈ ਕੇ 9 ਸਤੰਬਰ ਤੱਕ ਭਾਰਤੀ ਹਥਿਆਰਬੰਦ ਦਸਤਿਆਂ ਹੱਥੋਂ 70 ਕਸ਼ਮੀਰੀ ਕਤਲ ਕੀਤੇ ਜਾ ਚੁੱਕੇ ਹਨ। ਜਿਹਨਾਂ ਵਿੱਚ ਬਹੁਗਿਣਤੀ ਨੌਜਵਾਨਾਂ ਦੀ ਹੈ ਅਤੇ ਇਹਨਾਂ ਵਿੱਚੋਂ ਅੱਛੀ ਖਾਸੀ ਗਿਣਤੀ ਕਿਸ਼ੋਰਾਂ ਦੀ ਹੈ।

ਕਸ਼ਮੀਰ ਅੰਦਰ ਭਾਰਤੀ ਹਕੂਮਤ ਦਾ ਜ਼ਬਰ ਕੋਈ ਨਵੀਂ ਗੱਲ ਨਹੀਂ ਹੈ। ਲਗਭਗ ਪਿਛਲੇ ਛੇ ਦਹਾਕਿਆਂ ਤੋਂ ਕਸ਼ਮੀਰ ਭਾਰਤੀ ਹਕੂਮਤ ਦੇ ਫੌਜੀ ਦਸਤਿਆਂ ਦੇ ਬੂਟਾਂ ਹੇਠ ਦਰੜਿਆ ਜਾ ਰਿਹਾ ਹੈ। ਭਾਰਤ ਦੇ ਕਬਜ਼ੇ ਹੇਠਲੇ ਕਸ਼ਮੀਰ ਵਿੱਚ ਇਸ ਸਮੇਂ ਸੱਤ ਲੱਖ ਸਿਪਾਹੀ ਹਨ। 1990 ਤੋਂ ਦੇਸ਼ ਦਾ ਸਭ ਤੋਂ ਖ਼ੂੰਖਾਰ ਕਾਨੂੰਨ 'ਹਥਿਆਰਬੰਦ ਤਾਕਤਾਂ ਵਿਸ਼ੇਸ਼ ਅਧਿਕਾਰ ਕਾਨੂੰਨ (ਏ. ਐੱਫ. ਐੱਸ. ਪੀ. ਏ) ਕਸ਼ਮੀਰ 'ਚ ਲਾਗੂ ਹੈ। ਜਿਸ ਤਹਿਤ ਭਾਰਤੀ ਫੌਜ ਅੰਨ੍ਹੀਆਂ ਤਾਕਤਾਂ ਨਾਲ਼ ਲੈਸ ਹੈ। ਹੁਣ ਤੱਕ ਹਜ਼ਾਰਾਂ ਕਸ਼ਮੀਰੀ ਨੌਜਵਾਨ ਮਾਰੇ ਜਾ ਚੁੱਕੇ ਹਨ। ਹਜ਼ਾਰਾਂ ਕਸ਼ਮੀਰੀ ਔਰਤਾਂ ਨਾਲ਼ ਭਾਰਤੀ ਸਿਪਾਹੀਆਂ ਵੱਲੋਂ ਬਲਾਤਕਾਰ ਕੀਤੇ ਗਏ ਹਨ। ਕਸ਼ਮੀਰੀਆਂ 'ਤੇ ਭਾਰਤੀ ਹਕੂਮਤ ਦਾ ਵਰਤਮਾਨ ਜ਼ਬਰ ਇਸੇ ਅਰੁੱਕ ਸਿਲਸਿਲੇ ਦਾ ਅੰਗ ਹੈ।

ਪਰ ਜਿੱਥੇ ਜ਼ਬਰ ਹੈ ਉੱਥੇ ਟਾਕਰਾ ਹੈ। ਇਹ ਇੱਕ ਵਿਗਿਆਨਕ ਨਿਯਮ ਹੈ। ਪਿਛਲੇ 6 ਦਹਾਕਿਆਂ ਵਿੱਚ ਭਾਰਤੀ ਹਕੂਮਤ ਵੱਲੋਂ ਕਸ਼ਮੀਰੀਆਂ 'ਤੇ ਢਾਹੇ ਅਕਿਹ ਅਤੇ ਅਸਹਿ ਜ਼ਬਰ ਦੇ ਬਾਵਜੂਦ ਵੀ ਨਾ ਤਾਂ ਕਸ਼ਮੀਰੀਆਂ ਦਾ ਭਾਰਤੀ ਹਕੂਮਤ ਦੇ ਜ਼ਬਰ ਵਿਰੁੱਧ ਸੰਘਰਸ਼ਾਂ, ਬਗਾਵਤਾਂ ਦਾ ਸਿਲਸਿਲਾ ਹੀ ਰੁਕਿਆ ਤੇ ਨਾ ਹੀ ਕਸ਼ਮੀਰੀਆਂ ਦੀ ਆਜ਼ਾਦੀ ਦੀ ਉਮੰਗ ਖ਼ਤਮ ਹੋਈ ਹੈ। ਬਹੁਤ ਸਾਰੇ ਉਤਾਰ-ਚੜ੍ਹਾਵਾਂ, ਘਾਟਾਂ, ਕਮਜ਼ੋਰੀਆਂ, ਭਟਕਾਵਾਂ ਨਾਲ਼ ਜੂਝਦੇ ਹੋਏ ਕਸ਼ਮੀਰੀ ਲੋਕਾਂ ਦੀ ਜੰਗੇ ਆਜ਼ਾਦੀ ਆਪਣੇ ਵਰਤਮਾਨ ਪੜਾਅ ਵਿੱਚ ਪਹੁੰਚੀ ਹੈ। ਅੱਜ ਫੇਰ ਕਸ਼ਮੀਰ ਦੇ ਬੱਚੇ, ਬੁੱਢੇ, ਨੌਜਵਾਨ, ਔਰਤਾਂ ਸਭ ਸੜਕਾਂ 'ਤੇ ਹਨ। ਉਹ ਨਿਹੱਥੇ ਭਾਰਤੀ ਹਥਿਆਰਬੰਦ ਫੌਜਾਂ ਨਾਲ਼ ਜੂਝ ਰਹੇ ਹਨ। ਇਹ ਇੱਕ ਬਹੁਤ ਹੀ ਬੇਮੇਚੀ ਟੱਕਰ ਹੈ। ਪਰ ਇਸ ਦੇ ਬਾਵਜੂਦ ਵੀ ਕਸ਼ਮੀਰੀ ਜੂਝ ਰਹੇ ਹਨ।

ਭਾਰਤੀ ਮੀਡੀਏ ਦਾ ਇੱਕ ਹਿੱਸਾ ਕਸ਼ਮੀਰੀ ਲੋਕਾਂ ਦੀ ਜੰਗੇ ਆਜ਼ਾਦੀ ਦੀ ਵਰਤਮਾਨ ਲਹਿਰ ਨੂੰ ਪਾਕਿਸਤਾਨ ਅਤੇ ਉੱਥੇ ਬੈਠੀਆਂ ਧਾਰਮਿਕ ਜਨੂੰਨੀ ਜੱਥੇਬੰਦੀਆਂ ਲਸ਼ਕਰ-ਏ-ਤਇਬਾ ਆਦਿ ਦੀ ਸਾਜ਼ਿਸ਼ ਦਸ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਜੇਕਰ ਕਸ਼ਮੀਰੀ ਲੋਕਾਂ ਦੀ ਵਰਤਮਾਨ ਲਹਿਰ ਪਿੱਛੇ ਲਸ਼ਕਰ ਜੇਹੀ ਧਾਰਮਿਕ ਜਨੂੰਨੀ ਫਾਸੀਵਾਦੀ ਜੱਥੇਬੰਦੀ ਦਾ ਹੱਥ ਹੁੰਦਾ ਤਾਂ ਸੜਕਾਂ 'ਤੇ ਭਾਰਤੀ ਹਥਿਆਰਬੰਦ ਦਸਤਿਆਂ ਨਾਲ਼ ਟੱਕਰ ਲੈ ਰਹੇ ਕਸ਼ਮੀਰੀਆਂ ਦੇ ਹੱਥ ਵਿੱਚ ਪੱਥਰ ਦੀ ਥਾਂ ਏ. ਕੇ. 47 ਹੋਣੀ ਸੀ। ਭਾਰਤੀ ਫੌਜਾਂ 'ਤੇ ਪੱਥਰ ਸੁੱਟਣ ਵਾਲਾ ਕਸ਼ਮੀਰੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਸਿਰ 'ਤੇ ਹੈਟ ਅਤੇ ਹੱਥ ਵਿੱਚ ਢਾਲ ਫੜੀ ਖੜੇ ਭਾਰਤੀ ਫੌਜੀ ਦਾ ਉਸ ਦੇ ਪੱਥਰ ਨੇ ਕੁਝ ਨਹੀਂ ਵਿਗਾੜ ਸਕਣਾ, ਪਰ ਉਸ ਫੌਜੀ ਵੱਲੋਂ ਦਾਗੀ ਗੋਲ਼ੀ ਨੇ ਉਸਦਾ ਕੁਝ ਨਹੀਂ ਛੱਡਣਾ।

ਪਰ ਇਸ ਬੇਹੱਦ ਬੇਮੇਚੀ ਟੱਕਰ ਦੀ ਪਰਵਾਹ ਕੀਤੇ ਬਿਨਾਂ ਕਸ਼ਮੀਰੀ ਜੂਝ ਰਹੇ ਹਨ। ਇਹ ਕਸ਼ਮੀਰੀਆਂ ਅੰਦਰ ਆਜ਼ਾਦੀ ਦਾ ਲਟ-ਲਟ ਬਲ਼ਦਾ ਜਜ਼ਬਾ ਹੀ ਹੈ ਜੋ ਉਹਨਾਂ ਨੂੰ ਮੌਤ ਨਾਲ਼ ਕਲੋਲਾਂ ਕਰਨ ਲਈ ਪ੍ਰੇਰ ਰਿਹਾ ਹੈ।

ਰਹੀ ਗੱਲ ਪਾਕਿਸਤਾਨ ਦੀ। ਪਾਕਿਸਤਾਨ ਵੀ ਕਸ਼ਮੀਰੀ ਲੋਕਾਂ ਦੀ ਆਜ਼ਾਦੀ ਦਾ ਭਾਰਤ ਜੇਡਾ ਹੀ ਦੁਸ਼ਮਣ ਹੈ। ਉਹ ਕਸ਼ਮੀਰੀ ਲੋਕਾਂ ਦੀ ਆਜ਼ਾਦੀ ਨਹੀਂ ਚਾਹੁੰਦਾ, ਸਗੋਂ ਉਸ ਨੂੰ ਹੜੱਪ ਜਾਣਾ ਚਾਹੁੰਦਾ ਹੈ ਅਤੇ ਕਸ਼ਮੀਰ ਦੇ ਅੱਛੇ ਖਾਸੇ ਹਿੱਸੇ 'ਤੇ ਉਹ ਪਹਿਲਾਂ ਹੀ ਕਬਜ਼ਾ ਕਰੀ ਵੀ ਬੈਠਾ ਹੈ। ਦਰਅਸਲ ਭਾਰਤ ਅਤੇ ਪਾਕਿਸਤਾਨ ਦੋਹਾਂ ਨੇ ਕਸ਼ਮੀਰੀ ਲੋਕਾਂ ਦੀ ਇੱਛਾ ਦੇ ਵਿਰੁੱਧ ਕਸ਼ਮੀਰ ਉੱਪਰ ਨਜ਼ਾਇਜ ਕਬਜ਼ਾ ਕੀਤਾ ਹੋਇਆ ਹੈ। ਕਸ਼ਮੀਰ ਨੂੰ ਭਾਰਤੀ ਅਤੇ ਪਾਕਿਸਤਾਨ ਹਾਕਮ ਦੋਵੇਂ ਹੀ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਸਮਝਦੇ ਹਨ। ਕਸ਼ਮੀਰ ਦੁਨੀਆਂ ਦੀਆਂ ਸਭ ਤੋਂ ਹੁਸੀਨ ਵਾਦੀਆਂ ਵਿੱਚੋਂ ਇੱਕ, ਸੰਸਾਰ ਭਰ ਦੇ ਸੈਲਾਨੀਆਂ ਦੀ ਪਸੰਦੀਦਾ ਥਾਂ ਹੈ ਤੇ ਸੈਲਾਨੀ ਆਪਣੇ ਨਾਲ਼ ਵਿਦੇਸ਼ੀ (ਹਾਰਡ) ਕਰੰਸੀ ਵੀ ਲੈ ਕੇ ਆਉਂਦੇ ਹਨ। ਕਸ਼ਮੀਰ ਹਾਰਡ ਕਰੰਸੀ ਹਾਸਲ ਕਰਨ ਦਾ ਇੱਕ ਵੱਡਾ ਜ਼ਰੀਆ ਬਣ ਸਕਦਾ ਹੈ। ਇਸ ਲਈ ਭਾਰਤੀ ਅਤੇ ਪਾਕਿਸਤਾਨੀ ਹਾਕਮ ਇਸ ਨੂੰ ਹੜੱਪ ਜਾਣਾ ਚਾਹੁੰਦੇ ਹਨ। ਅਤੇ ਲੁਟੇਰੇ ਹਾਕਮਾਂ ਦੀ ਮੁਨਾਫੇ ਦੀ ਇਸ ਹਵਸ ਦਾ ਸ਼ਿਕਾਰ ਹੋ ਰਹੇ ਹਨ ਕਸ਼ਮੀਰੀ ਲੋਕ। ਇਸ ਲਈ ਕਸ਼ਮੀਰੀ ਲੋਕ ਇਹਨਾਂ ਦੋਹਾਂ ਮੁਲਕਾਂ ਤੋਂ ਆਜ਼ਾਦ ਆਪਣਾ ਵਤਨ ਵੇਖਣਾ ਚਾਹੁੰਦੇ ਹਨ। ਆਜ਼ਾਦੀ ਦੀ ਇਸੇ ਉਮੰਗ ਲਈ ਉਹ ਪਿਛਲੇ ਛੇ ਦਹਾਕਿਆਂ ਤੋਂ ਲੜ ਰਹੇ ਹਨ।

ਅੱਜ ਹਰ ਇਨਸਾਫ਼ ਪਸੰਦ ਨਾਗਰਿਕ ਦਾ ਇਹ ਫਰਜ਼ ਬਣਦਾ ਹੈ ਕਿ ਭਾਰਤ ਅਤੇ ਪਾਕਿਸਤਾਨ (ਵਰਤਮਾਨ ਸਮੇਂ 'ਚ ਖਾਸ ਕਰਕੇ ਭਾਰਤ) ਦੋਹਾਂ ਦੇਸ਼ਾਂ ਦੇ ਹਾਕਮਾ ਵੱਲੋਂ ਕਸ਼ਮੀਰੀਆਂ ਦੇ ਕੀਤੇ ਜਾ ਰਹੇ ਘਾਣ ਵਿਰੁੱਧ ਆਵਾਜ਼ ਬੁਲੰਦ ਕਰੇ ਅਤੇ ਕਸ਼ਮੀਰੀ ਲੋਕਾਂ ਦੇ ਹੱਕੀ ਸੰਘਰਸ਼ ਦੀ ਡਟਵੀਂ ਹਮਾਇਤ ਕਰੇ। ਇਹ ਮੰਗ ਕੀਤੀ ਜਾਣੀ ਚਾਹੀਦੀ ਹੈ ਕਿ ਭਾਰਤ ਅਤੇ ਪਾਕਿਸਤਾਨ, ਦੋਵਾਂ ਦੇਸ਼ਾਂ ਦੇ ਹਾਕਮ ਆਪਣੀਆਂ ਫੌਜਾਂ ਕਸ਼ਮੀਰ 'ਚੋਂ ਵਾਪਸ ਬੁਲਾਉਣ ਅਤੇ ਕਿਸੇ ਕੌਮਾਂਤਰੀ ਏਜੰਸੀ ਦੀ ਦੇਖ-ਰੇਖ ਵਿੱਚ ਕਸ਼ਮੀਰ ਵਿੱਚ ਜਨਮਤ ਸੰਗ੍ਰਹਿ ਕਰਵਾਇਆ ਜਾਵੇ। ਕਸ਼ਮੀਰੀ ਲੋਕਾਂ ਨੂੰ ਇਹ ਤੈਅ ਕਰਨ ਦਾ ਹੱਕ ਦਿੱਤਾ ਜਾਵੇ ਕਿ ਭਾਰਤ ਨਾਲ਼ ਰਹਿਣਾ ਚਾਹੁੰਦੇ ਹਨ ਜਾਂ ਪਾਕਿਸਤਾਨ ਨਾਲ਼ ਅਤੇ ਜਾਂ ਆਪਣਾ ਆਜ਼ਾਦ ਦੇਸ਼ ਬਣਾਉਣਾ ਚਾਹੁੰਦੇ ਹਨ। ਕਸ਼ਮੀਰੀ ਲੋਕਾਂ ਨੂੰ ਆਪਣੀ ਹੋਣੀ ਦਾ ਆਪ ਫੈਸਲਾ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਇਹੋ ਕਸ਼ਮੀਰ ਮਸਲੇ ਦਾ ਇੱਕੋ ਇੱਕ ਹੱਲ ਹੈ। ਕਸ਼ਮੀਰੀ ਲੋਕ ਨਾ ਤਾਂ ਇਸ ਤੋਂ ਕੁਝ ਵੱਧ ਚਾਹੁੰਦੇ ਹਨ ਅਤੇ ਨਾ ਹੀ ਘੱਟ।

'ਵਿਕੀ ਲੀਕਸ' - ਸ਼ਰੇਆਮ ਹੋਏ ਸਾਮਰਾਜੀ ਕਰਤੂਤਾਂ ਦੇ ਕੱਚੇ ਚਿੱਠੇ

ਡਾ. ਅੰਮ੍ਰਿਤ

ਅਮਰੀਕੀ ਸਾਮਰਾਜੀ ਲਠੈਤਾਂ ਨੇ ਆਪਣੇ 'ਸਾਥੀ' ਦੇਸ਼ਾਂ ਦੀਆਂ ਫੌਜਾਂ ਨਾਲ਼ 'ਦਹਿਸ਼ਤਗਰਦੀ ਦੇ ਖ਼ਿਲਾਫ਼ ਜੰਗ' ਦੇ ਨਾਂ ਹੇਠ 2001 ਤੋਂ ਅਫ਼ਗਾਨਿਸਤਾਨ 'ਤੇ ਕਬਜ਼ਾ ਜਮਾ ਰੱਖਿਆ ਹੈ ਅਤੇ ਦਿਖਾਵੇ ਲਈ ਹਾਮਿਦ ਕਰਜ਼ਈ ਦੀ ਅਗਵਾਈ ਹੇਠ ਕਠਪੁਤਲੀ 'ਜਮਹੂਰੀ' ਹਕੂਮਤ ਸਥਾਪਤ ਕਰ ਰੱਖੀ ਹੈ। ਆਪਣੇ ਕੌਮਾਂਤਰੀ ਯੁੱਧਨੀਤਕ ਤੇ ਰਾਜਨੀਤਕ ਮੰਤਵਾਂ ਨੂੰ ਮੂਹਰੇ ਰੱਖ ਕੇ ਲੜੀ ਜਾ ਰਹੀ ਇਸ ਜੰਗ ਨੂੰ ਸਹੀ ਠਹਿਰਾਉਣ ਲਈ ਅਮਰੀਕਾ ਤੇ ਉਸਦੇ ਪਿੱਠੂ ਤਰ੍ਹਾਂ ਤਰ੍ਹਾਂ ਦੇ ਤਰਕ ਦਿੰਦੇ ਰਹਿੰਦੇ ਹਨ; ਮਸਲਨ ਅਫ਼ਗਾਨਿਸਤਾਨ ਦੇ ਸ਼ਹਿਰੀਆਂ ਦੀ ਰਾਖੀ ਲਈ, ਔਰਤਾਂ ਦੀ ਮੁਕਤੀ ਲਈ, ਦੁਨੀਆਂ ਨੂੰ ਦਹਿਸ਼ਤਗਰਦੀ ਤੋਂ ਬਚਾਉਣ ਲਈ ਆਦਿ ਆਦਿ। ਪਰ ਅਫ਼ਗਾਨਿਸਤਾਨ ਦੇ ਲੋਕਾਂ 'ਤੇ ਅਮਰੀਕੀ ਫੌਜ ਦੇ ਜ਼ੁਲਮਾਂ ਦੀ ਕਹਾਣੀ ਤੇ ਆਮ ਨਾਗਰਿਕਾਂ ਦੀ ਜ਼ਿੰਦਗੀ ਦੀ ਕੋਈ ਕੀਮਤ ਨਾ ਸਮਝਣ ਦੀਆਂ ਰਿਪੋਰਟਾਂ ਸਮੇਂ ਸਮੇਂ 'ਤੇ ਅਖ਼ਬਾਰਾਂ/ ਮੀਡੀਆ ਵਿੱਚ ਨਸ਼ਰ ਹੁੰਦੀਆਂ ਰਹਿੰਦੀਆਂ ਹਨ ਜਿਸ ਤੋਂ ਅਮਰੀਕਾ ਤੇ ਨਾਟੋ ਮੁਲਕ ਜਾਂ ਤਾਂ ਮੁਕਰ ਜਾਂਦੇ ਹਨ ਜਾਂ ਪੱਛਮੀ ਮੀਡੀਏ ਰਾਹੀਂ ਪ੍ਰਾਪੇਗੰਡਾ ਕਰਕੇ ਦਬਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਹੁਣੇ ਹੁਣੇ ਇੱਕ ਇੰਟਰਨੈੱਟ ਵੈੱਬਸਾਈਟ 'ਵਿਕੀ ਲੀਕਸ' (Wikileaks) ਨੇ ਇਹਨਾਂ ਝੂਠਾਂ ਦਾ ਘੜਾ ਚੁਰਾਹੇ 'ਚ ਭੰਨ੍ਹ ਦਿੱਤਾ ਹੈ।

'ਵਿਕੀ ਲੀਕਸ' ਕੀ ਹੈ?

'ਵਿਕੀ ਲੀਕਸ' ਇੱਕ ਕੌਮਾਂਤਰੀ ਸੰਸਥਾ ਹੈ ਜਿਹੜੀ ਅਜਿਹੇ ਦਸਤਾਵੇਜ਼ ਇੰਟਰਨੈੱਟ 'ਤੇ ਉਪਲਬੱਧ ਕਰਵਾਉਂਦੀ ਹੈ ਜੋ ਕਿਸੇ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੁੰਦੇ ਹਨ। ਇਸ ਵਾਰ ਇਸ ਸੰਸਥਾ ਨੇ ਅਮਰੀਕੀ ਤੇ ਨਾਟੋ ਫੌਜਾਂ ਦੇ ਅਫ਼ਗਾਨਿਸਤਾਨ ਜੰਗ ਨਾਲ਼ ਸਬੰਧਤ ਲਗਭਗ 90,000 ਤੋਂ ਵੱਧ ਗੁਪਤ ਦਸਤਾਵੇਜ਼ ਇੰਟਰਨੈੱਟ 'ਤੇ ਪਾਏ ਹਨ ਅਤੇ ਨਾਲ਼ ਦੀ ਨਾਲ਼ ਕਈ ਉੱਘੀਆਂ ਅਖ਼ਬਾਰਾਂ ਨੂੰ ਵੀ ਉਪਲਬਧ ਕਰਵਾਏ ਹਨ। ਜੁਲਾਈ ਵਿੱਚ ਇਹਨਾਂ ਦਸਤਾਵੇਜ਼ਾਂ ਦੇ ਜਨਤਕ ਹੋਣ ਨਾਲ਼ ਅਮਰੀਕੀ ਸਰਕਾਰੀ ਤੇ ਮਿਲਟਰੀ ਹਲਕਿਆਂ ਵਿੱਚ ਤਰਥੱਲੀ ਮੱਚ ਗਈ ਕਿਉਂਕਿ ਇਸ ਨੇ ਅਮਰੀਕੀ ਤੇ ਨਾਟੋ ਫੌਜਾਂ ਦੁਆਰਾ ਆਮ ਅਫ਼ਗਾਨੀ ਲੋਕਾਂ ਦੀਆਂ ਕੀਤੀਆਂ ਜਾ ਰਹੀਆਂ ਹੱਤਿਆਵਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਇਹਨਾਂ ਹੱਤਿਆਵਾਂ ਦੇ ਸੱਚ ਤੋਂ ਅਮਰੀਕੀ ਤੇ ਨਾਟੋ ਫੌਜਾਂ ਦੇ ਅਧਿਕਾਰੀ ਆਨੀ-ਬਹਾਨੀ ਬਚਦੇ ਰਹੇ ਹਨ ਤੇ ਸਬੰਧਤ ਸਰਕਾਰਾਂ ਵੀ ਮਿਲਟਰੀ ਅਧਿਕਾਰੀਆਂ ਦੀ ਹਾਂ ਵਿੱਚ ਹਾਂ ਮਿਲਾਉਂਦੇ ਹੋਏ ਉਹਨਾਂ ਨੂੰ ਹੱਲਾਸ਼ੇਰੀ ਦਿੰਦੀਆਂ ਰਹਿੰਦੀਆਂ ਹਨ। ਪਰ ਇਹਨਾਂ ਲੀਕ ਹੋਏ ਦਸਤਾਵੇਜ਼ਾਂ ਨੇ ਉਹਨਾਂ ਦੇ ਮੂੰਹ 'ਤੇ ਕਰਾਰੀ ਚਪੇੜ ਮਾਰੀ ਹੈ।

'ਵਿਕੀ ਲੀਕਸ' ਵਿੱਚ ਕੀ ਹੈ?

'ਵਿਕੀ ਲੀਕਸ' ਦੁਆਰਾ ਜਨਤਕ ਕੀਤੇ ਗੁਪਤ ਫੌਜੀ ਦਸਤਾਵੇਜ਼ ਮੁੱਖ ਤੌਰ 'ਤੇ ਫੌਜ ਦੁਆਰਾ ਹੀ ਲਿਖੀਆਂ ਗਈਆਂ ਰਿਪੋਰਟਾਂ ਹਨ ਜੋ ਆਪਣੇ ਤੌਰ 'ਤੇ ਹਰ ਘਟਨਾ ਬਾਅਦ ਤਿਆਰ ਕੀਤੀਆਂ ਜਾਂਦੀਆਂ ਹਨ ਜਾਂ ਕਿਸੇ ਘਟਨਾ ਵਿੱਚ ਸ਼ਾਮਿਲ ਫੌਜੀਆਂ ਦੁਆਰਾ ਰਿਕਾਰਡ ਲਈ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਲਈ ਸੰਭਵ ਹੈ ਕਿ ਅਮਰੀਕੀ ਤੇ ਨਾਟੋ ਫੌਜਾਂ ਨੇ ਸੱਚਾਈ ਕਾਫ਼ੀ ਹੱਦ ਤੱਕ ਲੁਕਾ ਕੇ ਰੱਖੀ ਹੋਣੀ ਹੈ ਪਰ ਫਿਰ ਵੀ ਇਹਨਾਂ ਰਿਪੋਰਟਾਂ ਵਿੱਚ ਰੋਜ਼ ਹੁੰਦੀਆਂ ਲੋਕਾਂ ਦੀਆਂ ਹੱਤਿਆਵਾਂ ਸਬੰਧੀ ਕਾਫ਼ੀ ਜਾਣਕਾਰੀਆਂ ਦਰਜ ਹਨ। 'ਵਿਕੀ ਲੀਕਸ' ਨੂੰ ਚਲਾਉਣ ਵਾਲੇ ਮੁੱਖ ਸੰਪਾਦਕ, 'ਜੂਲੀਅਨ ਅਸੈਂਜ' ਨੇ ਬੀ. ਬੀ. ਸੀ. ਨੂੰ ਦੱਸਿਆ "ਅਫ਼ਗਾਨਿਸਤਾਨ ਵਿੱਚ ਹੋਈਆਂ 20,000 ਮੌਤਾਂ ਨੂੰ ਇਹਨਾਂ ਦਸਤਾਵੇਜ਼ਾਂ ਨੇ ਜੱਗ ਜ਼ਾਹਿਰ ਕੀਤਾ ਹੈ।"

ਵਿਕੀ ਲੀਕਸ ਦਸਤਾਵੇਜ਼ਾਂ ਵਿੱਚ ਫੌਜੀ ਭਾਸ਼ਾ ਵਿੱਚ 'ਚਿੱਟੇ ਉੱਤੇ ਨੀਲੇ' ਪੋਚੇ ਫੇਰੀਆਂ ਗਈਆਂ ਘਟਨਾਵਾਂ ਦੀਆਂ ਰਿਪੋਰਟਾਂ ਵੀ ਸ਼ਾਮਿਲ ਹਨ ਜਿਹਨਾਂ ਵਿੱਚ ਫੌਜੀ ਆਮ ਸ਼ਹਿਰੀਆਂ ਨੂੰ ਮਾਰ ਦਿੰਦੇ ਹਨ ਜਾਂ ਜ਼ਖ਼ਮੀ ਕਰ ਦਿੰਦੇ ਹਨ।

➢ 4 ਮਾਰਚ, 2007 ਵਿੱਚ ਜਲਾਲਾਬਾਦ ਦੇ ਨੇੜੇ ਅਮਰੀਕੀ ਫੌਜੀ ਕਾਫਲੇ ਵਿੱਚ ਵਿਸਫੋਟਕਾਂ ਦੀ ਭਰੀ ਇੱਕ ਮਿੰਨੀ ਵੈਨ ਨੇ ਟੱਕਰ ਮਾਰ ਦਿੱਤੀ। ਇਸ 'ਤੇ ਅਮਰੀਕੀ ਫੌਜੀਆਂ ਨੇ ਜਲਾਲਾਬਾਦ ਵਾਪਸੀ ਤੱਕ ਦੇ ਛੇ ਮੀਲ ਦੇ ਰਸਤੇ ਵਿੱਚ ਅੰਨ੍ਹੇਵਾਹ ਗੋਲ਼ੀਆਂ ਚਲਾਈਆਂ, ਉਹਨਾਂ ਨੇ ਹਰ ਉਸ ਆਦਮੀ ਨੂੰ ਨਿਸ਼ਾਨਾ ਬਣਾਇਆ ਜੋ ਉਹਨਾਂ ਨੂੰ ਦਿਖਾਈ ਦਿੱਤਾ। ਸਿੱਟੇ ਵਜੋਂ 19 ਵਿਅਕਤੀ ਮਾਰੇ ਗਏ ਤੇ 50 ਜਖ਼ਮੀ ਹੋਏ ਜਿਹਨਾਂ ਵਿੱਚ 16 ਸਾਲ ਦੀ ਘਾਹ ਕੁਟਦੀ ਕੁੜੀ ਤੋਂ ਲੈ ਕੇ ਸਫਰ ਕਰਨ ਜਾ ਰਹੇ 75 ਸਾਲ ਦੇ ਬਜ਼ੁਰਗ ਤੱਕ ਦੇ ਲੋਕ ਸ਼ਾਮਿਲ ਸਨ। ਫੌਜ ਨੇ ਘਟਨਾ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਮੌਕੇ 'ਤੇ ਪੁੱਜੇ ਪੱਤਰਕਾਰਾਂ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਫੌਜ ਦੇ ਖ਼ਿਲਾਫ਼ ਅਫ਼ਗਾਨ ਲੋਕਾਂ ਦਾ ਗੁੱਸਾ ਭੜਕ ਉੱਠਿਆ ਤੇ ਉਹਨਾਂ ਨੇ ਕਈ ਦਿਨਾਂ ਤੱਕ ਜਲਾਲਾਬਾਦ ਸ਼ਹਿਰ ਵਿੱਚ ਮੁਜ਼ਾਹਰੇ ਕੀਤੇ। ਇਸ ਦੌਰਾਨ ਇਲਾਕੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਅਮਰੀਕੀ ਫੌਜੀਆਂ ਨੂੰ ਛਾਉਣੀ ਅੰਦਰ ਹੀ ਰਹਿਣ ਲਈ ਕਹਿਣਾ ਪਿਆ। ਕਿਸੇ ਵੀ ਜ਼ਿੰਮੇਵਾਰ ਫੌਜੀ ਜਾਂ ਅਧਿਕਾਰੀ ਖ਼ਿਲਾਫ਼ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਤੇ ਨਾ ਹੀ ਕਿਸੇ ਦੀ ਕੋਈ ਸੁਣਵਾਈ ਹੋਈ।

➢ ਇੱਕ 'ਟਾਸਕ ਫੋਰਸ 373' ਨਾਂ ਦੀ ਸਪੈਸ਼ਲ 'ਬਲੈਕ' ਯੂਨਿਟ ਵਰਤੀ ਜਾ ਰਹੀ ਹੈ ਜਿਸ ਦਾ ਕੰਮ ਹਿੱਟ-ਲਿਸਟ 'ਤੇ ਆਏ ਵਿਅਕਤੀਆਂ ਨੂੰ ਮਾਰਨਾ ਜਾਂ ਬਿਨਾਂ ਕਿਸੇ ਸੁਣਵਾਈ ਦੇ ਕੈਦ ਕਰਕੇ ਰੱਖਣਾ ਹੈ। (ਇਸ ਟਾਸਕ ਫੋਰਸ ਦਾ ਭੇਤ ਵੀ 'ਵਿਕੀ ਲੀਕਸ' ਨੇ ਹੀ ਖੋਲ੍ਹਿਆ ਹੈ) ਅਕਤੂਬਰ, 2007 ਵਿੱਚ ਇਸ ਟਾਸਕ ਫੋਰਸ ਨੇ 'ਲਾਸਵਾਂਡੇ' ਨਾਂ ਦੇ ਪਿੰਡ ਵਿਚਲੇ ਇੱਕ ਘਰ 'ਤੇ 500 ਪਾਉਂਡ ਦਾ ਬੰਬ ਸੁੱਟਿਆ ਕਿਉਂਕਿ ਉੱਥੇ ਇਹਨਾਂ

ਨੂੰ ਤਾਲਿਬਾਨ ਲੜਾਕੇ ਛੁਪੇ ਹੋਣ ਦਾ ਸ਼ੱਕ ਸੀ। ਟਾਸਕ ਫੋਰਸ ਦੀ ਰਿਪੋਰਟ ਵਿੱਚ ਲਿਖਿਆ ਹੈ, "12 ਅਮਰੀਕੀ ਜ਼ਖ਼ਮੀ, ਦੋ ਛੋਟੀਆਂ ਕੁੜੀਆਂ ਤੇ 10 ਸਾਲ ਦਾ ਲੜਕਾ ਜ਼ਖ਼ਮੀ, ਇੱਕ ਕੁੜੀ ਮਾਰੀ ਗਈ, ਇੱਕ ਔਰਤ ਮਾਰੀ ਗਈ, ਚਾਰ ਆਮ ਲੋਕ ਮਾਰੇ ਗਏ, ਇੱਕ ਗਧਾ ਤੇ ਇੱਕ ਕੁੱਤਾ ਮਾਰਿਆ ਗਿਆ, ਬਹੁਤ ਸਾਰੇ ਮੁਰਗੇ ਮਾਰੇ ਗਏ, ਕੋਈ ਦੁਸ਼ਮਣ ਨਾ ਤਾਂ ਮਾਰਿਆ ਗਿਆ, ਨਾ ਹੀ ਜ਼ਖ਼ਮੀ ਹੋਇਆ ਤੇ ਨਾ ਹੀ ਫੜਿਆ ਗਿਆ।" ਪਰ ਅਮਰੀਕੀ ਗੱਠਜੋੜ ਨੇ ਜੋ ਬਿਆਨ ਜਾਰੀ ਕੀਤਾ, ਉਸ ਅਨੁਸਾਰ ਸੱਤ ਦਹਿਸ਼ਤਗਰਦ ਮਾਰੇ ਗਏ ਤੇ ਸਿਵਲੀਅਨ ਮੌਤਾਂ ਦਾ ਕੋਈ ਜ਼ਿਕਰ ਨਾ ਕੀਤਾ ਗਿਆ। ਇਸੇ ਪਿੰਡ ਦੇ ਲਾਗੇ ਹੀ, ਚਾਰ ਮਹੀਨੇ ਪਹਿਲਾਂ ਟਾਸਕ ਫੋਰਸ ਹੱਥੋਂ ਸੱਤ ਬੱਚੇ ਵੀ ਮਾਰੇ ਗਏ ਸਨ।

➢ 16 ਅਗਸਤ, 2007 ਨੂੰ ਪੋਲੈਂਡ ਦੇ ਫੌਜੀਆਂ ਨੇ ਇੱਕ ਬਾਰੂੰਦੀ ਸੁਰੰਗ ਦੇ ਫੱਟਣ ਤੋਂ ਬਾਅਦ ਬਦਲਾ-ਲਊ ਕਾਰਵਾਈ ਕਰਦਿਆਂ ਨੰਗਰ ਖੇਲ ਪਿੰਡ ਵਿੱਚ ਵਿਆਹ ਦੀ ਪਾਰਟੀ ਲਈ ਇਕੱਠੇ ਹੋਏ ਆਮ ਲੋਕਾਂ 'ਤੇ ਮਾਰਟਰਾਂ ਨਾਲ਼ ਗੋਲਾਬਾਰੀ ਕੀਤੀ ਜਿਸ ਕਾਰਨ ਛੇ ਵਿਅਕਤੀ ਮਾਰੇ ਗਏ ਤੇ ਕਈ ਜ਼ਖ਼ਮੀ ਹੋਏ। ਅਮਰੀਕੀ ਫੌਜ ਨੇ ਇਸ ਜੰਗੀ ਅਪਰਾਧ ਨੂੰ ਜਲਦੀ ਬੁੱਝ ਲਿਆ ਤੇ ਪੋਲੈਂਡ ਦੇ 120 ਫੌਜੀਆਂ ਨੂੰ ਵਾਪਸ ਭਿਜਵਾ ਦਿੱਤਾ।

➢ ਇੱਕ ਹੋਰ ਰਿਪੋਰਟ ਅਨੁਸਾਰ ਫ਼ਰਾਂਸੀਸੀ ਫੌਜੀ ਟੁਕੜੀ ਨੇ 2 ਅਕਤੂਬਰ, 2008 ਨੂੰ ਕਾਬੁਲ ਨੇੜੇ ਬੱਚਿਆਂ ਦੀ ਭਰੀ ਬੱਸ 'ਤੇ ਗੋਲ਼ੀ ਚਲਾ ਦਿੱਤੀ ਕਿਉਂਕਿ "ਬੱਸ ਕਾਫਲੇ ਦੇ ਕੁਝ ਜ਼ਿਆਦਾ ਹੀ ਨੇੜੇ ਆ ਗਈ ਸੀ।" ਇਸ ਘਟਨਾ ਵਿੱਚ ਅੱਠ ਬੱਚੇ ਜ਼ਖ਼ਮੀ ਹੋ ਗਏ। ਇਸੇ ਤਰ੍ਹਾਂ ਹੀ ਦੋ ਮਹੀਨੇ ਬਾਅਦ ਅਮਰੀਕੀ ਟੁਕੜੀ ਨੇ ਇੱਕ ਹੋਰ ਬੱਸ 'ਤੇ ਗੋਲ਼ੀ ਚਲਾਈ ਤੇ ਕਈ ਮੁਸਾਫ਼ਰ ਮਾਰ ਦਿੱਤੇ।

➢ 9 ਸਤੰਬਰ, 2008 ਨੂੰ ਇੱਕ 'ਸਮਾਰਟ ਬੰਬ' ਇੱਕ ਪਿੰਡ 'ਤੇ ਜਾ ਡਿੱਗਿਆ ਜਿਸ ਕਾਰਨ 26 ਆਮ ਨਾਗਰਿਕ ਮਾਰੇ ਗਏ। ਉਸੇ ਸਮੇਂ ਘਟਨਾ ਸਬੰਧੀ ਜਾਣਕਾਰੀ ਜਨਤਕ ਹੋਣ 'ਤੇ 'ਸਿਸਟਮ ਫੇਲ੍ਹ' ਹੋਣ ਦਾ ਬਹਾਨਾ ਘੜਿਆ ਗਿਆ।

➢ ਇੱਕ ਹੋਰ ਘਟਨਾ ਵਿੱਚ, ਅਮਰੀਕੀ ਫੌਜ ਨੇ ਇੱਕ ਵੱਡੇ ਕੰਪਲੈਕਸ 'ਤੇ 2000 ਪਾਊਂਡ ਦੇ ਬੰਬ ਸੁੱਟੇ। ਅਮਰੀਕੀ ਰਿਪੋਰਟ ਅਨੁਸਾਰ 150 ਤਾਲਿਬਾਨੀ ਲੜਾਕੇ ਮਾਰੇ ਗਏ ਪਰ ਸਥਾਨਕ ਲੋਕਾਂ ਅਨੁਸਾਰ 300 ਆਮ ਲੋਕਾਂ ਦੀ ਜਾਨ ਜਾਂਦੀ ਰਹੀ।

➢ ਸਤੰਬਰ 2009 ਨੂੰ ਉੱਤਰੀ ਅਫ਼ਗਾਨਿਸਤਾਨ ਦੇ ਕੁੰਦੂਜ਼ ਇਲਾਕੇ ਵਿੱਚ ਦਰਿਆ ਵਿੱਚ ਫਸੇ ਦੋ ਟਰੱਕਾਂ ਦੇ ਦੁਆਲੇ ਇਕੱਠੀ ਹੋਈ ਭੀੜ 'ਤੇ 'ਇਹ ਪੱਕਾ ਕਰਕੇ ਕਿ ਕੋਈ ਵੀ ਆਮ ਨਾਗਰਿਕ ਨਹੀਂ ਹੈ' ਹਵਾਈ ਹਮਲਾ ਕੀਤਾ ਗਿਆ। ਮਿਲਟਰੀ ਰਿਪੋਰਟ ਅਨੁਸਾਰ 56 'ਦੁਸ਼ਮਣ' ਮਾਰੇ ਗਏ, ਪਰ ਬਾਅਦ ਦੀਆਂ ਮੀਡੀਆ ਤੇ ਅਧਿਕਾਰਕ ਪੜਤਾਲਾਂ ਤੋਂ ਪਤਾ ਚੱਲਿਆ ਕਿ 30-70 ਦੇ ਵਿਚਕਾਰ ਆਮ ਲੋਕ ਮਾਰੇ ਗਏ।

'ਵਿਕੀ ਲੀਕਸ' ਦੁਆਰਾ ਜਨਤਕ ਕੀਤੇ ਦਸਤਾਵੇਜ਼ਾਂ ਵਿੱਚ ਇਸ ਤਰ੍ਹਾਂ ਦੀਆਂ 144 ਘਟਨਾਵਾਂ ਦੇ ਵੇਰਵੇ ਦਰਜ ਹਨ ਜੋ ਸਾਫ਼ ਕਰਦੇ ਹਨ ਕਿ ਕਿਸ ਤਰ੍ਹਾਂ ਮੀਡੀਆ ਨੂੰ ਗਲਤ ਰਿਪੋਰਟਾਂ ਦਿੱਤੀਆਂ ਜਾਂਦੀਆਂ ਹਨ, ਘਟਨਾਵਾਂ 'ਤੇ ਮਿੱਟੀ ਪਾਉਣ ਲਈ ਕੀ ਕੁਝ ਕੀਤਾ ਜਾਂਦਾ ਹੈ ਅਤੇ ਕਿਸ ਤਰ੍ਹਾਂ ਸਪੈਸ਼ਲ ਫੌਜੀ ਟੁਕੜੀਆਂ ਬਣਾ ਕੇ ਗੈਰ-ਕਾਨੂੰਨੀ ਕੰਮਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ।

ਇਸ ਤੋਂ ਇਲਾਵਾ 'ਵਿਕੀ ਲੀਕਸ' ਵਿੱਚ ਕੁਝ ਇਹੋ ਜਿਹੇ ਦਸਤਾਵੇਜ਼ ਵੀ ਹਨ ਜਿਹਨਾਂ ਤੋਂ ਪਤਾ ਚੱਲਦਾ ਹੈ ਕਿ ਕਿਵੇਂ ਅਮਰੀਕੀ ਸਾਮਰਾਜੀ ਜੰਗ ਨੂੰ ਮਨੁੱਖਤਾ ਦਾ ਮਖੌਟਾ ਪਾਉਣ ਦੀ ਕੋਸ਼ਿਸ਼ਾਂ ਹੁੰਦੀਆਂ ਹਨ। ਇੱਕ ਥਾਂ ਲਿਖਿਆ ਗਿਆ ਹੈ, "ਅਫ਼ਗਾਨ ਔਰਤਾਂ ਤਾਲਿਬਾਨ ਖ਼ਿਲਾਫ਼ ਲੜਾਈ ਵਿੱਚ (ਕੌਮਾਂਤਰੀ ਸੁਰੱਖਿਆ ਫੌਜਾਂ) ਦੇ ਰੋਲ ਨੂੰ ਮਨੁੱਖਤਾਵਾਦੀ ਚਿਹਰਾ ਪਹਿਨਾਉਣ ਦੇ ਕੰਮ ਆ ਸਕਦੀਆਂ ਹਨ ਕਿਉਂਕਿ ਉਹ ਤਾਲਿਬਾਨ ਦੇ ਰਾਜ ਦੌਰਾਨ ਆਪਣੇ ਅਨੁਭਵਾਂ, ਭਵਿੱਖ ਦੀਆਂ ਆਸ਼ਾਵਾਂ ਤੇ ਤਾਲਿਬਾਨ ਦੀ ਜਿੱਤ ਦੇ ਡਰ ਬਾਰੇ ਵਿਅਕਤੀਗਤ ਤੌਰ 'ਤੇ ਅਤੇ ਸਪੱਸ਼ਟਤਾ ਨਾਲ਼ ਬੋਲ ਸਕਦੀਆਂ ਹਨ।" ਇਹੋ ਜਿਹੇ ਬਹਾਨੇ ਬੁਸ਼ ਸਰਕਾਰ ਦੇ ਸਮੇਂ ਵੀ ਸੱਜੇ-ਪੱਖੀਆਂ ਦੇ ਮਨ-ਭਾਉਂਦੇ ਤਰਕ ਰਹੇ ਹਨ ਤੇ ਉਬਾਮਾ ਦੇ ਸਮੇਂ ਵੀ ਅਤੇ 'ਟਾਈਮ' ਮੈਗਜ਼ੀਨ ਤੇ ਹੋਰ ਪੱਛਮੀ ਪ੍ਰਾਪੇਗੰਡਾ ਮੀਡੀਆ ਦੇ ਪੰਨਿਆਂ 'ਤੇ ਇਹੋ ਰਾਗ ਵੱਖ-ਵੱਖ ਸਮੇਂ 'ਤੇ ਅਲਾਪੇ ਜਾਂਦੇ ਰਹਿੰਦੇ ਹਨ।

ਜੰਗ ਦੇ ਕਮਾਂਡਰ-ਇਨ-ਚੀਫ ਦੀ ਪ੍ਰਤੀਕਿਰਿਆ

'ਵਿਕੀ ਲੀਕਸ' ਦੇ ਸੁਰਖੀਆਂ ਵਿੱਚ ਆਉਣ 'ਤੇ ਪਹਿਲਾਂ-ਪਹਿਲ 'ਵਾਈਟ ਹਾਊਸ' ਨੇ ਇਹ ਕਹਿ ਕੇ ਪਿੱਛਾ ਛੁਡਾਉਣਾ ਚਾਹਿਆ ਕਿ ਇਹ 'ਦਸਤਾਵੇਜ਼' ਜੰਗ ਦੀ ਹੁਣ ਦੀ ਅਸਲੀਅਤ ਨਹੀਂ ਦਰਸਾਉਂਦੇ ਕਿਉਂਕਿ ਇਹ ਸਿਰਫ਼ ਦਸੰਬਰ, 2009 ਤੱਕ ਦੀ ਕਵਰੇਜ ਕਰਦੇ ਹਨ ਅਤੇ ਦਸੰਬਰ, 2009 ਤੋਂ ਬਾਅਦ ਦੀ ਪ੍ਰਧਾਨ ਉਬਾਮਾ ਦੀ ਨਵੀਂ ਯੁੱਧਨੀਤੀ ਦੇ ਨਤੀਜੇ ਇਸ ਵਿੱਚ ਸਾਮਿਲ ਨਹੀਂ ਹਨ।

ਪਰ 'ਪ੍ਰਤੱਖ ਨੂੰ ਪ੍ਰਮਾਣ ਕੀ' – 26 ਜੁਲਾਈ, ਜਿਸ ਦਿਨ 'ਵਿਕੀ ਲੀਕਸ' ਦੀ ਖ਼ਬਰ ਆਈ, ਨੂੰ ਹੀ ਇੱਕ ਹੋਰ ਰਿਪੋਰਟ ਆ ਗਈ ਜਿਸ ਅਨੁਸਾਰ ਅਫ਼ਗਾਨਿਸਤਾਨ ਦੇ ਦੱਖਣੀ ਹੇਲਮੰਡ ਇਲਾਕੇ ਵਿੱਚ ਨਾਟੋ ਦੀ ਅਗਵਾਈ ਵਾਲੀ ਫੌਜ ਵੱਲੋਂ ਦਾਗੇ ਰਾਕਟਾਂ ਕਾਰਨ 45 ਆਮ ਨਾਗਰਿਕ ਮਾਰੇ ਗਏ। ਇਸ ਤਰ੍ਹਾਂ ਇੱਕ ਹੋਰ ਰਿਪੋਰਟ ਅਨੁਸਾਰ ਫਰਵਰੀ, 2010 ਦੇ ਮਹੀਨੇ ਦੌਰਾਨ 80-85 ਆਮ ਲੋਕ 'ਸੁਰੱਖਿਆ ਫੌਜ' ਹੱਥੋਂ ਮਾਰੇ ਗਏ, ਫਰਵਰੀ 2009 ਵਿੱਚ ਇਹ ਸੰਖਿਆ 50 ਸੀ।

ਜਦੋਂ ਅਮਰੀਕੀ ਸਰਕਾਰ ਨੇ ਦੇਖਿਆ ਕਿ ਇਸ ਤਰ੍ਹਾਂ ਦੇ ਲੰਗੜੇ ਚੂਚੇ ਕੋਈ ਵੀ ਖਰੀਦਣ ਲਈ ਤਿਆਰ ਨਹੀਂ ਤਾਂ ਉਸ ਨੇ ਆਪਣੀ ਸੁਰ ਨੂੰ ਬਦਲ ਲਿਆ ਅਤੇ 'ਵਿਕੀ ਲੀਕਸ' 'ਤੇ ਹਮਲੇ ਸ਼ੁਰੂ ਕਰ ਦਿੱਤੇ ਤੇ ਇਸ ਦੀ ਮਹੱਤਤਾ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਜਾਣ ਲੱਗੀ।

ਹੁਣ ਇਹਨਾਂ ਦਸਤਾਵੇਜ਼ਾਂ ਵਿੱਚ 'ਕੁਝ ਵੀ ਨਵਾਂ ਨਾ ਹੋਣਾ' (ਬਿਲਕੁਲ ਅਮਰੀਕੀ ਸਰਕਾਰ ਤੇ ਮਿਲਟਰੀ ਲਈ ਤਾਂ ਇਸ ਵਿੱਚ ਸੱਚਮੁੱਚ ਹੀ ਕੁਝ ਨਵਾਂ ਨਹੀਂ ਸੀ), 'ਕੌਮੀ ਸੁਰੱਖਿਆ

ਨੂੰ ਖ਼ਤਰੇ 'ਚ ਪਾਇਆ ਗਿਆ ਹੈ' ਜਾਂ ਫਿਰ 'ਇਹ ਤਾਂ ਪੁਰਾਣੀ ਖ਼ਬਰ ਹੈ' (ਜੇ ਕੋਈ ਪੁੱਛੇ ਕਿ ਜੇ ਪੁਰਾਣੀ ਖ਼ਬਰ ਹੈ ਤਾਂ ਦਸਤਾਵੇਜ਼ ਗੁਪਤ ਰੱਖਣ ਦੀ ਕੀ ਲੋੜ ਸੀ), ਇੱਥੋਂ ਤੱਕ ਕਿ 'ਵਿਕੀ ਲੀਕਸ' ਨੂੰ ਚਲਾਉਣ ਵਾਲਿਆ 'ਤੇ ਅਮਰੀਕੀ ਫੌਜੀਆਂ ਅਤੇ ਅਫ਼ਗਾਨ ਲੋਕਾਂ ਦੇ ਲਹੂ ਨਾਲ਼ ਹੱਥ ਰੰਗਣ ਦੇ ਬਿਨਾਂ ਸਿਰ ਪੈਰ ਵਾਲੇ ਦੋਸ਼ ਲਾਏ ਗਏ।

ਬੁਸ਼ ਹਕੂਮਤ ਦੇ ਭਾਸ਼ਣ ਲੇਖਕ ਤੇ ਤਸ਼ੱਦਦ ਦੇ ਹੱਕ ਵਿੱਚ ਪ੍ਰਚਾਰ ਕਰਨ ਵਾਲੇ ਮਾਰਨ ਥੀਸ਼ਨ ਜਿਹੇ ਲੋਕ ਤਾਂ ਸ਼ਰੇਆਮ ਧਮਕੀਆਂ ਦੇਣ ਤੱਕ ਚਲੇ ਗਏ, "ਅਸੈਂਜ (ਵਿਕੀ ਲੀਕਸ ਦਾ ਸੰਸਥਾਪਕ) ਅਮਰੀਕਾ ਤੋਂ ਬਾਹਰ ਰਹਿਣ ਵਾਲਾ ਗੈਰ-ਅਮਰੀਕੀ ਨਾਗਰਿਕ ਹੈ। ਇਸ ਦਾ ਮਤਲਬ ਸਰਕਾਰ ਕੋਲ ਉਸ ਨਾਲ਼ ਨਜਿੱਠਣ ਲਈ ਬਹੁਤ ਸਾਰੇ ਤਰੀਕੇ ਹਨ। ਇਹ ਕਾਨੂੰਨ ਤੋਂ ਇਲਾਵਾ ਖੁਫ਼ੀਆਂ ਤੰਤਰ ਤੇ ਫੌਜੀ ਵਸੀਲੇ ਵਰਤ ਕੇ ਉਸ ਦੇ ਅਪਰਾਧੀ ਗਿਰੋਹ ਨੂੰ ਠਿਕਾਣੇ ਲਗਾ ਸਕਦੀ ਹੈ।" ਉਸ ਅਨੁਸਾਰ ਤਾਂ ਅਸੈਂਜ ਨੂੰ ਕਿਸੇ ਵੀ ਤਰੀਕੇ ਨਾਲ਼ "ਅਗਵਾ ਕਰ ਲੈਣਾ ਚਾਹੀਦਾ ਹੈ" ਭਾਵੇਂ ਕਿ ਇਸ ਨਾਲ਼ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਵੀ ਹੁੰਦੀ ਹੋਵੇ।

ਇਹੋ ਜਿਹੀਆਂ ਕੋਸ਼ਿਸ਼ਾਂ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ। ਅਗਸਤ ਮਹੀਨੇ ਵਿੱਚ ਸਵੀਡਨ ਵਿੱਚ ਅਸੈਂਜ ਖਿਲਾਫ਼ ਬਲਾਤਕਾਰ ਤੇ ਔਰਤਾਂ ਨਾਲ਼ ਛੇੜਖਾਨੀ ਦੇ ਮਾਮਲੇ ਦਰਜ ਕੀਤੇ ਗਏ ਤੇ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ। ਪਰ ਸ਼ਾਮ ਤੱਕ ਹੀ ਬਲਾਤਕਾਰ ਦੇ ਮਾਮਲੇ ਵਾਪਸ ਲੈ ਲਏ ਗਏ। ਇਹੋ ਜਿਹੀਆਂ ਕਾਰਵਾਈਆਂ ਦਾ ਸ਼ੱਕ ਦੇ ਘੇਰੇ ਵਿੱਚ ਆਉਣਾ ਸੁਭਾਵਕ ਹੈ।

ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਵੇਂ 'ਵਿਕੀ ਲੀਕਸ' ਦੀ ਇਸ ਖੁਲਾਸੇ ਪਿੱਛੇ ਕੋਈ ਵੀ ਮਨਸ਼ਾ ਜਾਂ ਹਿੱਤ ਹੋਵੇ, ਪਰ ਲੀਕ ਹੋਏ ਇਹਨਾਂ ਦਸਤਾਵੇਜ਼ਾਂ ਨੇ ਇੱਕ ਵਾਰ ਫੇਰ ਸਾਮਰਾਜੀ ਮੁਲਕਾਂ ਦੁਆਰਾ ਲੁੱਟ ਖਸੁੱਟ ਲਈ ਲੜੀਆਂ ਜਾਂਦੀਆਂ ਜੰਗਾਂ ਦੀ ਅਸਲੀਅਤ ਅਤੇ ਆਮ ਲੋਕਾਂ ਉੱਤੇ ਢਾਹੇ ਜਾਂਦੇ ਜ਼ੁਲਮਾਂ ਦੀ ਕਹਾਣੀ ਬਿਆਨ ਕੀਤੀ ਹੈ। ਸਾਮਰਾਜੀ ਸਰਕਾਰਾਂ ਨੇ ਹਮੇਸ਼ਾ ਹੀ 'ਕਬਜ਼ਾ', 'ਬਸਤੀ' ਤੇ 'ਸ਼ੋਸ਼ਣ' ਨੂੰ ਢਕਣ ਲਈ 'ਇਨਸਾਫ਼', 'ਆਜ਼ਾਦੀ' ਅਤੇ 'ਜਮਹੂਰੀਅਤ' ਦੇ ਮਖੌਟੇ ਪਾਏ ਹਨ, ਅਮਰੀਕਾ ਤੇ ਇਸ ਦੇ ਪਿੱਠੂਆਂ ਨੇ ਵੀ ਹਰ ਲੜਾਈ ਤੇ ਹਮਲੇ ਤੋਂ ਪਹਿਲਾਂ ਇਹੀ ਕੀਤਾ ਹੈ ਅਤੇ ਇਹੀ ਇਹਨਾਂ ਤੋਂ ਭਵਿੱਖ ਵਿੱਚ ਆਸ ਕੀਤੀ ਜਾ ਸਕਦੀ ਹੈ, ਪਰ ਲੋਕ ਵੀ ਇਸ ਤਰ੍ਹਾਂ ਦੇ ਮਖੌਟਿਆਂ ਨੂੰ ਨੋਚਦੇ ਰਹੇ ਹਨ ਤੇ ਨੋਚਦੇ ਰਹਿਣਗੇ, ਇਹੀ ਮਨੁੱਖਤਾ ਦੇ ਇਤਿਹਾਸ ਦਾ ਸਬਕ ਹੈ।

*****



ਮੌਤ ਤੋਂ ਓਨਾ ਨਾ ਡਰੋ,
ਜਿੰਨਾ ਕਿ ਅਧੂਰੇ ਜੀਵਨ ਤੋਂ !
- ਬ੍ਰੈਖ਼ਤ

(ਸਫ਼ਾ 24 ਦਾ ਬਾਕੀ)

ਇਹ ਲੋਕ ਭਾਰਤ ਦੇ 'ਗੈਰ-ਕਾਨੂੰਨੀ' ਨਾਗਰਿਕ ਤਾਂ ਨਹੀਂ ਬਣ ਜਾਂਦੇ ਕਿ ਇਹਨਾਂ ਨੂੰ ਬੀਮਾਰ ਹੋਣ ਲਈ ਤੇ ਮਰਨ ਲਈ ਛੱਡ ਦਿੱਤਾ ਜਾਵੇ।

ਉਧਰ ਕਾਮਨਵੈਲਥ ਖੇਡਾਂ ਲਈ ਦੁਲਹਨ ਵਾਂਗ ਸਜਾਈ ਜਾ ਰਹੀ ਦਿੱਲੀ ਅੰਦਰ ਡੇਂਗੂ ਦਾ ਕਹਿਰ ਆਮ ਦਿੱਲੀ ਵਾਸੀਆਂ 'ਤੇ ਟੁੱਟ ਪਿਆ ਹੈ। ਇਥੇ ਵੀ ਪ੍ਰਭਾਵਿਤ ਲੋਕ ਗਰੀਬ ਤੇ ਨਿਚਲੇ ਮੱਧ ਵਰਗ ਦੇ ਲੋਕ ਹਨ ਕਿਉਂਕਿ ਮਹਿਲਾਂ ਵਿੱਚ ਮੱਖੀ-ਮੱਛਰ ਤਾਂ ਕੀ ਬੰਦਾ ਵੀ ਨਹੀਂ ਘੁਸ ਸਕਦਾ। ਅਖਬਾਰੀ ਰਿਪੋਰਟਾਂ ਮੁਤਾਬਕ ਹੁਣ ਤੱਕ 1226 ਕੇਸ ਸਾਹਮਣੇ ਆ ਚੁੱਕੇ ਹਨ, 36 ਮੌਤਾਂ ਹੋ ਚੁੱਕੀਆਂ ਹਨ ਅਤੇ ਡੇਂਗੂ ਦਾ ਪੀਕ ਸੀਜ਼ਨ ਅੱਗੇ ਖੜ੍ਹਾ ਹੈ। ਇਸ ਵਾਰ ਹਾਲਤ 2006 ਨਾਲ਼ੋਂ ਵੀ ਭੈੜੀ ਹੋਣ ਦਾ ਖਦਸ਼ਾ ਹੈ। 2006 ਵਿੱਚ 3366 ਡੇਂਗੂ ਦੇ ਕੇਸ ਦਰਜ ਹੋਏ ਸਨ। ਸਰਕਾਰ ਮੁਤਾਬਕ ਸਾਰੇ ਪ੍ਰਬੰਧ ਕੀਤੇ ਗਏ ਹਨ ਤੇ ਸਿਹਤ ਮਹਿਕਮਾ ਪੱਬਾਂ ਭਾਰ ਹੈ। ਮੱਛਰ ਮਾਰਨ ਦੇ ਤੇ ਸਫਾਈ ਮੁਹਿੰਮ ਦੇ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ, ਬਾਕੀ ਭਲੀ ਕਰੂ ਕਰਤਾਰ!! ਸਰਕਾਰ ਜੀ, ਇਹ ਸਾਰਾ ਕੁੱਝ ਤੁਸੀਂ ਹਰ ਸਾਲ ਕਰਦੇ ਹੋ, ਪਰ ਡੇਂਗੂ ਢੀਠਾਂ ਦੀ ਤਰ੍ਹਾਂ ਹਰ ਸਾਲ ਆ ਜਾਂਦਾ ਹੈ। ਕਾਮਨਵੈਲਥ ਖੇਡਾਂ ਦੇ ਨਾਂ 'ਤੇ ਕਰੋੜਾਂ ਦੇ ਖਰਚੇ ਤੇ ਘੁਟਾਲ਼ੇ ਹੋ ਰਹੇ ਹਨ, ਪਰ ਆਮ ਲੋਕਾਂ ਨੂੰ ਸਾਧਾਰਨ ਬੀਮਾਰੀਆਂ ਤੋਂ ਬਚਾਉਣਾ ਵੀ ਸਰਕਾਰਾਂ ਦੇ ਫਰਜ਼ਾਂ ਦੇ ਦਾਇਰੇ ਵਿੱਚ ਨਹੀਂ ਆਉਂਦਾ।

ਸਰਕਾਰਾਂ ਨਾਲ਼ ਤਾਂ ਲੋਕ ਇੱਕ ਦਿਨ ਨਜਿੱਠਣਗੇ ਹੀ, ਇੱਥੇ 'ਦੂਜੇ ਰੱਬ' ਭਾਵ ਡਾਕਟਰਾਂ ਬਾਰੇ ਵੀ ਗੱਲ ਹੋ ਜਾਵੇ। ਸ਼ੂਗਰ, ਬਲੱਡ ਪ੍ਰੈਸ਼ਰ, ਖ਼ੂਨ 'ਚ ਚਰਬੀ ਦੀ ਮਾਤਰਾ ਵਧਣ, ਦਿਲ ਦੀਆਂ ਬੀਮਾਰੀਆਂ ਬਾਰੇ ਸੈਮੀਨਾਰ, ਕਾਨਫਰੰਸਾਂ ਕਰਨ ਤੋਂ ਇਸ ਸਮੁਦਾਇ ਦਾ ਇੱਕ ਦਿਨ ਵੀ ਖਾਲੀ ਨਹੀਂ ਜਾਂਦਾ। ਘੰਟਿਆਂ ਬੱਧੀ ਚਰਬੀ ਘਟਾਉਣ ਵਾਲ਼ੀਆਂ ਨਵੀਆਂ ਤੇ ਪੁਰਾਣੀਆਂ ਦਵਾਈਆਂ ਬਾਰੇ ਲੈਕਚਰ ਕੀਤੇ ਜਾਂਦੇ ਹਨ (ਸ਼ਾਮ ਨੂੰ ਕੰਪਨੀਆਂ ਦੇ ਡਿਨਰਾਂ ਦੀ ਸ਼ੋਭਾ ਵੀ ਵਧਾਈ ਜਾਂਦੀ ਹੈ) ਪਰ ਜਦੋਂ 80% ਲੋਕਾਂ ਦੀਆਂ ਬੀਮਾਰੀਆਂ ਦੀ ਗੱਲ ਆਉਂਦੀ ਹੈ, ਤਾਂ ਇਹਨਾਂ ਦੀ ਵਿਦਵਤਾ ਨੂੰ ਸੱਪ ਸੁੰਘ ਜਾਂਦਾ ਹੈ। ਸੱਪ ਸੁੰਘੇ ਵੀ ਕਿਵੇਂ ਨਾ, ਇਹਨਾਂ ਬੀਮਾਰੀਆਂ ਦੇ ਕਾਰਨਾਂ ਤੇ ਰੋਕਥਾਮ ਦਾ ਜ਼ਿਕਰ ਛਿੜਦੇ ਹੀ ਉਹ ਪੂਰਾ ਆਰਥਿਕ ਢਾਂਚਾ ਸਵਾਲਾਂ ਦੇ ਘੇਰ ਵਿੱਚ ਆਵੇਗਾ ਜਿਸ ਦੇ ਅੰਦਰ ਇਹ 'ਦੂਜਾ ਰੱਬ' ਮਹਿਲ ਨੁਮਾ ਘਰਾਂ ਵਿੱਚ ਰਹਿੰਦਾ ਹੈ, ਕੰਪਨੀਆਂ ਦੇ ਸਿਰ 'ਤੇ ਵਿਦੇਸ਼ ਘੁੰਮਦਾ ਹੈ ਤੇ ਮਨੁੱਖਤਾ ਦੀ ਸੇਵਾ ਦਾ ਬਿਜ਼ਨੈੱਸ ਕਰਦਾ ਹੋਇਆ ਲੱਖਾਂ-ਕਰੋੜਾਂ ਰੁਪਈਆਂ 'ਤੇ ਹੱਥ ਸਾਫ਼ ਕਰਦਾ ਹੈ। ਪਰ ਇਹ 'ਦੂਜਾ ਰੱਬ' ਵੀ ਯਾਦ ਰੱਖੇ 'ਕਿਆਮਤ ਵਾਲ਼ੇ ਦਿਨ' ਲੋਕ ਆਕਾਵਾਂ ਸਮੇਤ ਤੁਹਾਡਾ ਵੀ ਹਿਸਾਬ ਕਿਤਾਬ ਕਰਨਗੇ।

****

"ਹੜ੍ਹ ਕੁੱਝ ਪ੍ਰਭਾਵ"

"ਪਹਿਲਾਂ ਸਾੜਕੇ ਜੀਓ ਨਿਮਾਨੜੇ ਦਾ

ਪਿੱਛੋਂ ਮੱਲਮਾਂ ਲਾਵਣੇ ਲੱਗਦੀਆਂ ਹੋ !"

ਬਕੌਲ ਵਾਰਿਸ ਸ਼ਾਹ, ਅਜਿਹਾ ਕੁੱਝ ਮੇਰੇ ਪਿੰਡ (ਦਮਦਮਾ, ਜ਼ਿਲ੍ਹਾ ਸਿਰਸਾ) ਦੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਵਾਪਰਿਆ। ਜਿਸ ਨੂੰ ਆਪ ਨਾਲ਼ ਸਾਂਝਾ ਕਰ ਰਿਹਾ ਹਾਂ।

12 ਜੁਲਾਈ ਦੀ ਰਾਤ ਲੋਕ ਆਪਣੇ ਕੰਮਾਂਕਾਰਾਂ ਦੇ ਥੱਕੇ ਟੁੱਟੇ ਨੀਂਦ ਦੀ ਗੋਦ ਵਿੱਚ ਘੂਕ ਸੁੱਤੇ ਪਏ ਸਨ। ਮੋਬਾਇਲਾਂ ਦੀਆਂ ਟਿਊਨਾਂ ਆਪਣੇ ਆਪਣੇ ਅੰਦਾਜ਼ ਵਿੱਚ ਸਿਸਕ ਉੱਠੀਆਂ ਤੇ ਗੁਰਦੁਵਾਰਿਆ ਦੇ ਲਾਊਡ ਸਪੀਕਰਾਂ 'ਚੋਂ ਉੱਚੀਆਂ ਆਵਾਜਾਂ ਉੱਠੀਆਂ।

"ਸਾਧ ਸੰਗਤ ਜੀ ਨਾਲੀ (ਘੱਗਰ ਦਰਿਆ) ਦਾ ਬੰਨ੍ਹ ਫਿਰੋਜਾਬਾਦ ਤੋਂ ਟੁੱਟ ਗਿਆ ਹੈ। ਛੇਤੀ ਤੋਂ ਛੇਤੀ ਪਹੁੰਚੋਂ!" ਸਾਰਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਬਹੁਤ ਥੋੜ੍ਹੇ ਹੀ ਨੇੜਲੇ ਪਿੰਡਾਂ ਦੇ ਲੋਕ ਗਏ। ਬੜੇ ਯਤਨ ਹੋਏ। ਬੰਨ ਬੱਝ ਗਿਆ, ਪਰ ਫੇਰ ਟੁੱਟ ਗਿਆ। ਦੂਰਦਰਾਜ ਦੇ ਪਿੰਡਾਂ ਦੇ ਲੋਕ ਸੁੱਤੇ ਰਹੇ।

ਸਵੇਰੇ ਉੱਠੇ, ਪਤਾ ਲੱਗਿਆ ਫੌਜ ਦੇ ਜਵਾਨ ਪਾੜ ਨੂੰ ਬੰਨਣ ਆ ਗਏ, ਲੋਕ ਅਵੇਸਲੇ ਹੋ ਗਏ। ਕੁਝ ਫੌਜ ਦਾ ਭਰੋਸਾ ਕਰਕੇ ਕਿ ਫੌਜੀਆਂ ਕੋਲ ਬੜੇ ਬੜੇ ਜਾਲ ਹੁੰਦੇ ਹਨ, ਮਿੰਟਾਂ ਸਕਿੰਟਾਂ ਵਿੱਚ ਬੰਨ੍ਹ, ਬੰਨ ਦਿੰਦੇ ਹਨ। ਜੋ ਕੁਝ ਹਿੰਮਤ ਵਾਲੇ ਚਲਕੇ ਉੱਥੇ ਪਹੁੰਚੇ ਫੌਜੀਆਂ ਨੇ ਨੇੜੇ ਨਾ ਫੜਕਣ ਦਿੱਤੇ। ਆਮ ਪੇਂਡੂ ਕਿਸਾਨਾਂ, ਖੇਤ-ਮਜ਼ਦੂਰਾਂ ਤੇ ਨੌਜਵਾਨ ਨੂੰ ਕਿਸੇ ਵੀ ਰਾਜਨੀਤਕ ਪਾਰਟੀ, ਧਾਰਮਿਕ ਸੰਸਥਾ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਲਾਮਬੰਦ ਨਾ ਕੀਤਾ। ਸਿੱਟੇ ਵਜੋਂ ਪਾੜ ਹੋਰ ਤਿੰਨ ਥਾਵਾਂ ਤੋਂ ਪੈ ਗਏ।

ਸਰਕਾਰ ਤੇ ਪ੍ਰਸ਼ਾਸਨਿਕ ਅਧਿਕਾਰੀ ਦੀ ਪੋਲ ਖੁੱਲ੍ਹ ਗਈ। ਜੋ ਕਹਿ ਰਹੇ ਸਨ ਕਿ ਹੜ੍ਹਾਂ ਲਈ ਸਾਰੇ ਪ੍ਰਬੰਧ ਮੁਕੰਮਲ ਹਨ। ਹਰਿਆਣਾ ਤੇ ਪੰਜਾਬ ਦੇ ਮੁੱਖ ਮੰਤਰੀ ਇੱਕ ਦੂਜੇ ਤੇ ਸ਼ਬਦੀ ਬਾਣ ਦਾਗ ਰਹੇ ਸਨ। ਜਦੋਂ ਪੱਤਰਕਾਰਾਂ ਨੇ ਸਰਕਾਰੀ ਅਧਿਕਾਰੀ ਨੂੰ ਪੁੱਛਿਆ ਕਿ ਆਪਣੇ ਅਗਾਊਂ ਹੜ੍ਹ ਪ੍ਰਬੰਧ ਨਾਲ ਕੀ ਵਾਪਰਿਆ। ਤਾਂ ਉਹਨਾਂ ਕੇਂਦਰ ਸਰਕਾਰ ਦੇ ਹੜ੍ਹਾਂ ਦੇ ਅਗਾਊਂ ਪ੍ਰਬੰਧਾਂ ਲਈ ਪੈਸਾ ਨਾ ਦੇਣ ਦਾ ਪੱਲਾ ਝਾੜ ਕੇ ਆਪਣੀ ਜਾਨ ਬਚਾਉਣੀ ਚਾਹੀ। ਪਰ ਕੇਂਦਰੀ ਮੰਤਰੀ ਦੇ ਕਹਿਣ 'ਤੇ ਕਿ ਹਰਿਆਣੇ ਨੇ ਆਪਣੇ ਹਿੱਸੇ ਦੇ 15,700 ਕਰੋੜ ਦੇ ਲਗਭਗ ਆਇਆ ਧਨ ਅਜੇ ਤੱਕ ਇਹਨਾਂ ਪ੍ਰਬੰਧ ਲਈ ਛੇੜਿਆ ਤੱਕ ਨਹੀਂ। ਜਿਹੜੇ ਘੱਗਰ ਦੇ ਬੰਨਾਂ ਨੇ ਆਪਣੇ ਵਿੱਚੋਂ ਇਸ ਤੋਂ ਪਹਿਲਾ 43,000 ਕਿਊਸਿਕ ਤੋਂ 49,000 ਕਿਊਸਿਕ ਪਾਣੀ ਨੂੰ ਲੰਘਾਉਣ ਵਿੱਚ ਕੋਈ ਦਿੱਕਤ ਮਹਿਸੂਸ ਨਹੀਂ ਕੀਤੀ, ਉਹਨਾਂ 'ਚ ਓਟੂ ਬੀਅਰ ਵਿੱਚੋਂ ਗੁਜ਼ਰੇ ਮਾਤਰ 16,000 ਕਿਊਸਕ ਪਾਣੀ ਨਾਲ਼ ਚਾਰ ਤੋਂ ਪੰਜ ਜਗ੍ਹਾ ਤੱਕ ਪਾੜ ਪੈ ਗਏ। ਤੇ ਵੇਖਦਿਆ ਵੇਖਦਿਆ ਫਿਰੋਜਾਬਾਦ, ਨਗਰਾਨਾ, ਕੁੱਲਢਾਣੀ, ਫਕੀਰਾਵਾਲੀ ਥੇੜੀ, ਨਕੌੜਾ, ਮਸਤਾਨਗੜ, ਜੀਵਨ ਨਗਰ, ਖੂਹ ਅਮਰਾਸਰ, ਮਿਰਜਾਪੁਰ ਥੇੜ, ਹਿੰਮਤਪੁਰਾ ਦਮਦਮਾ, ਤਿੰਨ ਹਾਰਨੀਆਂ, ਧਰਮਪੁਰਾ ਸੰਤੋਖਪੁਰਾ, ਭਰੀਵਾਲਾ, ਬਣੀ ਸੈਨਪਾਲ ਤੇ ਬਾਹੀਣੇ ਦੀ ਕੋਈ ਲਗਭਗ 30,000 ਏਕੜ ਰਕਬੇ ਦੀ ਫਸਲ ਜਲ ਮਗਨ ਹੋ ਗਈ।

ਇਹਨਾਂ ਪਾੜਾਂ ਦਾ ਸਬੱਬ ਭਾਵੇਂ ਘੱਗਰ ਬੰਨ ਵਿੱਚ ਲਾਏ ਮੋਘੇ ਸਨ, ਪਰ ਪ੍ਰਸ਼ਾਸਨ ਦੀ ਲਾਪ੍ਰਵਾਹੀ ਕਿ ਇਹਨਾਂ ਦੀ ਮਨਜ਼ੂਰੀ ਤਾਂ ਦੇ ਦਿੱਤੀ ਗਈ ਪਰ ਕਿਸੇ ਵੀ ਅਧਿਕਾਰੀ ਨੇ ਆ ਕੇ ਇਹ ਠੀਕ ਲੱਗੇ ਹਨ ਜਾਂ ਨਹੀਂ ਵੇਖਣ ਦੀ ਖੇਚਲ ਨਹੀਂ ਕੀਤੀ।

ਪਿਛਲੇ ਸਮੇਂ ਵਿੱਚ ਬਾਸਮਤੀ ਦੀਆਂ ਵਧੀਆਂ ਕੀਮਤਾਂ ਨੇ ਪੇਂਡੂ ਧਨੀ ਕਿਸਾਨਾਂ ਦੀ ਹਵਸ ਨੂੰ ਵਧਾ ਦਿੱਤਾ ਤੇ ਉਹਨਾਂ ਬੰਨ੍ਹਾਂ ਦੇ ਅੰਦਰ ਆਈਆਂ ਆਪਣੀ ਜ਼ਮੀਨਾਂ 'ਤੇ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ। ਤੇ ਅੰਦਰ ਆਪਣੀਆਂ ਫਸਲਾਂ ਨੂੰ ਬਚਾਉਣ ਲਈ ਉਹਨਾਂ ਜਿੱਥੇ ਜ਼ਮੀਨਾਂ ਨੂੰ ਉੱਚਾ ਕਰਨਾ ਸ਼ੁਰੂ ਕਰ ਦਿੱਤਾ ਸਗੋਂ ਆਪਣੀ ਜ਼ਮੀਨਾਂ ਦੇ ਆਲੇ ਦੁਆਲੇ ਉੱਚੇ ਉੱਚੇ ਬੰਨ੍ਹ ਮਾਰਨੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਪਾਣੀ ਦੀ ਨਿਕਾਸੀ ਪ੍ਰਭਾਵਿਤ ਹੋ ਗਈ। ਪਾਣੀ ਵਾਲੀ ਮੁੱਖ ਨਦੀ ਦੀ ਧਾਰ ਨੂੰ ਅਫ਼ਸਰਸ਼ਾਹੀ ਨੇ ਕਾਫ਼ੀ ਸਮੇਂ ਤੋਂ ਸਾਫ਼ ਹੀ ਨਹੀਂ ਕੀਤਾ। ਤੇ ਇਹ ਸਾਰਾ ਅਫ਼ਸਰਸ਼ਾਹੀ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨੱਕ ਥੱਲੇ ਹੁੰਦਾ ਰਿਹਾ। ਜਿਸਦਾ ਕਿਸੇ ਵੀ ਕੋਈ ਨੋਟਿਸ ਨਾ ਲਿਆ।

ਦੂਜੀ ਗੱਲ ਘੱਗਰ ਦਰਿਆ ਤੋਂ ਦੋਨਾਂ ਬਾਹਰਲੇ ਪਾਸੇ ਓਟੂ ਤੋਂ ਲੈ ਕੇ ਰਾਜਸਥਾਨ ਕਨਾਲ ਤੱਕ ਕਾਫ਼ੀ ਸੜਕਾਂ ਬਣ ਗਈਆਂ ਹਨ। ਜਿਨ੍ਹਾਂ ਨੂੰ ਕਾਫ਼ੀ ਉੱਚੀਆਂ ਕਰਕੇ ਬਣਾ ਦਿੱਤਾ ਗਿਆ ਹੈ। ਪਰ ਥੱਲੇ ਪਾਣੀ ਦੇ ਕੁਦਰਤੀ ਵਹਾਅ ਲਈ ਪੁਲੀਆਂ ਆਦਿ ਰੱਖਣ ਨੂੰ ਉੱਕਾ ਨਜ਼ਰ ਅੰਦਾਜ ਕਰ ਦਿੱਤਾ ਹੈ। ਇੱਥੋਂ ਤੱਕ ਕਿ ਰਾਜਸਥਾਨ ਨਹਿਰ ਬਣਨ ਤੋਂ ਪਹਿਲਾ ਜਿਹੜਾ ਪਾਣੀ ਅੱਗੇ ਰਾਜਸਥਾਨ ਵੱਲ ਕੁਦਰਤੀ ਨਿਕਾਸ ਦੇ ਕਾਰਨ ਜਾਂਦਾ ਸੀ। ਉਹ ਕਰੀਵਾਲੇ ਤੋਂ ਬਣੀ ਪਿੰਡ ਵੱਲ ਮੋੜਾ ਖਾ ਗਿਆ ਜਿਸ ਨੇ ਇੱਕ ਵਾਰੀ 1962 ਵਿੱਚ ਹੀ ਬਣੀ ਪਿੰਡ ਨੂੰ ਤਬਾਹੋ-ਬਰਬਾਦ ਕਰ ਦਿੱਤਾ ਸੀ ਤੇ ਦੂਜੀ ਵਾਰੀ ਐਤਕੀ ਬਣੀ ਪਿੰਡ ਵਿੱਚ ਪਾਣੀ ਦਾ ਪੱਧਰ ਧਰਤੀ ਦੇ ਤਲ ਤੋਂ 17 ਤੋਂ 18 ਫੁੱਟ ਤੱਕ ਹੋ ਗਿਆ। ਜਿੱਥੇ ਸਾਉਣੀ ਦੀ ਫਸਲ ਤਾਂ ਖਤਮ ਹੈ ਸ਼ਾਇਦ ਹਾੜੀ ਵੀ ਬੀਜੀ ਜਾਵੇ ਨਾ ਜਾਵੇ। ਬਹੁਤ ਵੱਡੀ ਗਿਣਤੀ ਵਿੱਚ ਕਿਸਾਨ ਤੇ ਮਜ਼ਦੂਰ ਬੇ-ਘਰ ਹੋ ਤਬਾਹ ਹੋ ਗਏ। ਪਾਣੀ ਮਕਾਨਾਂ ਵਿੱਚ ਆ ਵੜਿਆ। ਕਈ ਕੀਮਤੀ ਜਾਨਾ ਤੋਂ ਹੱਥ ਧੋਣੇ ਪਏ। ਜਿਸ ਵਿੱਚ ਪੰਜਾਬ ਤੋਂ ਪਨੀਰੀ ਲੈ ਕੇ ਆ ਰਹੇ ਕਰੀਵਾਲੇ ਪਿੰਡਾਂ ਦੇ ਦੋ ਨੌਜਵਾਨਾਂ ਦੀ ਮੌਤ ਨੇ ਇਲਾਕੇ ਨੂੰ ਹਿਲਾਕੇ ਰੱਖ ਦਿੱਤਾ।

ਜਿਵੇਂ ਕਹਿੰਦੇ ਨੇ "ਰੋਮ ਸੜਦਾ ਰਿਹਾ, ਨੀਰੋ ਬੰਸਰੀ ਵਜਾਉਂਦਾ ਰਿਹਾ।" ਇਹ ਹਸ਼ਰ ਹੈ ਮੁਨਾਫ਼ੇ ਨੂੰ ਕੇਂਦਰ ਵਿੱਚ ਰੱਖ ਕੇ ਚੱਲਣ ਵਾਲੀ ਵਿਵਸਥਾ ਦਾ।

ਲੋਕ ਪਰੰਪਰਾਗਤ ਧਾਰਮਿਕ ਸੰਗਠਨਾਂ ਤੇ ਵੋਟ

ਪਾਰਟੀਆਂ ਨੂੰ ਅਗਵਾਈ ਲਈ ਉਡੀਕਦੇ ਰਹੇ। ਪਰ ਜਦੋਂ ਅਜਿਹਾ ਕੋਈ ਮਸੀਹਾ ਨਾ ਆਇਆ ਤਾਂ ਇਸ ਇਲਾਕੇ ਦੇ ਇੱਕ ਪਿੰਡ (ਕਰੀਵਾਲੇ) ਦੇ ਲੋਕਲ ਆਗੂਆਂ ਨੇ ਅਗਵਾਈ ਕੀਤੀ। ਤੇ ਵੇਖਦਿਆਂ ਹੀ ਹੋਰ ਪਿੰਡਾਂ ਦੇ ਮਜ਼ਦੂਰ, ਕਿਸਾਨ, ਦੁਕਾਨਦਾਰ, ਨੌਜਵਾਨ ਰਲਦੇ ਗਏ ਤੇ ਕਾਫਿਲਾ ਬਣਦਾ ਗਿਆ।

ਪਹਿਲੇ ਦਿਨ ਇੱਕ ਪਾੜ ਪੂਰ ਦਿੱਤਾ ਗਿਆ। ਇੰਨੀ ਗਰਮੀ, ਸਾਧਨਾਂ ਦੀ ਕਮੀ। ਪੀਣ ਵਾਲੇ ਪਾਣੀ ਦੀ ਕਮੀ। ਪਰ ਹੌਂਸਲੇ ਬੁਲੰਦ।

ਥੋੜੇ ਹੀ ਦਿਨਾਂ ਵਿੱਚ ਭਾਵ 23 ਜੁਲਾਈ ਤੱਕ ਇਹਨਾਂ ਪਾੜਾਂ ਨੂੰ ਪੂਰ ਦਿੱਤਾ ਗਿਆ। ਇਲਾਕੇ ਦੇ ਮਜ਼ਦੂਰਾਂ, ਕਿਸਾਨਾਂ ਤੇ ਨੌਜਵਾਨਾਂ ਨੇ ਅਜਿਹਾ ਕਾਰਨਾਮਾ ਕਰ ਦਿਖਾਇਆ। ਆਮ ਲੋਕਾਂ ਨੇ ਜਿਨ੍ਹਾਂ ਵਿੱਚ 80 ਫੀਸਦੀ ਗਿਣਤੀ ਮਜ਼ਦੂਰਾਂ ਦੀ ਸੀ। ਅਜਿਹਾ ਦਮਖ਼ਮ, ਬਹਾਦਰੀ, ਪਹਿਲਕਦਮੀ, ਤਾਲਮੇਲ ਤੇ ਬੰਨ ਬੰਨਣ ਦਾ ਹੁਨਰ ਵਿਖਾਇਆ ਕਿ ਵੱਡੇ ਤੋਂ ਵੱਡੇ ਇੰਜੀਨੀਅਰ ਵੀ ਮੂੰਹ ਵਿੱਚ ਉਂਗਲਾਂ ਪਾ ਲੈਣ।

ਬੱਸ ਫਿਰ ਕੀ ਸੀ, ਵੋਟ ਪਾਰਟੀਆਂ, ਅਧਿਕਾਰੀਆਂ, ਐੱਨ. ਜੀ. ਓ. ਮਾਰਕਾ ਜੱਥੇਬੰਦੀਆਂ ਤੇ ਧਾਰਮਿਕ ਜੱਥੇਬੰਦੀਆਂ ਇੱਕ ਦੂਜੇ ਨੂੰ ਮਾਤ ਪਾਉਣ ਲੱਗੀਆਂ। ਸਾਰੇ ਉਂਗਲਾਂ ਨੂੰ ਲਹੂ ਲਾ ਕੇ ਸ਼ਹੀਦ ਬਣਨ ਲੱਗੇ। ਆਮ ਲੋਕਾਂ ਦੇ ਵਾਰ ਵਾਰ ਦੁਤਕਾਰਨ ਦਾ ਵੀ ਉਹਨਾਂ ਦੀ ਸਿਹਤ 'ਤੇ ਕੋਈ ਅਸਰ ਨਹੀਂ। ਜਿੱਥੇ ਇਹ ਸਾਰੇ ਲੋਕ ਅਖ਼ਬਾਰਾਂ ਵਿੱਚ ਫੋਟੋਆਂ ਲੁਆਉਣ ਆਪਣੇ ਤੋਂ ਉੱਤਲਿਆ ਦੀ ਸ਼ਾਬਾਸ ਲੈਣ ਅਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਿੱਚ ਲੱਗੇ ਰਹੇ। ਉੱਥੇ ਇਲਾਕੇ ਦੇ ਮਜ਼ਦੂਰ, ਕਿਸਾਨ ਤੇ ਜਾਬਾਜ਼ ਨੌਜਵਾਨ ਇਹਨਾਂ ਇਨਾਮਾਂ ਜਾਂ ਅਖ਼ਬਾਰਾਂ ਦੀ ਸੁਰਖੀਆਂ ਵਿੱਚ ਆਉਣ ਤੋਂ ਪਰ੍ਹਾਂ ਇੱਕ ਕ੍ਰਿਸ਼ਮਾ ਕਰਦੇ ਰਹੇ।

ਫਿਰ ਬੰਨ ਬੰਨਣ ਤੋਂ ਬਾਅਦ ਸ਼ੁਰੂ ਹੋਇਆ ਮੁੜ-ਬਹਾਲੀ ਦਾ ਦੌਰ। "ਨੂੰਹ ਦੇ ਤੂਫ਼ਾਨ" ਵਾਂਗ ਲੋਕ ਪਸ਼ੂਆਂ, ਬੱਕਰੀਆਂ, ਮੱਝਾਂ, ਗਾਵਾਂ ਆਦਿ ਨੂੰ ਟਰਾਲੀਆਂ, ਫੋਰਵੀਲਰਾਂ 'ਤੇ ਇਧਰੋਂ-ਉੱਧਰ ਲਿਆ ਜਾ ਰਹੇ ਸਨ।

ਸਰਕਾਰ, ਅਧਿਕਾਰੀਆਂ ਜਾਂ ਰਾਜਨੀਤਕ ਪਾਰਟੀਆਂ ਨੇ ਝੋਨੇ ਦੀ ਪਨੀਰੀ ਦਾ ਕੋਈ ਪ੍ਰਬੰਧ ਨਹੀਂ ਕੀਤਾ। ਇੱਥੋਂ ਤੱਕ ਕੋਈ ਜਾਣਕਾਰੀ ਵੀ ਨਹੀਂ ਦਿੱਤੀ। ਕਿਸਾਨਾਂ ਨੇ ਆਪਣੀ ਹਿੰਮਤ ਤੇ ਪਹੁੰਚ ਨਾਲ਼ ਜਿੱਥੋਂ ਵੀ ਕਿਤਿਉਂ ਪਨੀਰੀ ਪੰਜਾਬ ਜਾਂ ਹਰਿਆਣੇ ਵਿੱਚੋਂ ਮਿਲੀ ਲਿਆਂਦੀ। ਜੋ ਭਾਅ ਵੀ ਮਿਲੀ ਲਿਆਂਦੀ। ਪਨੀਰੀ ਵਾਲਿਆਂ ਨੇ ਖੂਬ ਚਾਂਦੀ ਬਣਾਈ। ਪਨੀਰੀ ਦੇ ਮਸਲੇ ਵਿੱਚ ਇੱਕਾ ਦੁੱਕਾ ਉਦਾਹਰਨਾਂ ਨੂੰ ਛੱਡਕੇ ਸਭ ਨੇ ਪੈਸੇ ਲਏ। ਕੁਝ ਨੇ ਸੰਗਦਿਆਂ-ਸੰਗਦਿਆਂ ਕੁੱਝ ਨੇ ਪੇਸ਼ਾਵਰਾਂ ਦੁਕਾਨਦਾਰਾਂ ਵਾਂਗ।

ਜੋ ਆਪ ਪਹਿਲਾ ਪੈਸੇ ਤਾਰਕੇ ਪਨੀਰੀ ਲਿਆਏ। ਜਦੋਂ ਉਹਨਾਂ ਦੀ ਪਨੀਰੀ ਤਿਆਰ ਹੋਈ। ਉਹਨਾਂ ਨੇ ਵੀ ਬੇਕਿਰਕੀ ਨਾਲ਼ ਪੈਸੇ ਲਏ। ਇਸ ਮਸਲੇ ਵਿੱਚ ਸਾਕ ਸਕੀਰੀ, ਭਾਈਚਾਰਾ, ਧਰਮ-ਕਰਮ, ਮੂੰਹ ਮੋੜਕੇ ਖੜ੍ਹ ਗਿਆ।

ਜਿਹੜੀ ਅਫ਼ਸਰਸ਼ਾਹੀ ਹੜ੍ਹ ਤੋਂ ਪਹਿਲਾਂ ਕੁੰਭਕਰਨੀ ਨੀਂਦ ਵਿੱਚ ਸੁੱਤੀ ਘੁਰਾੜੇ ਮਾਰ ਰਹੀ ਸੀ। ਹੁਣ ਉਹ ਪਤਾ ਨਹੀਂ ਆਪਣੇ ਤੋਂ ਉੱਪਰਲਿਆਂ ਦੀ ਘੁਰਕੀ ਜਾਂ ਅਨੁਦਾਨਾਂ ਦੀ ਬੁਰਕੀ ਦੇ ਕਾਰਨ ਪਿੰਡਾਂ ਵਿੱਚ ਹਰਲ ਹਰਲ ਕਰਦੇ ਫਿਰਨ ਲੱਗੇ। ਪਹਿਲਾਂ ਡੁੱਬ ਜਾਣ ਦਿੱਤਾ। ਹੁਣ ਬਚਾਉਣ ਲੱਗੇ ਤੇ ਹੰਝੂ ਪੂੰਝਣ ਲੱਗੇ। ਕਿਤੇ ਬੰਨ ਮਾਰਨ ਲਈ ਡੀਜ਼ਲ ਦੇਣ ਲਗੇ। ਰਾਤ ਦੀ ਵਰਤੋਂ ਲਈ ਟਾਰਚਾਂ, ਜੇ ਸਿਰ ਦੁਖੇ ਤਾਂ ਗੋਲੀਆਂ। ਖੁਰਕ ਲਈ 'ਇਚਗਾਰਡ' ਮੱਛਰ ਲਈ 'ਆਡੋਮਾਸ', ਊਂਠ ਦੇ ਮੂੰਹ ਵਿੱਚ ਜੀਰਾ ਪਿੰਡਾਂ ਦੀਆਂ ਫਿਰਨੀਆਂ ਤੇ ਬਿਜਲੀ ਮਹਿਕਮੇ ਨੇ ਬਲਬ ਜਗਾ ਦਿੱਤੇ। ਰਾਤ ਆਲੇ-ਦੁਆਲੇ ਪਾਣੀ ਵਿੱਚ ਬਲਬਾਂ ਦੇ ਲਿਸ਼ਕਾਰੇ ਪੈਂਦੇ ਤੇ ਹਰਿਮੰਦਰ ਸਾਹਿਬ ਦੀ ਦੀਵਾਲੀ ਦੀ ਯਾਦ ਚੇਤਿਆ ਵਿੱਚ ਉੱਭਰਨ ਲੱਗਦੀ। ਪਿੰਡਾਂ ਵਿੱਚ ਮੱਛਰ ਤੋਂ ਬਚਾਅ ਲਈ ਗੱਡੀ ਗਲੀਆਂ ਵਿੱਚ ਗੈਸ ਦਾ ਸਪਰੇਅ ਕਰਦੀਆਂ ਗੁਜ਼ਰਦੀਆਂ। ਆਪਣੀਆਂ ਅੱਖਾਂ 'ਤੇ ਯਕੀਨ ਨਹੀਂ ਸੀ ਆਉਂਦਾ ਕਿ ਇਹ ਉਹੋ ਅਫ਼ਸਰਸ਼ਾਹੀ ਹੈ ?

ਐਨ ਇਸ ਤਰ੍ਹਾਂ ਦੀ ਹਾਲਤ ਰਾਜਨੀਤਕ ਪਾਰਟੀਆਂ ਦੀ ਸੀ। ਕਦੇ ਐਮ. ਪੀ. ਕਦੇ ਐਮ. ਐੱਲ. ਏ. ਜਾਂ ਹੋਰ ਤੇ ਫਿਰ ਸਰਵੇ ਕਮੇਟੀਆਂ, ਉੱਤੇ ਅਸਮਾਨਾਂ ਤੇ ਕਦੇ ਕਦੇ ਤਾਂ ਹੈਲੀਕਾਪਟਰ ਵੀ ਗੂੰਜਦੇ, ਸਭ ਤੋਂ ਪਿੱਛੋਂ ਫਿਰ ਲੰਗਰ ਕਮੇਟੀ, ਧਾਰਮਿਕ ਜੱਥੇਬੰਦੀਆਂ ਤੇ ਪਾਟੇ ਤੰਬੂਆਂ ਵਾਲੇ।

ਜੇ ਅਸੀਂ ਅੱਜ ਇਹਨਾਂ ਪਿੰਡਾਂ ਨੂੰ ਵੇਖੀਏ, ਕੁਝ ਥਾਵਾਂ ਨੂੰ ਛੱਡਕੇ ਸਾਰੀ ਬਾਸਮਤੀ ਲੱਗ ਚੁੱਕੀ ਹੈ। ਪਤਾ ਹੀ ਨਹੀਂ ਲੱਗਦਾ ਕਿ ਕਦੇ ਇੱਥੇ ਹੜ੍ਹ ਆਇਆ ਸੀ। ਕਿਸਨੇ ਕੀਤਾ ਇਹ ਕ੍ਰਿਸ਼ਮਾ, ਉਹਨਾਂ ਸੱਤਾਧਾਰੀ ਨੇਤਾਵਾਂ, ਜਿਨ੍ਹਾਂ ਇਸ ਸਾਰੇ ਕੁੱਝ ਦਾ ਠੀਕਰਾ ਕੁਦਰਤੀ ਆਫ਼ਤ ਦੇ ਸਿਰ ਭੰਨਿਆ ਸੀ। ਜਾਂ ਉਹਨਾਂ ਧਾਰਮਿਕ ਆਗੂਆਂ ਜਿਨ੍ਹਾਂ ਕਿਹਾ ਸੀ ਲੋਕ ਧਰਮ ਤੋਂ ਬੇਮੁੱਖ ਹੋ ਗਏ ਸਨ। ਰੱਬ ਵੀ ਉਹਨਾਂ ਦੇ ਯਾਦ ਨਹੀਂ ਸੀ ਰਿਹਾ। ਜਾਂ ਉਹਨਾਂ ਐੱਨ. ਜੀ. ਓ. ਦੇ ਸਿਰ ਜੋ ਅਜਿਹੇ ਮੌਕਿਆਂ ਦੀ ਭਾਲ ਵਿੱਚ ਰਹਿੰਦੇ ਹਨ। ਜਾਂ ਉਹਨਾਂ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਰਹਿਣ ਵਾਲੇ ਛੁਟ ਭਈਏ ਨੇਤਾਵਾਂ ਦੇ। ਜਾਂ ਉਹਨਾਂ ਵਿਰੋਧੀ ਪਾਰਟੀ ਦੇ ਆਗੂਆਂ ਦੇ ਜੋ ਆਪਣੀ ਸਾਰੀ ਜਿੰਮੇਵਾਰੀ ਤੋਂ ਪੱਲਾ ਝਾੜਕੇ ਰਾਜ ਕਰ ਰਹੀ ਪਾਰਟੀ ਦੇ ਮੱਥੇ ਸਾਰੇ ਦੋਸ਼ ਮੜ੍ਹ ਦਿੰਦੇ ਹਨ।

ਆਉਣ ਵਾਲੇ ਦਿਨਾਂ ਵਿੱਚ ਟੁੱਟੀਆਂ ਸੜਕਾਂ ਨੂੰ ਬਣਾਇਆ ਜਾਵੇਗਾ। ਲੋਕ ਆਪਣੇ ਘਰਾਂ ਨੂੰ ਦੁਬਾਰਾ ਬਣਾਉਣੇ। ਫਸਲਾਂ ਖੇਤਾਂ ਵਿੱਚ ਲਹਿਲਹਾਉਣਗੀਆਂ, ਮੰਡੀਆਂ ਵਿੱਚ ਬਾਸਮਤੀ ਦੇ ਢੇਰ ਉੱਸਰ ਜਾਣਗੇ। ਸਾਰੇ ਮਾਲਕ ਖੁਸ਼ ਹੋਣਗੇ। ਕੌਣ ਹੈ ਇਸ ਸਾਰੇ ਕ੍ਰਿਸ਼ਮੇ ਦੇ ਪਿੱਛੇ ? ਸਿਰਫ਼ ਤੇ ਸਿਰਫ਼ ਮਜ਼ਦੂਰ ਜਿਹੜਾ ਘੱਗਰ ਵਿੱਚ ਪਏ ਪਾੜਾਂ ਨੂੰ ਬੰਨਣ ਵਿੱਚ ਪੇਸ਼ ਰਿਹਾ ? ਜਿਹੜਾ ਸੜਕਾਂ ਨੂੰ ਬਣਾਏਗਾ। ਜਿਸ ਨੇ ਦੋਬਾਰਾ ਲਗਭਗ 30,000 ਏਕੜ ਨੂੰ ਹਰਾ ਭਰਾ ਕਰ ਦਿੱਤਾ। ਕੀ ਕੋਈ ਹੋਰ ਹੈ ? ਕੀ ਕੋਈ ਇਸ ਦਾ ਸਨਮਾਨ ਕਰੇਗਾ ? ਨਹੀਂ ਇਹ ਇੱਕ ਦਿਨ ਆਪਣਾ ਸਨਮਾਨ ਆਪ ਕਰੇਗਾ। ਦੂਜੇ ਲੋਕ ਪਾਠ ਕਰਵਾਉਣਗੇ, ਕੋਈ ਮੰਦਰ 'ਤੇ ਚੜ੍ਹਾਵਾ ਚੜ੍ਹਾਏਗਾ। ਤੇ ਅਫ਼ਸਰਸ਼ਾਹੀ, ਧਾਰਮਿਕ ਜੱਥੇਬੰਦੀਆਂ ਤੇ ਐੱਨ. ਜੀ. ਓ. ਵਾਲੇ, ਵੋਟ ਪਾਰਟੀਆਂ ਵਾਲੇ

(**ਬਾਕੀ ਸਫ਼ਾ 9 'ਤੇ**)

ਹਰਿਆਣਾ ਦੀਆਂ ਪੰਚਾਇਤੀ ਚੋਣਾਂ

ਇਹ ਲੋਕਤੰਤਰ ਨਹੀਂ ਧਨਤੰਤਰ ਹੈ!

ਜੂਨ ਮਹੀਨਾ ਆਪਣੀ ਤਪਸ਼ ਕਰਕੇ ਪ੍ਰਸਿੱਧ ਹੈ। ਇਸ ਸਾਲ ਜੂਨ ਵਿੱਚ ਪਾਰਾ 45° ਤੋਂ ਵੱਧ ਰਿਹਾ। ਇੰਝ ਲੱਗਦਾ ਸੀ ਜਿਵੇਂ ਸਾਰੀ ਆਲਮੀ ਤਪਸ਼ ਹਰਿਆਣੇ ਦੇ ਪਿੰਡਾਂ ਵਿੱਚ ਛੁੱਟੀਆਂ ਮਨਾਉਣ ਆ ਗਈ ਹੋਵੇ। ਇਸ ਆਲਮੀ ਤਪਸ਼ ਵਿੱਚ ਪੰਚਾਇਤੀ ਚੋਣਾਂ ਦੀ ਗਰਮੀ ਵੀ ਘੁਲਮਿਲ਼ ਗਈ। ਜਿਸ ਨਾਲ਼ ਹਰਿਆਣੇ ਦੇ ਪਿੰਡ ਕਈ ਮਹੀਨੇ ਉਬਾਲੇ ਖਾਦੇ ਰਹੇ। ਕਈ ਥਾਂਵਾਂ 'ਤੇ ਤਾਂ ਵੋਟਾਂ ਤੋਂ ਬਾਅਦ ਵੀ ਇਹ ਤਪਸ਼ ਆਪਣਾ ਅਸਰ ਵਿਖਾ ਰਹੀ ਹੈ।

ਜਿਨ੍ਹਾਂ ਪਿੰਡਾਂ ਵਿੱਚ 24 ਘੰਟੇ ਬਿਜਲੀ ਰਹਿੰਦੀ ਹੈ ਜਾਂ ਜੋ ਧਨੀ ਹਨ। ਉਹ ਤਾਂ ਇਸ ਤਪਸ਼ ਤੋਂ ਬਚਣ ਦਾ ਪ੍ਰਬੰਧ ਕਰੀ ਬੈਠੇ ਸਨ। ਤੇ ਜਿੱਥੇ ਜਿਨ੍ਹਾਂ ਪਿੰਡਾਂ ਵਿੱਚ ਸਰਪੰਚੀ ਦੀ ਰਿਜ਼ਰਵੇਸ਼ਨ ਸੀ, ਉੱਥੇ ਮਾਲਕੀ ਵਾਲੀਆਂ ਜਮਾਤਾਂ ਚੋਣਾਵੀ ਤਪਸ਼ ਤੋਂ ਬਚੀਆਂ ਰਹੀਆਂ। "ਜਾਨ ਬਚੀ ਸੋ ਲਾਖੋਂ ਪਾਏ" ਦੀ ਕਹਾਵਤ ਵਾਂਗ ਇੱਥੇ ਸਵਰਣ ਜਾਤੀਆਂ ਇਹ ਕਹਿ ਰਹੀਆਂ ਸਨ। 'ਚਲੋ ਚੰਗਾ ਹੋਇਐ, ਇਹਨਾਂ ਗਰੀਬਾਂ ਤੋਂ ਤਾਂ ਬਚ ਗਏ, ਨਹੀਂ ਤਾਂ ਨਾਂ ਖੇਤਾਂ ਵਿੱਚ ਪੱਠੇ ਰਹਿਣੇ ਸਨ ਤੇ ਨਾ ਟਪਰਾਂ ਵਿੱਚ ਦਾਣੇ। ਤੇ ਪੈਸੇ ਕਿੰਨੇ ਲੱਗਦੇ ਉਸਦਾ ਕੋਈ ਹਿਸਾਬ ਨਹੀਂ ਸੀ ਰਹਿਣਾ।

ਪਰ ਇਸਦੇ ਉਲਟ ਰਿਜ਼ਰਵ ਤਬਕਿਆਂ ਵਿੱਚ ਵੀ ਚੋਣਾਂ ਵਿੱਚ ਖੜੇ ਹੋਣ ਦੀ ਅਜਿਹੀ ਹੋੜ ਲੱਗੀ, ਜਿਵੇਂ ਪੰਡੋਰਾਂ ਬਕਸ ਦਾ ਢੱਕਣ ਚੁੱਕਿਆ ਗਿਆ ਹੋਵੇ ਤੇ ਸਾਰੀਆਂ ਸ਼ਹਿਦ ਦੀਆਂ ਮੱਖੀਆਂ ਬਾਹਰ ਨਿਕਲ ਭਿਣ ਭਿਣਾ ਰਹੀਆਂ ਹੋਣ ਤੇ ਦੁਬਾਰਾ ਕਿਹੜਾ ਉਹਨਾਂ ਨੂੰ ਬਕਸਿਆਂ ਵਿੱਚ ਪਾਵੇ ?

ਪਰ ਜਿੱਥੇ ਮੁਕਾਬਲੇ ਓਪਨ ਸਨ ਉੱਥੇ ਤਾਂ "ਦੋਹੀਂ ਦਲੀਂ ਮੁਕਾਬਲਾ ਰਣ ਸੂਰੇ ਗੜਕਣ"

ਜਿਹੜੇ ਪਿੰਡ ਔਰਤਾਂ ਲਈ ਰਿਜ਼ਰਵ ਸਨ, ਉੱਥੇ ਕਰਤੇ ਧਰਤੇ ਤਾਂ ਮਰਦ ਹੀ ਸਨ ਤੇ ਔਰਤਾਂ ਤਾਂ ਵਿਚਾਰੀਆਂ ਖਾਨਾਪੂਰਤੀ ਹੀ ਸਨ।

ਅਜਿਹੇ ਮਾਰੋ ਮਾਰ ਵਾਲੇ ਸਮੇਂ ਜਦੋਂ ਸਭ ਕੁਝ ਤਰਲ ਅਵਸਥਾ ਵਿੱਚ ਸੀ ਤੇ ਸਭ ਕੁਝ ਤਲ 'ਤੇ ਤੈਰ ਰਿਹਾ ਸੀ, ਸਾਡੀ ਇੱਕ ਟੀਮ ਨੇ ਚੋਣਾਵੀ ਪਿੰਡਾਂ ਦਾ ਸਰਵੇਖਣ ਕੀਤਾ। ਜਿਨ੍ਹਾਂ ਦੀ ਗਿਣਤੀ ਲੱਗਭਗ 25 ਦੇ ਕਰੀਬ ਸੀ।

ਨਿਰੀਖਣ ਹੇਠਲੇ ਪਿੰਡ ਦੀ ਵੱਖਰਤ ਭਾਸ਼ਾ, ਜਾਤ, ਧਰਮ, ਰਾਜਨੀਤੀ ਤੇ ਭੂਗੋਲਿਕ ਤੌਰ ਹੈ। ਪਰ ਇਹਨਾਂ ਵਿੱਚ ਇਕ ਗੱਲ ਸਾਂਝੀ ਹੈ, ਇੱਥੇ ਪੂਰਵ ਪੂੰਜੀਵਾਦੀ ਰੂਪਾਂ ਦਾ ਭੋਗ ਪੈ ਚੁੱਕਾ ਹੈ। ਪੈਦਾਵਾਰ ਮੰਡੀ ਲਈ ਹੁੰਦੀ ਹੈ। ਖੇਤੀਬਾੜੀ ਵਿੱਚ ਵੱਡੇ ਪੈਮਾਨੇ 'ਤੇ ਪੂੰਜੀ ਤੇ ਕਿਰਤ ਦੀ ਵੰਡ ਹੋ ਗਈ ਹੈ।

ਵੱਡੀ ਪੱਧਰ 'ਤੇ ਲੋਕਲ ਤੇ ਪ੍ਰਵਾਸੀ ਮਜ਼ਦੂਰਾਂ ਦੀ ਕਿਰਤ ਖੇਤੀਬਾੜੀ 'ਚ ਲੱਗੀ ਹੋਈ ਹੈ। ਠੇਕੇ ਤੇ ਜ਼ਮੀਨ ਲੈਣ ਦਾ ਰੁਝਾਨ ਕਾਫੀ ਹੈ। ਇੱਥੋਂ ਤੱਕ ਕਿ ਦਲਿਤਾਂ ਵਿੱਚੋਂ ਉੱਭਰੇ ਧਨੀ ਕਿਸਾਨ ਵੀ ਇੱਕ ਏਕੜ ਤੋਂ ਲੈ ਕੇ 45 ਏਕੜ ਤੱਕ ਜ਼ਮੀਨ ਠੇਕੇ 'ਤੇ ਲੈ ਕੇ ਆਧੁਨਿਕ ਖੇਤੀ ਕਰਦੇ ਹਨ। ਇਸ ਇਲਾਕੇ 'ਚ ਸ਼ਬਜ਼ੀਆਂ ਤੇ ਬਹੁਤ ਹੀ ਚੰਗੀ ਕਿਸਮ ਦੀ ਬਾਸਮਤੀ ਦੀ ਵਧੇਰੇ ਕਾਸ਼ਤ ਹੁੰਦੀ ਹੈ। ਬਾਸਮਤੀ ਤਾਂ ਲਗਭਗ ਸਾਰੀ ਹੀ ਬਰਾਮਦ ਹੁੰਦੀ ਹੈ। ਦਲਿਤ ਧਨੀ ਕਿਸਾਨ ਸਿਰਫ਼ ਆਪਣੀ ਹੀ ਕਿਰਤ ਜਾਂ ਪਰਿਵਾਰ ਦੀ ਕਿਰਤ ਹੀ ਨਹੀਂ ਵਰਤਦੇ ਸਗੋਂ ਖੇਤੀਬਾੜੀ ਲਈ ਪੱਕੇ ਮਜ਼ਦੂਰ ਵੀ ਰੱਖਣ ਲੱਗੇ ਹਨ। ਇੱਥੇ ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਇਸ ਖਿੱਤੇ ਵਿੱਚ ਬਾਸਮਤੀ ਵਾਲੇ ਖੇਤਰ ਵਿੱਚ ਠੇਕਾ ਪ੍ਰਤੀ ਏਕੜ 37,000 ਤੋਂ ਲੈ ਕੇ 45,000 ਤੱਕ ਹੈ। ਨਰਮੇ ਵਾਲੇ ਖਿੱਤੇ ਵਿੱਚ ਵੀ ਠੇਕਾ 18,000 ਤੋਂ ਲੈ ਕੇ 26,000 ਤੱਕ ਹੈ। ਅੱਧੇ ਸਾਲ ਲਈ ਟਮਾਟਰਾਂ ਵਾਸਤੇ ਇੱਕ ਏਕੜ ਦਾ ਠੇਕਾ 27,000 ਰੁਪਏ ਤੋਂ ਘੱਟ ਨਹੀਂ।

ਇਸ ਘੱਗਰ ਬੈਲਟ ਦੇ ਪਿੰਡਾਂ ਵਿੱਚ ਜੇ ਲੰਘਣ ਦਾ ਮੌਕਾ ਮਿਲੇ, ਤਾਂ ਆਪ ਦੀਆਂ ਅੱਖਾਂ 40 ਲੱਖੀਆਂ, 50 ਲੱਖੀਆਂ ਤੇ ਸੰਭਵ ਹੈ ਕਰੋੜ ਤੱਕ ਦੀਆਂ ਕੋਠੀਆਂ ਵੇਖਣੋਂ ਨਾ ਰਹਿਣ ਸਕਣ। ਅੰਗਰੇਜ਼ੀ ਸਕੂਲਾਂ ਦੀ ਗਿਣਤੀ ਸ਼ਾਇਦ ਗਰੇਟ ਬ੍ਰਿਟੇਨ ਨਾਲੋਂ ਵੀ ਜ਼ਿਆਦਾ ਹੋਵੇ। ਟਾਈਆਂ ਲਾਈ ਜਾਂਦੇ ਬੱਚੇ ਜੋ ਵਧੀਆ ਵਰਦੀਆਂ ਵਿੱਚ ਲਿਸ਼ਕ ਪੁਸ਼ਕੇ ਹੁੰਦੇ ਹਨ, ਇੱਕ ਆਮ ਵੇਖਣਯੋਗ ਨਜ਼ਾਰਾ ਹੈ। ਇਹਨਾਂ ਵਿਦਿਆਰਥੀਆਂ ਵਿੱਚ ਕੁਝ ਪ੍ਰਤੀਸ਼ਤ ਦਲਿਤ ਧਨੀਆਂ ਦਾ ਵੀ ਸ਼ਾਮਲ ਹੈ।

ਇਹਨਾਂ ਪੰਚਾਇਤੀ ਚੋਣਾਂ ਵਿੱਚ ਪੂੰਜੀ ਨੇ ਆਪਣੀ ਸਰਵਉੱਚਤਾ ਸਾਬਤ ਕਰ ਦਿੱਤੀ ਹੈ। ਜੋ ਕੁਝ ਆਧਾਰ ਵਿੱਚ ਸੀ, ਉਹ ਉਸਾਰ ਵਿੱਚ ਪ੍ਰਗਟ ਹੋਇਆ ਹੈ।

ਪਾਠਕਾਂ ਦੇ ਸਮਝਣ ਲਈ ਅਸੀਂ ਇਸ ਸਰਵੇਖਣ ਨੂੰ ਹੇਠ ਲਿਖੇ ਅਨੁਸਾਰ ਵੰਡ ਸਕਦੇ ਹਾਂ।

1. ਪੰਚਾਇਤੀ ਚੋਣਾਂ ਵਿੱਚ ਪੂਰਵ ਪੂੰਜੀਵਾਦੀ ਪਰੰਪਰਾਗਤ ਰੂਪ ਲਾਂਭੇ ਧੱਕ ਦਿੱਤੇ ਗਏ ਹਨ। ਜਿਵੇਂ ਕਿ ਭਾਈਚਾਰਾ, ਇਲਾਕਾ, ਗੋਤ, ਜਾਤ, ਬਰਾਦਰੀ, ਖ਼ੂਨ ਦੇ ਰਿਸ਼ਤੇ ਜਾਂ ਜੱਦੀ ਪੁਸ਼ਤੀ ਤੁਰੀਆਂ ਆਉਂਦੀਆਂ ਦੁਸ਼ਮਣੀਆਂ ਵਰਗੇ ਕਾਰਕ ਜੋ ਕਦੇ ਮਹੱਤਵਪੂਰਨ ਰੋਲ ਅਦਾ ਕਰਦੇ ਸਨ। ਚੋਣਾਂ ਦੇ ਰੰਗ ਮੰਚ ਤੋਂ ਲੱਗਭਗ ਗਾਇਬ ਹੋ ਗਏ ਹਨ।

ਮਿਸਾਲ ਦੇ ਤੌਰ 'ਤੇ ਕਈ ਪਿੰਡਾਂ ਵਿੱਚ ਇੱਕ ਹੀ ਬਰਾਦਰੀ ਦੇ ਲੋਕਾਂ ਨੇ ਆਪਣੀ ਬਰਾਦਰੀ ਦੇ ਉਮੀਦਵਾਰ ਨੂੰ ਵੋਟ ਨਹੀਂ ਪਾਈ, ਸਗੋਂ ਦੂਜੀ ਬਰਾਦਰੀ ਦੇ ਉਮੀਦਵਾਰ ਨੂੰ ਵੋਟ ਪਾਈ। ਕਿਉਂਕਿ ਉਸ ਵਿੱਚ ਉਹਨਾਂ ਨੇ ਆਪਣੇ ਵਰਗ ਦੀ ਯੋਗ ਪ੍ਰਤੀਨਿੱਧਤਾ ਵੇਖੀ। ਇਹੋ ਕੁਝ ਗੋਤਾਂ ਨਾਲ਼ ਵਾਪਰਿਆ। ਇੱਕ ਪਿੰਡ ਵਿੱਚ ਇੱਕ ਗੋਤ ਦੇ ਮਾਲਕਾਂ ਦੀ ਗਿਣਤੀ ਬਹੁਤਾਤ ਵਿੱਚ ਹੈ। ਪਰ ਜਿੱਤਿਆ ਉੱਥੇ ਉਹ ਉਮੀਦਵਾਰ ਜਿਨ੍ਹਾਂ ਦਾ ਆਪਣੇ ਪਿੰਡ ਵਿੱਚ ਸਿਰਫ਼ ਇੱਕ ਘਰ ਹੀ ਹੈ, ਉਹਨਾਂ ਦੇ ਗੋਤ ਦਾ। ਇਹੋ ਕੁਝ ਜਾਤ ਨਾਲ਼ ਵਾਪਰਿਆ। ਕਈ ਪਿੰਡਾਂ ਵਿੱਚ ਉਮੀਦਵਾਰ ਇੱਕੋ ਜਾਤ ਦੇ ਹਨ ਜਾਂ ਇੱਕੋ ਇਲਾਕੇ ਦੇ ਜਾਂ ਜਿੱਥੋਂ ਉਹ ਆ ਕੇ ਵੱਸੇ ਹਨ ਉਹਨਾਂ ਦਾ ਪਿਛੋਕੜ ਇੱਕ ਹੀ ਪਿੰਡ ਦਾ ਹੈ। ਪਰ ਵੋਟ

ਪਾਉਣ ਵੇਲੇ ਇਹ ਕੋਈ ਤਰਜੀਹ ਨਹੀਂ ਰਹੀ।

ਹਾਂ, ਕੁੱਝ ਅਜਿਹਾ ਹੀ ਜੱਦੀ ਪੁਸ਼ਤੀ ਦੁਸ਼ਮਣੀ ਵਾਲੇ ਗਰੁੱਪਾਂ, ਜਿਹੜੇ ਆਪਣੇ ਆਪਣੇ ਧੜੇ ਦਾ ਹੀ ਸਮਰਥਨ ਕਰਦੇ ਸਨ, ਨਾਲ਼ ਵਾਪਰਿਆ। ਪੰਜਾਹ ਪੰਜਾਹ ਸਾਲ ਦੀਆਂ ਦੁਸ਼ਮਣੀਆਂ ਧਰੀਆਂ ਰਹਿ ਗਈਆਂ। ਉਹਨਾਂ ਨੇ ਤਰਜੀਹ ਆਪਣੇ ਜਮਾਤੀ ਹਿੱਤਾਂ ਨੂੰ ਦਿੱਤੀ। ਤੇ ਬਹੁਤ ਥਾਂ ਅਜਿਹੇ ਇੱਕ ਹੀ ਉਮੀਦਵਾਰ ਦੇ ਸਮਰਥਨ ਵਿੱਚ ਰਾਤ ਦਿਨ ਜੁਟੇ ਰਹੇ।

2. ਜਗੀਰੂ ਦੌਰ ਵਿੱਚ ਧਰਮ ਤੇ ਜਗੀਰ ਪ੍ਰਮੁੱਖ ਰੋਲ ਅਦਾ ਕਰਦੇ ਸਨ। ਅਜਿਹਾ ਸਾਡੇ ਸਰਵੇਖਣ ਹੇਠਲੇ ਇਲਾਕੇ ਵਿੱਚ ਵੀ ਆਜ਼ਾਦੀ ਤੋਂ ਬਾਅਦ ਦੀਆਂ ਚੋਣਾਂ ਵਿੱਚ ਆਮ ਨਜ਼ਰ ਆਇਆ। ਜਿੱਥੇ ਨਾਮਧਾਰੀ ਇਲਾਕੇ ਵਿੱਚ ਗੁਰੂ ਦਾ "ਹੁਕਮ" ਹੀ ਪ੍ਰਮੁੱਖ ਭੂਮਿਕਾ ਨਿਭਾਉਂਦਾ ਸੀ ਕਿ ਕਿਹੜਾ ਸਰਪੰਚ ਤੇ ਕਿਹੜਾ ਮੈਂਬਰ ਬਣੇਗਾ ਜਾਂ ਕਿਸ ਨੂੰ ਵੋਟ ਪਾਉਣੀ ਹੈ ਜਾਂ ਨਹੀਂ ਪਾਉਣੀ। ਉੱਥੇ ਹੋਰ ਇਲਾਕਿਆ ਵਿੱਚ ਕੋਈ ਜਗੀਰਦਾਰ ਪਰਿਵਾਰ ਇਹ ਰੋਲ ਨਿਭਾਉਂਦਾ ਸੀ। ਲੰਮਾ ਸਮਾਂ ਇਸ ਇਲਾਕੇ ਦੀ ਉੱਭਰ ਰਹੀ ਮਾਲਕੀ ਵਾਲੀ ਜਮਾਤ ਨੇ ਇਸ ਹੁਕਮ ਨਾਲ਼ ਟੱਕਰ ਲਈ ਤੇ ਅੰਤ ਵਿੱਚ ਬੇਅਸਰ ਹੋ ਗਿਆ। ਤੇ ਇਹਨਾਂ ਚੋਣਾਂ ਵਿੱਚ ਵੀ ਕਿਸੇ ਤਰ੍ਹਾਂ ਦੇ ਹੁਕਮ ਦਾ ਪੱਤਾ, ਗੈਰ ਹਾਜ਼ਰ ਰਿਹਾ। 'ਹੁਕਮ' ਵਾਲਿਆਂ ਇਲਾਕਿਆਂ ਵਿੱਚ ਹੋਰ ਜਨਵਾਦੀ ਤੱਤਾਂ ਦੇ ਨਾਲ਼ ਸੀ.ਪੀ.ਆਈ. ਦੀ ਵੀ ਹੁਕਮ ਦੇ ਖਿਲਾਫ਼ ਜਨਵਾਦੀ ਅਧਿਕਾਰਾਂ ਦੀ ਲੜਾਈ ਵਿੱਚ ਮਹੱਤਵਪੂਰਨ ਭੂਮਿਕਾ ਰਹੀ ਹੈ। ਤੇ ਚੋਣਾਵੀਂ ਯੁੱਧ ਦੇ ਮੱਲ ਪੂਰੀ ਤਰ੍ਹਾਂ ਪੇਂਡੂ ਧਨੀ ਵਰਗਾਂ ਦੇ ਸਨ। ਭਾਵੇਂ ਉਹ ਸਵਰਨ ਜਾਤੀਆਂ ਜਾਂ ਗੈਰ ਸਵਰਨ ਜਾਤੀਆਂ ਦੇ ਹੋਣ।

3. ਇਹਨਾਂ ਚੋਣਾਂ ਵਿੱਚ ਪੈਸੇ ਦੀ ਖੁੱਲਕੇ ਵਰਤੋਂ ਹੋਈ। ਜਿੱਥੇ ਕੈਂਡੀਡੇਟ ਸਵਰਨ ਜਾਤੀਆਂ ਦੇ ਸਨ ਖਰਚੇ ਦੀ ਦਰ ਇੱਕ ਲੱਖ ਤੋਂ ਇੱਕ ਕਰੋੜ ਤੱਕ ਪਹੁੰਚ ਗਈ। ਜਿੱਥੇ ਕੈਂਡੀਡੇਟ ਰਿਜ਼ਰਵ ਸਨ, ਉੱਥੇ ਵੀ ਧਨ ਦੀ ਵਰਤੋਂ ਹੋਈ ਹੈ। ਭਾਵੇਂ ਕਿ ਉਹਨਾਂ ਦੀ ਦਰ ਕਿਤੇ ਵੀ ਸਵਰਣਾਂ ਨੂੰ ਨਹੀਂ ਛੂਹ ਸਕੀ। ਪਰ ਦਲਿਤਾਂ ਲਈ ਇਹ ਕਾਫੀ ਉੱਚੀ ਦਰ ਹੈ। ਜਿਵੇਂ ਇੱਕ ਪਿੰਡ ਵਿੱਚ ਨੋਟ ਕੀਤਾ ਗਿਆ ਇਹ ਲਗਭਗ 2.5 ਲੱਖ ਤੋਂ ਵੀ ਵੱਧ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਦਲਿਤਾਂ ਵਿੱਚ ਵੀ ਇੱਕ ਧਨੀ ਵਰਗ ਪੈਦਾ ਹੋ ਰਿਹਾ ਹੈ। ਇਹ ਦਰ ਉਦੋਂ ਹੈ ਜਦੋਂ ਉਸਦੇ ਮੁਕਾਬਲੇ ਦੇ ਕੈਂਡੀਡੇਟ ਦਾ ਖਰਚਾ ਸਿਰਫ਼ ਸਿਰਫ਼ ਤੀਹ ਹਜ਼ਾਰ ਤੱਕ ਹੀ ਸੀ।

ਧਨ ਜਿਨ੍ਹਾਂ ਮੱਦਾਂ 'ਤੇ ਖਰਚ ਹੋਇਆ ਉਹਨਾਂ ਵਿੱਚ ਪ੍ਰਮੁੱਖ ਵੋਟਾਂ ਦੀ ਖਰੀਦੋ ਫਰੋਖਤ ਹੈ। ਪਰ ਸ਼ਰਾਬ, ਭੁੱਕੀ, ਸਮੈਕ, ਹੈਰੋਇਨ ਆਦਿ ਨਸ਼ਿਆ 'ਤੇ ਲੱਗਿਆ ਬਜਟ ਵੀ ਘੱਟ ਨਹੀਂ। ਸ਼ਰਾਬ ਦੀ ਵਰਤੋਂ ਇੰਨੀ ਸੀ ਕਿ ਇੱਕ ਠੇਕੇ ਵਾਲੇ ਨੇ ਜਾਂਚ ਟੀਮ ਨੂੰ ਕਿਹਾ ਕਿ ਅਸੀਂ ਤਾਂ ਬਿਲਕੁੱਲ ਵਿਹਲੇ ਹਾਂ। ਸਾਡੇ ਕੋਲ ਕੋਈ ਵੀ ਪੀਣ ਲਈ ਨਹੀਂ ਆਉਂਦਾ। ਜਦੋਂ ਕਿ ਆਮ ਦਿਨਾਂ ਵਿੱਚ ਉੱਥੇ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਹੁਣ ਇਹ ਸਾਰੇ ਪਿਆਕੜ ਸਰਪੰਚਾਂ ਮੈਂਬਰਾਂ ਦੇ ਘਰਾਂ ਵਿੱਚ ਲੱਗੇ ਅਟੁੱਟ ਲੰਗਰਾਂ 'ਚ ਆਪਣੀ ਹਾਜ਼ਰੀ ਲੁਆ ਰਹੇ ਸਨ। ਇਹ ਨਜ਼ਾਰਾ ਬੇਹੱਦ ਧਾਰਮਿਕ ਪਿੰਡਾਂ ਤੇ ਧਾਰਮਿਕ ਪਿਛੋਕੜ ਵਾਲੇ ਘਰਾਂ ਦਾ ਹੈ ਜਿਨ੍ਹਾਂ ਪਿੰਡਾਂ ਵਿੱਚ ਤੇ ਘਰਾਂ ਵਿੱਚ ਸ਼ਰਾਬ ਨੂੰ ਦੇਸ਼-ਨਿਕਾਲਾ ਸੀ। ਪੁਰਾਣੀ ਨੈਤਿਕਤਾ ਤੇ ਮੁੱਲਾਂ ਦਾ ਹਰਾਸ ਆਪਣੀ ਅੱਖੀਂ ਆਪ ਵੇਖ ਸਕਦੇ ਹੋ।

ਚੋਣ ਸਰਗਰਮੀਆਂ ਦੇ ਦਿਨਾਂ ਵਿੱਚ ਤਾਂ ਛੂਆ-ਛੂਤ ਛੂ-ਮੰਤਰ ਹੋ ਗਿਆ ਭਾਵੇਂ ਇਸ ਖਿੱਤੇ ਵਿੱਚ ਇਹ ਪਹਿਲਾ ਵੀ ਕਾਫ਼ੀ ਘੱਟ ਗਿਆ ਹੈ। ਘੱਟੋ ਘੱਟ ਇਹਨਾਂ ਦਿਨਾਂ ਵਿੱਚ ਦਾਰੂ ਦੀ ਪਿਆਲੀ ਦੀ ਨਹੀਂ ਸਗੋਂ ਚਾਹ ਦੀ ਪਿਆਲੀ ਦੀ ਸਾਂਝ ਪੈ ਗਈ।

ਵੱਡੇ ਵੱਡੇ ਪੋਸਟਰਾਂ ਨੂੰ ਵੇਖਕੇ ਇਕ ਪੇਂਡੂ ਨੇ ਕਿਹਾ ਕਿ ਕੀ ਨਜ਼ਾਰਾ ਹੈ। ਆਪਣਾ ਪਿੰਡ ਵੀ ਸ਼ਹਿਰ ਬਣ ਗਿਆ। ਜੀਪਾਂ ਕਾਰਾਂ ਤੇ ਉਹਨਾਂ ਨੂੰ ਝੂਟੇ ਮਿਲ ਗਏ। ਜਿਨ੍ਹਾਂ ਨੂੰ ਇਹਨਾਂ ਦੇ ਨੇੜੇ ਵੀ ਨਹੀਂ ਸੀ ਖੜਣ ਦਿੱਤਾ ਜਾਂਦਾ। ਕੈਂਡੀਡੇਟਾਂ ਦੇ ਘਰਾਂ ਵਿੱਚ ਕੁੱਝ ਰਿਸ਼ਤੇਦਾਰ ਤੇ ਜੁਆਈ ਭਾਈ ਆਏ ਹੋਏ ਸਨ। ਕਈ ਤਾਂ ਕਈਆਂ ਨੂੰ ਕੂਹਣੀਆਂ ਮਾਰਕੇ ਕਹਿ ਰਹੇ ਸਨ "ਅੱਗੇ ਤਾਂ ਇਹਨਾਂ ਨੇ ਅਜਿਹੀ ਸੇਵਾ ਕਦੇ ਨਹੀਂ ਕੀਤੀ।" ਸ਼ਰਾਬ ਰੂੜੀ ਮਾਰਕਾ ਤੋਂ ਲੈ ਕੇ ਮਹਿੰਗੇ ਬਰਾਂਡਾ ਵਾਲੀ। ਜਿਹੋ ਜਿਹਾ ਬੰਦਾ ਉਹੋ ਜਿਹੀ ਸ਼ਰਾਬ। ਜਿਹੋ ਜਿਹਾ ਮੂੰਹ ਉਹੋ ਜਿਹੀ ਚਪੇੜ। ਇੱਥੇ ਵੀ ਜਮਾਤੀ ਪੋਜ਼ੀਸ਼ਨ ਸਾਫ਼ ਪ੍ਰਗਟ ਸੀ।

ਚਾਹ-ਪਾਣੀ, ਰੋਟੀ, ਠੰਡੇ, ਛਕੇ ਬਿਨਾਂ ਕੈਂਡੀਡੇਟ ਕਿਸੇ ਨੂੰ ਘਰੋ ਜਾਣ ਨਹੀਂ ਸਨ ਦਿੰਦੇ।

ਔਰਤ ਕੈਂਡੀਡੇਟਾਂ ਨੇ ਘਰ-ਘਰ ਜਾ ਕੇ ਵੋਟਾਂ ਮੰਗੀਆਂ। ਇਹ ਕਾਫ਼ੀ ਦਿਲਚਸਪ ਸੀ ਕਿ ਉਹਨਾਂ ਪਿੰਡਾਂ ਦੀਆਂ (ਬਾਗੜੀ) ਔਰਤਾਂ ਜਿਹੜੀਆਂ ਪਹਿਲਾ ਪਰਦੇ ਵਿੱਚ ਰਹਿੰਦੀਆਂ ਸਨ, ਜਨਤਾ ਵਿੱਚ ਪ੍ਰਗਟ ਹੋਈਆਂ। ਤੇ ਦੀਵਾਰਾਂ ਤੇ ਉਹਨਾਂ ਦੇ ਪੋਸਟਰ ਆਮ ਲੱਗੇ ਹੋਏ ਸਨ। ਇਸ ਤਰ੍ਹਾਂ ਘਰਾਂ ਦੀਆਂ ਮਾਵਾਂ ਚੌਖਟੇ ਤੋਂ ਬਾਹਰ ਆਈਆਂ। ਇਹ ਇੱਕ ਚੰਗੀ ਸ਼ੁਰੂਆਤ ਸੀ ਤੇ ਸਾਮੰਤੀ ਤਾਣਾਬਾਣਾ ਟੁੱਟਦਾ ਨਜ਼ਰ ਆਇਆ।

ਇਸ ਜਾਂਚ ਹੇਠਲੇ ਪਿੰਡਾਂ ਵਿੱਚ ਰਿਜ਼ਰਵ ਉਮੀਦਵਾਰ ਹੁਣ ਕਿਸੇ ਸਵਰਣ ਜਾਂ ਕਿਸੇ ਵਿਅਕਤੀ ਵਿਸ਼ੇਸ਼ ਦੇ ਥੱਲੇ ਲੱਗਕੇ ਨਹੀਂ ਚੱਲ ਰਹੇ। ਸਗੋਂ ਸੁਤੰਤਰ ਰੂਪ ਵਿੱਚ ਦਲਿਤ ਜਾਤੀਆਂ ਵਿੱਚੋਂ ਉੱਭਰ ਰਹੇ ਧਨੀ ਵਰਗ ਦੇ ਨੁਮਾਇੰਦੇ ਵਜੋਂ ਹੋਂਦ ਦਰਜ ਕਰਵਾ ਰਹੇ ਹਨ। ਹੁਣ ਉਹ ਥਾਣੇ, ਕੋਰਟ ਕਚਿਹਰੀ ਵਿੱਚ ਆਪ ਜਾ ਕੇ ਕੰਮ ਕਰਵਾ ਰਹੇ ਹਨ। ਜਦੋਂ ਕਿ ਪਹਿਲਾ ਉਹ ਕਿਸੇ ਸਵਰਣ ਨੂੰ ਹੀ ਨਾਲ਼ ਲੈ ਕੇ ਕੰਮ ਕਰਵਾਉਂਦੇ ਸਨ।

ਇਹਨਾਂ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਦਾ ਵਰਤਾਰਾ ਦਲਿਤ ਵੋਟਰਾਂ ਰਾਹੀਂ ਨਕਾਰ ਦਿੱਤਾ ਗਿਆ। ਇੱਥੋਂ ਤੱਕ ਕਿ ਜਿੱਥੇ ਇੱਕ ਪਿੰਡ ਵਿੱਚ ਇਹਨਾਂ ਦਾ ਪਹਿਲਾਂ ਸਰਪੰਚ ਜਿੱਤਿਆ ਸੀ। ਉੱਥੇ ਇਹਨਾਂ ਦੇ ਉਮੀਦਵਾਰ ਨੂੰ ਆਪਣਾ ਨਾਂ ਵਾਪਸ ਲੈਣਾ ਪਿਆ।

ਅਜਿਹਾ ਕੁੱਝ ਹੀ ਇੱਕ ਬਾਬੇ ਨਾਲ਼ ਹੋਇਆ। ਜਿਸ ਦੇ ਘਰ ਵੀਰਵਾਰ ਨੂੰ 'ਚੌਂਕੀ' ਲੱਗਦੀ ਹੈ ਤੇ ਔਰਤਾਂ ਮਰਦਾਂ ਦੀ ਵੱਡੀ ਭੀੜ ਜੁੱਟਦੀ ਹੈ। ਪਰ ਉਸਨੂੰ ਵੋਟਾਂ ਪੰਜਾਹ ਤੋਂ ਵੀ ਥੱਲੇ ਪਈਆਂ।

ਅਧਿਐਨ ਹੇਠਲੇ ਇਲਾਕੇ ਵਿੱਚ ਜਿੱਥੇ ਕਦੇ ਭਾਰਤ ਦੀ ਕਮਿਊਨਿਸਟ ਪਾਰਟੀ (ਸੀ. ਪੀ. ਆਈ.) ਦਾ ਬਹੁਤ ਹੀ

ਬੋਲਬਾਲਾ ਰਿਹਾ ਹੈ ਤੇ ਕਈ ਪਿੰਡਾਂ ਵਿੱਚ ਇਸ ਦੇ ਮੈਂਬਰ ਸਰਪੰਚ ਵੀ ਰਹੇ ਸਨ। ਦੋ ਦਹਾਕੇ ਤੱਕ ਸੀ. ਪੀ. ਆਈ. ਇੱਥੇ ਕਿਸਾਨਾਂ, ਖੇਤ ਮਜ਼ਦੂਰਾਂ, ਦਲਿਤਾਂ ਤੇ ਪੜ੍ਹੇ ਲਿਖੇ ਲੋਕਾਂ ਵਿੱਚ ਇੱਕ ਵੱਡੀ ਸ਼ਕਤੀ ਰਹੀ ਹੈ। ਪਿੰਡਾਂ ਵਿੱਚ ਰਾਤਾਂ ਨੂੰ ਆਪਣੇ ਜਲਸਿਆ ਵਿੱਚ ਵੱਡੀਆਂ ਭੀੜਾਂ ਜੁਟਾਉਂਦੀ ਰਹੀ ਹੈ। ਬੜੀ ਹੈਰਾਨੀ ਦੀ ਗੱਲ ਹੈ ਇਹਨਾਂ ਚੋਣਾਂ ਵਿੱਚ ਆਪਣੀ ਹਾਜ਼ਰੀ ਦਰਜ ਕਰਵਾਉਣੋਂ ਹੀ ਨਾਕਾਮ ਰਹੀ। ਸਗੋਂ ਕਈ ਪਿੰਡਾਂ ਵਿੱਚ ਇਸ ਦੇ ਪਾਰਟੀ ਮੈਂਬਰਾਂ ਨੇ ਹੋਰਾਂ ਪਾਰਟੀਆਂ ਦੇ ਉਮੀਦਵਾਰਾਂ ਦੇ ਹੱਕ ਵਿੱਚ ਖੁੱਲਕੇ ਪ੍ਰਚਾਰ ਕੀਤਾ।

ਹੈਰਾਨਕੁੰਨ ਤੱਥ ਹੈ ਕਿ ਕਈ ਪਿੰਡਾਂ ਵਿੱਚ ਦੋਨੋਂ ਸਰਪੰਚੀ ਦੇ ਉਮੀਦਵਾਰ ਇੱਕੋਂ ਪਾਰਟੀ ਦੇ ਸਨ। ਕਾਂਗਰਸ ਜਾਂ ਇਨੇਲੋ ਦੇ। ਪਰ ਵੋਟਾਂ ਪਾਉਣ ਲਈ ਵੋਟਰਾਂ ਨੇ ਆਜ਼ਾਦੀ ਵਖਾਈ। ਕੋਈ ਜ਼ਰੂਰੀ ਨਹੀਂ ਕਿ ਕਾਂਗਰਸੀ ਉਮੀਦਵਾਰ ਨੂੰ ਕਾਂਗਰਸੀਆਂ ਨੇ ਵੋਟਾਂ ਪਾਈਆਂ। ਸਗੋਂ ਦੂਜਿਆਂ ਨੇ ਵੀ ਪਾਈਆਂ। ਇਸ ਦੇ ਐਨ ਉਲਟ ਵੀ। ਆਪਣੇ ਉਪਰਲੇ ਅਕਾਵਾਂ ਦੇ ਕਿਸੇ ਵੀ ਹੁਕਮ ਨੂੰ ਉਹਨਾਂ ਨੇ ਦਰਕਿਨਾਰ ਕਰ ਦਿੱਤਾ। ਪੇਂਡੂ ਸਰਮਾਏਦਾਰੀ ਦੇ ਆਪਣੇ ਜਮਾਤੀ ਹਿੱਤ ਹੀ ਪ੍ਰਮੁੱਖ ਸਨ।

ਵੋਟ ਪ੍ਰਤੀਸ਼ਤ ਬਹੁਤ ਹੀ ਉੱਚਾ ਲਗਭਗ 90 ਫੀਸਦੀ ਸੀ। ਪੇਂਡੂ ਸਰਮਾਏਦਾਰੀ ਨੇ ਇਹਨਾਂ ਚੋਣਾਂ ਵਿੱਚ ਪੇਂਡੂ ਖੇਤਰ ਵਿੱਚ ਆਪਣੀ ਲੀਡਰਸ਼ਿਪ ਨੂੰ ਨਿਰਵਿਵਾਦ ਰੂਪ ਵਿੱਚ ਸਿੱਧ ਕਰ ਦਿੱਤਾ।

ਇਹਨਾਂ ਪੰਚਾਇਤੀ ਚੋਣਾਂ ਨੇ ਪੇਂਡੂ ਗਰੀਬ ਤਬਕੇ ਤੇ ਖੇਤ ਮਜ਼ਦੂਰਾਂ ਦੇ ਭਰਮਾਂ ਨੂੰ ਚਕਨਾਚੂਰ ਕਰ ਦਿੱਤਾ, ਕਿ ਇਹਨਾਂ ਸੰਸਥਾਵਾਂ ਨੂੰ ਕਦੇ ਉਹ ਵੀ ਆਪਣੇ ਹਿੱਤਾਂ ਲਈ ਵਰਤ ਸਕਣਗੇ। ਇੱਕ ਪਿੰਡ ਵਿੱਚ ਖੇਤ ਮਜ਼ਦੂਰ ਨੇ ਜਾਂਚ ਟੀਮ ਨੂੰ ਕਿਹਾ ਕਿ "ਇਹ ਕੋਈ ਇਲੈਕਸ਼ਨ ਹੈ? ਇਹ ਤਾਂ ਨਿਰੀ ਪੈਸਿਆ ਦੀ ਖੇਡ ਹੈ। ਜਿਹੜਾ ਪੈਸੇ ਲਾਵੇਗਾ ਉਹੋ ਹੀ ਇਸ ਵਿੱਚ ਖੜਾ ਹੋਵੇਗਾ।" ਤੇ ਇੱਕ ਹੋਰ ਪੇਂਡੂ ਵੋਟਰ ਨੇ ਕਿਹਾ। "ਇੰਨਾ ਧਨ ਖਰਚ ਕੇ ਏਨਾ ਸਰਪੰਚਾਂ ਨੂੰ ਕੀ ਲੱਭੂ।" ਪੰਚਾਇਤੀ ਚੋਣਾਂ ਵਿੱਚੋਂ ਇਹ ਨੰਗਾ ਚਿੱਟਾ ਸੱਚ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਚੋਣਾਂ ਹੁਣ ਪੇਂਡੂ ਧਨੀ ਜਮਾਤਾਂ ਦਾ ਹੀ ਅਖਾੜਾ ਬਣ ਕੇ ਰਹਿ ਗਈਆਂ ਹਨ।

ਵੋਟਾਂ ਵੇਚਣਾਂ ਤੇ ਵੋਟਾਂ ਖਰੀਦਣਾ ਪਹਿਲਾ ਵਾਂਗ ਕੋਈ ਅਨੈਤਿਕ ਕਾਰਵਾਈ ਨਹੀਂ ਰਹੀ। ਜਿਹੜੇ ਗਰੀਬ ਵੋਟਰ ਉਮੀਦਵਾਰ ਤੋਂ ਪੈਸੇ ਲੈਣ ਤੋਂ ਇਨਕਾਰ ਕਰਦੇ ਸਨ, ਉਹਨਾਂ ਨੂੰ ਸ਼ੱਕੀ ਨਜ਼ਰ ਨਾਲ਼ ਵੇਖਿਆ ਜਾਂਦਾ ਸੀ। ਤੇ ਉਹਨਾਂ ਦੀ ਵੋਟ ਨੂੰ ਕੋਈ ਵੀ ਉਮੀਦਵਾਰ ਆਪਣੇ ਖਾਤੇ ਵਿੱਚ ਨਹੀਂ ਸੀ ਗਿਣਦਾ। ਇਸਦੇ ਬਾਵਜੂਦ ਕਾਫ਼ੀ ਵੱਡੀ ਮਾਤਰਾ ਵਿੱਚ ਗਰੀਬ ਤੇ ਖੇਤ ਮਜ਼ਦੂਰਾਂ ਨੇ ਵੋਟਾਂ ਵੇਚਣ ਤੋਂ ਇਨਕਾਰ ਕੀਤਾ। ਭਾਵੇਂ ਇਹ ਕਾਰਵਾਈ ਕੋਈ ਸੁਚੇਤ ਸੰਗਠਿਤ ਕਾਰਵਾਈ ਨਹੀਂ ਸੀ। ਸਗੋਂ ਪੂਰਣ ਪੂੰਜੀਵਾਦੀ ਨੈਤਿਕਤਾ ਤੋਂ ਪ੍ਰੇਰਿਤ ਸੀ।

ਇਹਨਾਂ ਚੋਣਾਂ ਵਿੱਚ ਪੇਂਡੂ ਧਨੀਆਂ ਤੇ ਮਜ਼ਦੂਰਾਂ ਤੇ ਗਰੀਬ ਤਬਕਿਆਂ ਵਿੱਚ ਬੇਹੱਦ ਅਵਿਸ਼ਵਾਸ ਦੀ ਭਾਵਨਾ ਸੀ। ਵੋਟਾਂ ਖਰੀਦਣ ਵੇਲੇ ਉਮੀਦਵਾਰ ਤੇ ਉਹਨਾਂ ਦੇ ਸਮਰਥਨ ਸ਼ਨਾਖਤੀ ਕਾਰਡ ਜਾਂ ਰਾਸ਼ਨ ਕਾਰਡ ਲੈਂਦੇ ਸਨ ਤਾਂ ਕਿ ਉਹ ਵੋਟ ਦੋਬਾਰਾ ਦੂਜੇ ਉਮੀਦਵਾਰ ਨੂੰ ਨਾ ਵੇਚ ਸਕਣ। ਇਹ ਸ਼ਨਾਖਤੀ ਕਾਰਡ ਤੇ ਰਾਸ਼ਨ ਕਾਰਡ ਵੋਟ ਪਾਉਣ ਵੇਲੇ ਹੀ ਦਿੱਤੇ ਜਾਂਦੇ ਸਨ। ਇੰਨੇ ਕੁਝ ਦੇ ਬਾਵਜੂਦ ਵੋਟਾਂ ਖਰੀਦਣ ਵਾਲੇ ਦਾ ਵੋਟਰ ਤੇ ਕੋਈ ਵਿਸ਼ਵਾਸ ਨਹੀਂ ਸੀ। ਵੋਟ ਖਰੀਦਣ ਵਾਲੇ ਪੇਂਡੂ ਧਨੀ ਇਸ ਕਿਰਿਆ ਨੂੰ ਖੁਦ ਹੀ ਸ਼ੁਰੂ ਕਰਦੇ ਸਨ। ਪਰ ਕਿਰਦਾਰਕੁਸ਼ੀ ਸਿਰਫ਼ ਗਰੀਬ ਵੋਟਰਾਂ ਦੀ ਕਰਦੇ ਸਨ ਕਿ ਇਹ ਤਾਂ ਵਿਕਾਊ ਮਾਲ ਹਨ।

ਪਰ ਪੇਂਡੂ ਧਨੀਆਂ ਦੀ ਇਹ ਸਮਰਥਾ (ਖਰੀਦੋ ਫਰੋਖਤ) ਸਿਰਫ਼ ਇਸ ਕਰਕੇ ਹੀ ਹੈ ਕਿ ਉਹਨਾਂ ਨੇ ਪੇਂਡੂ ਮਜ਼ਦੂਰਾਂ ਦੀ ਕਿਰਤ ਸ਼ਕਤੀ ਨੂੰ ਬੇਹੱਦ ਨਿਚੋੜ ਕੇ ਹੀ ਇਹ ਧਨ ਇਕੱਠਾ ਕੀਤਾ ਹੈ। ਪੇਂਡੂ ਮਜ਼ਦੂਰਾਂ ਦੀ ਲੁੱਟ ਵਿੱਚੋਂ ਕਮਾਏ ਧਨ ਵਿੱਚੋਂ ਕੁਝ ਨਿਗੂਣਾ ਹਿੱਸਾ ਉਹਨਾਂ ਨੂੰ ਮੋੜ ਕੇ ਆਪਣੇ ਆਪ ਨੂੰ ਸੱਚਾ ਸੁੱਚਾ ਸਿੱਧ ਕਰਦੇ ਹਨ। ਤੇ ਅਸੀਂ ਵੇਖ ਸਕਦੇ ਹਾਂ ਕਿ ਕਿਸ ਤਰ੍ਹਾਂ ਮਜ਼ਦੂਰ ਜਮਾਤ ਦੀ ਪੈਦਾ ਕੀਤੀ ਪੂੰਜੀ ਉਸਦੇ ਪੈਰਾਂ ਦੀ ਬੇੜੀ ਬਣ ਜਾਂਦੀ ਹੈ।

ਇੱਕ ਵਰਗ ਚੇਤੰਨ ਮਜ਼ਦੂਰ ਜਮਾਤ ਦੇ ਤੌਰ 'ਤੇ ਪੇਂਡੂ ਮਜ਼ਦੂਰਾਂ ਦੀ ਹਾਜ਼ਰੀ ਨਾ ਦੇ ਬਰਾਬਰ ਸੀ।

ਸਾਡੀ ਟੀਮ ਨੇ ਆਪਣੀ ਜਾਂਚ ਦੇ ਦੌਰਾਨ ਵੇਖਿਆ ਹੈ ਕਿ ਪੇਂਡੂ ਗਰੀਬ ਤੇ ਮਜ਼ਦੂਰ ਇਹਨਾਂ ਪੰਚਾਇਤੀ ਸੰਸਥਾਵਾਂ ਨੂੰ ਕਦੇ ਵੀ ਆਪਣੇ ਹਿੱਤ ਲਈ ਨਹੀਂ ਵਰਤ ਸਕਦਾ। ਇੱਥੋਂ ਤੱਕ ਕਿ ਉਹ ਇਹਨਾਂ ਵਿੱਚ ਆਪਣੀ ਹਾਜ਼ਰੀ ਵੀ ਸੁਨਿਸ਼ਚਿਤ ਨਹੀਂ ਕਰ ਸਕਦਾ।

— ਕਸ਼ਮੀਰ
ਸ਼ਹੀਦ ਭਗਤ ਸਿੰਘ ਵਿਚਾਰ ਮੰਚ
ਸੰਤ ਨਗਰ

• •

(ਸ.ਫ਼ਾ 6 ਦਾ ਬਾਕੀ)

ਦੁਹਰਾਉਣਗੇ। 'ਸਭ ਪ੍ਰਬੰਧ ਕਰ ਲਏ ਗਏ ਹਨ', ਦਾ ਹੋਕਾ ਦੇਣਗੇ। ਕੀ ਇਹ ਇਸ ਤਰ੍ਹਾਂ ਹੀ ਚੱਲੇਗਾ?

ਫਿਰ ਇੱਕ ਪਾਸੇ ਰੋਮ ਦੇ ਗੁਲਾਮਾਂ ਵਾਂਗ ਹੁਕਮ ਦੀਆਂ ਜੰਜੀਰਾ ਵਿੱਚ ਬੱਝੇ 'ਸੱਚੇ ਸੌਦੇ' ਦੇ ਪੈਰੋਕਾਰ ਤੇ ਦੂਜੇ ਪਾਸੇ ਮਜ਼ਦੂਰ ਜੋ ਆਪਣੇ ਲਈ ਨਹੀਂ ਸਗੋਂ ਆਪਣੇ ਮਾਲਕਾਂ ਵਾਸਤੇ, ਪਾੜ ਪੂਰਨਗੇ। ਤੇ ਮੁੱਠੀ ਭਰ ਮਾਲਕ ਆਪਣੀ ਪੂੰਜੀ ਦੀ ਭਰਪਾਈ ਲਈ ਇਸ ਵਿੱਚ ਹਿੱਸਾ ਪਾਉਣਗੇ। ਪ੍ਰਵਾਸੀ ਤੇ ਸਥਾਨਕ ਉਜਰਤੀ ਗੁਲਾਮ (ਮਜ਼ਦੂਰ) ਹੜ੍ਹ ਨਾਲ ਬਰਬਾਦ ਹੋਈ ਬਾਸਮਤੀ ਲਾਉਣਗੇ। ਅਜਿਹਾ ਓਨਾ ਚਿਰ ਹੁੰਦਾ ਰਹੇਗਾ, ਜਿੰਨਾ ਚਿਰ ਮਜ਼ਦੂਰ ਆਪਣੀ ਪਾਰਟੀ ਦੀ ਅਗਵਾਈ ਥੱਲੇ ਇਸ ਗਲ਼ੇ-ਸੜ੍ਹੇ ਪ੍ਰਬੰਧ ਨੂੰ ਵਗਾਹ ਪਰੇ ਨਹੀਂ ਮਾਰਦੇ।

— ਕਸ਼ਮੀਰ
ਸ਼ਹੀਦ ਭਗਤ ਸਿੰਘ ਵਿਚਾਰ ਮੰਚ
ਸੰਤ ਨਗਰ

ਪੂੰਜੀ ਦੀ ਸੇਵਾ 'ਚ ਵਿਗਿਆਨ

ਪ੍ਰਸ਼ਾਂਤ

ਅੱਜ ਤੋਂ ਤਕਰੀਬਨ 1 ਲੱਖ ਵਰ੍ਹੇ ਪਹਿਲਾਂ ਆਧੁਨਿਕ ਮਨੁੱਖ ਜਾਤੀ ਮਤਲਬ ਹੋਮੋਸੇਪਿਅੰਸ (Homosapiens) ਦਾ ਜਨਮ ਉਸ ਸਮੇਂ ਦੇ ਉਨੱਤ ਬਾਂਦਰ (Ape-man) ਤੋਂ ਹੋਇਆ ਅਤੇ ਉਸ ਮਗਰੋਂ ਹੀ ਮਨੁੱਖੀ ਸਮਾਜ ਹੋਂਦ 'ਚ ਆਇਆ। ਤਦ ਹੀ ਇਨਸਾਨ ਨੇ ਆਪਣੀਆਂ ਅਤੇ ਆਪਣੇ ਸਮਾਜ ਦੀਆਂ ਲੋੜਾਂ ਦੀ ਪੂਰਤੀ ਲਈ ਕਿਰਤ ਕਰਨੀ ਸ਼ੁਰੂ ਕੀਤੀ। ਕਿਰਤ ਦੀ ਸ਼ੁਰੂਆਤ ਜੰਗਲੀ ਜਾਨਵਰਾਂ ਤੋਂ ਆਪਣੀ ਰੱਖਿਆ ਕਰਨ ਅਤੇ ਭੋਜਨ ਲਈ ਜਾਨਵਰਾਂ ਦਾ ਸ਼ਿਕਾਰ ਕਰਨ ਤੋਂ ਸ਼ੁਰੂ ਹੋਈ। ਬਾਂਦਰ ਤੋਂ ਮਨੁੱਖ ਬਣਨ ਦੀ ਪ੍ਰਕ੍ਰਿਆ 'ਚ ਮਨੁੱਖ ਨੇ ਕੁਦਰਤੀ ਵਸਤੂਆਂ ਨੂੰ ਆਪਣੀਆਂ ਲੋੜਾਂ ਦੇ ਹਿਸਾਬ ਨਾਲ਼ ਢਾਲਣਾ ਸ਼ੁਰੂ ਕੀਤਾ ਅਤੇ ਇਸ ਤਰ੍ਹਾਂ ਇਨਸਾਨਾਂ ਨੇ ਪਹਿਲੀ ਵਾਰੀ ਜੀਵਤ ਰਹਿਣ ਲਈ ਜ਼ਰੂਰੀ ਫੌਰੀ ਸ਼ਰਤਾਂ ਦੀ ਪੂਰਤੀ ਲਈ ਕੁਦਰਤ ਨੂੰ ਸਮਝਣਾ, ਉਸ 'ਤੇ ਕੰਟਰੋਲ ਸਥਾਪਿਤ ਕਰਨਾ ਅਤੇ ਕੁਦਰਤੀ ਸ਼ਕਤੀਆਂ ਤੋਂ ਅਜ਼ਾਦ ਹੋਣ ਦੀ ਸ਼ੁਰੂਆਤ ਕੀਤੀ। ਕਿਰਤ ਦੀ ਲੰਮੀ ਪ੍ਰਕ੍ਰਿਆ 'ਚ ਇਨਸਾਨ ਨੇ ਸ਼ਿਕਾਰ ਕਰਨ ਵਾਲ਼ੇ ਪੱਥਰ ਦੇ ਸਧਾਰਣ ਸੰਦਾਂ ਤੋਂ ਅੱਗੇ ਵੱਧ ਕੇ ਤੀਰ-ਕਮਾਨ ਜਿਹੇ ਥੋੜੇ ਜਟਿਲ ਸੰਦਾਂ ਨੂੰ ਬਣਾਉਣਾ ਅਤੇ ਵਰਤੋਂ ਕਰਨਾ ਸਿੱਖਿਆ, ਪਹੀਏ ਦੀ ਖੋਜ ਕੀਤੀ, ਖੇਤੀ ਕਰਨੀ ਸ਼ੁਰੂ ਕੀਤੀ ਅਤੇ ਪਸ਼ੂ ਪਾਲਣ ਅਤੇ ਪਸ਼ੂਆਂ ਨਾਲ਼ ਕੰਮ ਕਰਨਾ ਸ਼ੁਰੂ ਕੀਤਾ। ਇਸ ਤਰ੍ਹਾਂ ਮਨੁੱਖ ਦੁਆਰਾ ਪੀੜੀ-ਦਰ-ਪੀੜੀ ਆਪਣੀ ਹੋਂਦ ਨੂੰ ਬਣਾਈ ਰੱਖਣ ਅਤੇ ਵਿਕਾਸ ਕਰਨ ਦੀ ਪ੍ਰਕ੍ਰਿਆ 'ਚ ਕੁਦਰਤੀ ਸ਼ਕਤੀਆਂ ਨਾਲ਼ ਸੰਘਰਸ਼ ਦੇ ਰੂਪ 'ਚੇ ਕੀਤੇ ਗਏ ਹਜ਼ਾਰਾਂ ਸਾਲਾਂ ਦੀ ਸਮੂਹਿਕ ਕਿਰਤ ਨੇ ਵੀ ਤਜ਼ਰਬੇ ਅਤੇ ਤੱਥਾਂ ਦਾ ਉਹ ਅਮੀਰ ਖਜਾਨਾ ਪ੍ਰਦਾਨ ਕੀਤਾ ਜਿਸ ਨੂੰ 14ਵੀਂ-17ਵੀਂ ਸਦੀ ਦੇ ਯੂਰਪ 'ਚ ਪੁਨਰਜਾਗਰਣ ਅਤੇ ਪ੍ਰਬੋਧਨ ਕਾਲ ਦੌਰਾਨ ਤਰਤੀਬਬੱਧ ਅਤੇ ਅੱਗੇ ਵਿਕਸਿਤ ਕੀਤਾ ਗਿਆ ਅਤੇ ਇੱਕ ਤਰਕਸੰਗਤ ਅਤੇ ਪ੍ਰਯੋਗ ਰਾਹੀਂ ਸਿੱਧ ਕੀਤੇ ਜਾ ਸਕਣ ਵਾਲ਼ੇ ਆਧੁਨਿਕ ਵਿਗਿਆਨ ਦੀ ਨੀਂਹ ਰੱਖੀ ਗਈ। ਨਵਪਾਸ਼ਾਣ ਯੁੱਗ 'ਚ ਪਹਿਲੀ ਵਾਰੀ ਖੇਤੀ ਕਰਨ ਦੇ ਸਬੂਤ ਮਿਲਦੇ ਹਨ। ਵੀ. ਗਾਰਡਨ ਚਾਈਲਡ ਨਾਮਕ ਪ੍ਰਸਿੱਧ ਜੀਵ ਵਿਗਿਆਨੀ ਨੇ ਇਸਨੂੰ ਨਵਪਾਸ਼ਾਣ ਇਨਕਲਾਬ ਦਾ ਨਾਅ ਦਿੱਤਾ। ਨਵਪਾਸ਼ਾਣ ਇਨਕਲਾਬ ਨਾਲ਼ ਇਨਸਾਨ ਨੇ ਪਹਿਲੀ ਵਾਰੀ ਕੁਦਰਤ 'ਤੇ ਕੰਮ ਕਰਕੇ ਕੁੱਝ ਪੈਦਾ ਕੀਤਾ। ਇਸ ਤੋਂ ਪਹਿਲਾਂ ਕੁਦਰਤ ਉਸਨੂੰ ਜੋ ਦਿੰਦੀ ਸੀ, ਉਹ ਉਸਨੂੰ ਹਾਸਿਲ ਕਰਦਾ ਸੀ। ਇਸ ਮਗਰੋਂ, ਇੱਕ ਹੋਂਦ ਦੇ ਸੰਘਰਸ਼ ਦੀ ਲੰਮੀ ਯਾਤਰਾ 'ਚ ਇਨਸਾਨ ਨੇ ਪੈਦਾ ਕਰਨ ਦੇ ਕੰਮ ਨੂੰ ਸਭਨਾਂ ਹੋਰ ਖੇਤਰਾਂ ਤੱਕ ਵਿਸਥਾਰਿਤ ਕਰ ਦਿੱਤਾ। ਇਹ ਸੰਦ, ਘਰ ਅਤੇ ਸਭ ਦੂਜੀਆਂ ਵਸਤੂਆਂ ਬਣਾਉਣ ਲੱਗਿਆ। ਇਸ ਉਤਪਾਦਕ ਕਿਰਤ ਦੀ ਪ੍ਰਕ੍ਰਿਆ 'ਚ ਹੀ ਉਸਨੇ ਇੰਦਰੀ ਅਨੁਭਵ ਗਿਆਨ ਦਾ ਇੱਕ ਵਿਰਾਟ ਸਮੁੱਚ ਪੈਦਾ ਕੀਤਾ। ਵਿਗਿਆਨ ਇਸ ਇੰਦੀਰੀਅਨੁਭਵ ਗਿਆਨ ਦੀ ਤਰਕਸ਼ੀਲ ਗਿਆਨ 'ਚ ਕਾਇਆਪਲਟੀ ਅਤੇ ਮਨੁੱਖੀ ਦਿਮਾਗ 'ਚ ਕੁਦਰਤ ਦੇ ਨਿਯਮਾਂ ਦੇ ਸਰਵਉੱਚ ਸੂਤਰੀਕਰਣ ਦਾ ਨਾਮ ਹੈ। ਕਹਿਣ ਦੀ ਲੋੜ ਨਹੀਂ ਹੈ ਕਿ ਵਿਗਿਆਨ ਮਾਨਵੀ ਕਿਰਤ ਤੋਂ ਹੀ ਉਤਪੰਨ ਹੋਇਆ ਹੈ ਅਤੇ ਇਹੀ ਇਸਦੀ ਜੀਵਨ ਸ਼ਕਤੀ ਹੈ। ਇਸ ਲਈ ਜੇਕਰ ਵਿਗਿਆਨ ਮੋੜਵੇਂ ਰੂਪ 'ਚ ਕਿਰਤ ਦੀ ਸੇਵਾ ਨਾ ਕਰੇ ਤਾਂ ਉਸਦਾ ਵਿਕਾਸ ਧੀਮਾਂ ਹੋ ਜਾਂਦਾ ਹੈ ਅਤੇ ਜੇਕਰ ਕਿਸੇ ਲੰਮੇ ਇਤਿਹਾਸਿਕ ਦੌਰ ਤੱਕ ਅਜਿਹਾ ਹੀ ਹੋਵੇ ਤਾਂ ਰੁੱਕ ਜਾਂਦਾ ਹੈ। ਇਹ ਮਹਿਜ ਇੱਕ ਕਿਤਾਬੀ ਗਿਆਨ ਬਣਨ ਲੱਗਦਾ ਹੈ। ਇਸ ਦੇ ਉਲਟ, ਜੇਕਰ ਮਾਨਵੀ ਕਿਰਤ ਵਿਗਿਆਨ ਨਾਲ਼ ਲੈਸ ਹੋ ਜਾਵੇ ਤਾਂ ਉਹ ਸਮਾਜ ਦੇ ਵਿਕਾਸ ਦੇ ਨਵੇਂ ਪੜਾਅ ਤੈਅ ਕਰਨ ਦਾ ਰਾਹ ਖੋਲ ਦਿੰਦੀ ਹੈ। ਸਮਾਜ ਵਿਕਾਸ ਦੇ ਨਵੇਂ ਪੜਾਵਾਂ 'ਚ ਨਵੀਆਂ ਲੋੜਾਂ ਜਨਮ ਲੈਂਦੀਆਂ ਹਨ ਜਿਨ੍ਹਾ ਨੂੰ ਪੂਰਾ ਕਰਨ ਲਈ ਵਿਗਿਆਨ ਨੂੰ ਅੱਗੇ ਵਿਕਸਿਤ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਤਰ੍ਹਾਂ ਉਤਪਾਦਕ ਮਾਨਵੀ ਕਿਰਤ ਅਤੇ ਵਿਗਿਆਨ ਇੱਕ-ਦੂਸਰੇ 'ਤੇ ਨਿਰਭਰ ਕਰਦੇ ਹਨ ਅਤੇ ਇੱਕ ਦੂਜੇ ਨੂੰ ਪ੍ਰਭਾਵਿਤ ਅਤੇ ਵਿਕਸਿਤ ਕਰਦੇ ਹੋਏ ਨਿਰੰਤਰ ਵਿਕਾਸ ਦੇ ਨਵੇਂ ਪੜਾਵਾਂ 'ਤੇ ਪਹੁੰਚਦੇ ਜਾਂਦੇ ਹਨ ਅਤੇ ਪ੍ਰਕ੍ਰਿਆ ਇਸੇ ਤਰ੍ਹਾਂ ਚਲਦੀ ਰਹਿੰਦੀ ਹੈ। ਜਦੋਂ ਕੋਈ ਸਮਾਜਿਕ ਢਾਂਚਾ ਵਿਗਿਆਨ ਦੇ ਵਿਕਾਸ 'ਚ ਰੁਕਾਵਟ ਬਣ ਜਾਂਦਾ ਹੈ ਤਾਂ ਵਿਗਿਆਨ 'ਚ ਸਿਫ਼ਤੀ ਵਿਕਾਸ ਲਈ ਸਮਾਜ ਵਿਕਾਸ 'ਚ ਵੀ ਸਿਫ਼ਤੀ ਛਲਾਂਗ ਦੀ ਲੋੜ ਹੁੰਦੀ ਹੈ।

14ਵੀਂ-17ਵੀਂ ਸਦੀ ਦੇ ਪੁਨਰਜਾਗਰਣ-ਪ੍ਰਬੋਧਨ-ਵਿਗਿਆਨਕ ਇਨਕਲਾਬ ਦੇ ਦੌਰ 'ਚ ਜਦੋਂ ਆਧੁਨਿਕ ਵਿਗਿਆਨ ਦੀ ਨੀਂਹ ਪਈ, ਜਿਸਨੇ ਕ੍ਰਮਵਾਰ ਵਿਕਸਿਤ ਹੁੰਦੇ ਹੋਏ ਉਤਪਾਦਨ ਦੇ ਨਵੇਂ ਉੱਨਤ ਸਾਧਨਾਂ ਨੂੰ ਜਨਮ ਦਿੱਤਾ, ਉਤਪਾਦਕ ਸ਼ਕਤੀਆਂ ਨੂੰ ਵਿਕਸਿਤ ਕੀਤਾ, ਇਨਸਾਨ ਦੀ ਚੇਤਨਾ 'ਚ ਤਰਕਸ਼ੀਲਤਾ ਅਤੇ ਚਿੰਤਨ ਦੇ ਨਵੇਂ ਪੱਧਰਾਂ ਦਾ ਸੰਚਾਰ ਕੀਤਾ ਅਤੇ ਹੋਰ ਵੀ ਜ਼ਿਆਦਾ ਮਹੱਤਵਪੂਰਣ ਵਿਗਿਆਨਕ ਖੋਜਾਂ ਦੀ ਪਿੱਠਭੂਮੀ ਤਿਆਰ ਕਰ ਦਿੱਤੀ ਤਾਂ ਉਸ ਸਮੇਂ ਦਾ ਜਗੀਰੂ ਸਮਾਜਿਕ ਢਾਂਚਾ, ਜਿਹੜਾ ਕਿ ਪਛੜੀਆਂ ਉਤਪਾਦਕ ਸ਼ਕਤੀਆਂ, ਪੁਰਾਣੇ ਘੱਟ ਉੱਨਤ ਅਤੇ ਛੋਟੇ ਪੈਮਾਨੇ ਦੇ ਉਤਪਾਦਨ ਦੇ ਸਾਧਨਾਂ ਦੇ ਅਧਾਰਿਤ ਸੀ ਅਤੇ ਅੰਧਵਿਸ਼ਵਾਸਾਂ ਨਾਲ਼ ਵੀ ਭਰਿਆ ਹੋਇਆ ਸੀ, ਤੇਜ਼ੀ ਨਾਲ਼ ਵਿਕਸਿਤ ਹੁੰਦੀਆਂ ਉਤਪਾਦਕ ਸ਼ਕਤੀਆਂ ਅਤੇ ਵਿਗਿਆਨਕ ਦੇ ਵਿਕਾਸ 'ਚ ਰੁਕਾਵਟਾਂ ਉਤਪੰਨ ਕਰਨ ਲੱਗਾ। 18ਵੀਂ ਸਦੀ 'ਚ ਹੋਈਆਂ ਕਈ ਮਹਤੱਵਪੂਰਣ ਖੋਜਾਂ ਜਿਵੇਂ ਭਾਫ਼ ਇੰਜਣ, ਪਾਵਰਲੂਮ, ਬਿਜਲੀ ਟੇਲੀਗ੍ਰਾਫ਼ੀ, ਬਿਜਲੀ ਉਤਪਾਦਕ ਬੈਟਰੀ, ਲਾਇਟਿੰਗ ਰਾਡ ਆਦਿ ਤੋਂ ਇਲਾਵਾ ਕਈ ਨਵੀਆਂ ਤਕਨੀਕਾਂ ਦਾ ਵਿਕਾਸ ਹੋਇਆ ਜਿਵੇਂ ਲੋਹਾ ਸੋਧਣ ਦੀ ਤਕਨੀਕ, ਸੋਧਿਆ ਕੋਲ਼ਾ ਬਣਾਉਣ ਦੀ ਤਕਨੀਕ। ਨਵੇਂ ਸਮੁੰਦਰੀ ਰਾਹਾਂ ਅਤੇ ਆਵਾਜਾਈ ਅਤੇ ਸੰਚਾਰ ਦੇ ਨਵੇਂ ਤੀਬਰ ਮਾਧਿਅਮਾਂ ਦੇ ਵਿਕਾਸ ਦੇ ਨਾਲ਼ ਵੀ ਪੁਰਾਣੇ ਜਗੀਰੂ ਸਮਾਜਿਕ ਸਬੰਧਾਂ ਅਤੇ

ਨਵੀਆਂ ਵਿਕਸਿਤ ਹੁੰਦੀਆਂ ਉਤਪਾਦਕ ਸ਼ਕਤੀਆਂ ਦਰਮਿਆਨ ਵਿਰੋਧਤਾਈ ਬਹੁਤ ਤੀਖਣ ਅਤੇ ਘਣੀ ਹੋ ਗਈ। ਇਨ੍ਹਾਂ ਨਵੀਆਂ ਤਕਨੀਕਾਂ ਅਤੇ ਖੋਜਾਂ ਪਿੱਛੇ ਸਮਾਜ 'ਚ ਜਮਾਤੀ ਸੰਘਰਸ਼ ਦੀਆਂ ਬਦਲਦੀਆਂ ਹਾਲਤਾਂ ਸਨ। ਜਗੀਰੂ ਢਾਂਚੇ ਦਰਮਿਆਨ ਹੀ ਜਗੀਰਦਾਰਾਂ ਦੇ ਐਸ਼ੋ-ਅਰਾਮ ਅਤੇ ਦਿਖਾਵੇ ਦੇ ਸੱਭਿਆਚਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਦਸਤਕਾਰਾਂ ਦੀ ਇੱਕ ਪੂਰੀ ਜਮਾਤ ਹੋਂਦ 'ਚ ਆਈ ਸੀ। ਇਸ ਜਮਾਤ ਦੇ ਹੋਂਦ 'ਚ ਆਉਣ ਨਾਲ਼ ਹੀ ਜਿਣਸ ਉਤਪਾਦਨ ਦਾ ਗਿਣਨਯੋਗ ਪੈਮਾਨੇ 'ਤੇ ਵਿਕਾਸ ਸ਼ੁਰੂ ਹੋਇਆ। ਸ਼ੁਰੂ 'ਚ ਦਸਤਕਾਰਾਂ ਰਾਹੀਂ ਉਤਪਾਦਿਤ ਜਿਣਸ ਨੂੰ ਖਰੀਦਣ ਲਈ ਮੰਡੀਆਂ ਦਾ ਵਿਕਾਸ ਹੋਇਆ। ਇਨ੍ਹਾਂ ਮੰਡੀਆਂ ਨੂੰ ਡਾਕੂਆਂ ਆਦਿ ਦੇ ਹਮਲੇ ਤੋਂ ਬਚਾਉਣ ਲਈ ਇਹਨਾਂ ਦੇ ਆਲ਼ੇ-ਦੁਆਲ਼ੇ ਕਿਲੇਬੰਦੀ ਕੀਤੀ ਜਾਣ ਲੱਗੀ। ਇਸ ਕਿਲੇਬੰਦੀ ਅੰਦਰ ਮਗਰੋਂ ਇੱਕ ਪੂਰਾ ਅਲੱਗ ਜੀਵਨ ਵਿਕਸਿਤ ਹੋਣ ਲੱਗਾ। ਇਨ੍ਹਾਂ ਥਾਵਾਂ ਨੂੰ ਫਰਾਂਸੀਸੀ ਭਾਸ਼ਾ 'ਚ ਬੂਰਜ ਕਿਹਾ ਜਾਂਦਾ ਸੀ। ਇਸ ਸ਼ਬਦ ਤੋਂ 'ਬੁਰਜੂਆ' ਸ਼ਬਦ ਨਿਕਲਿਆ, ਜਿਸਦਾ ਮਤਲਬ ਹੁਣ ਹੋ ਚੁੱਕਿਆ ਹੈ ਪੂੰਜੀਵਾਦੀ। ਪਰ ਸ਼ੁਰੂਆਤ 'ਚ ਇਸਦਾ ਮਤਲਬ ਸੀ ਬੂਰਜ ਦਾ ਨਿਵਾਸੀ। ਬੂਰਜ ਦੇ ਅੰਦਰ ਦੀ ਦੁਨੀਆ ਹੀ ਮਗਰੋਂ ਨਗਰ ਦੇ ਰੂਪ 'ਚ ਵਿਕਸਿਤ ਹੋਈ। ਮਗਰੋਂ ਇੱਥੇ ਪ੍ਰਸ਼ਾਸਨਿਕ ਕੰਮਾਂ ਦੇ ਕੇਂਦਰ ਵੀ ਸਥਾਪਿਤ ਹੋਣ ਲੱਗੇ। ਇਹ ਥਾਵਾਂ ਕਲਾਵਾਂ ਦਾ ਵੀ ਕੇਂਦਰ ਬਣਨ ਲੱਗੀਆਂ। ਇਸਦੇ ਨਾਲ਼ ਹੀ ਇਹਨਾਂ ਥਾਵਾਂ 'ਤੇ ਪ੍ਰਕਾਸ਼ਨ ਸੱਭਿਆਚਾਰ ਅਤੇ ਪ੍ਰੈੱਸ ਦਾ ਵੀ ਵਿਕਾਸ ਹੋਇਆ। ਇਨ੍ਹਾਂ ਬਦਲਾਵਾਂ ਨਾਲ਼ ਹੀ ਇਨ੍ਹਾਂ ਬੂਰਜਾਂ 'ਚ ਇੱਕ ਮੱਧਵਰਗ ਹੋਂਦ 'ਚ ਆਇਆ ਜਿਹੜਾ ਕਲਾ, ਵਿਗਿਆਨ, ਸੱਭਿਆਚਾਰ ਆਦਿ 'ਚ ਦਿਲਚਸਪੀ ਰੱਖਦਾ ਸੀ। ਇਹ ਦਸਤਕਾਰਾਂ ਦੀ ਸੰਤਾਨ ਸੀ। ਇਹੀ ਉਹ ਜਮਾਤ ਸੀ ਜਿਸਨੇ ਪੁਨਰਜਾਗਰਣ ਅਤੇ ਪ੍ਰਬੋਧਨ ਦੀਆਂ ਲਹਿਰਾਂ ਦੀ ਅਗਵਾਈ ਕੀਤੀ ਅਤੇ ਵਿਗਿਆਨਕ ਇਨਕਲਾਬ ਦੀਆਂ ਪ੍ਰਮੁੱਖ ਖੋਜਾਂ ਦਾ ਜਨਮਦਾਤਾ ਬਣੀ। ਇਸੇ ਜਮਾਤ ਨੇ ਧਰਮ ਅਤੇ ਜਗੀਰਦਾਰੀ ਦੀਆਂ ਜ਼ੰਜ਼ੀਰਾਂ ਵਿਰੁੱਧ ਸਭ ਤੋਂ ਪਹਿਲਾਂ ਅਵਾਜ਼ ਉਠਾਈ ਅਤੇ ਬਦਲਵੇਂ ਵਿਚਾਰ ਪੇਸ਼ ਕੀਤੇ। ਦਸਤਕਾਰਾਂ ਦੀ ਪੂਰੀ ਜਮਾਤ ਅਤੇ ਨਵਜਾਤ ਮੱਧਵਰਗ ਇਸਦੇ ਨਾਲ਼ ਸੀ। ਇਸ ਦੇ ਇਲਾਵਾ ਪਿੰਡਾਂ 'ਚ ਜਗੀਰਦਾਰਾਂ ਦੁਆਰਾ ਬੇਰਹਿਮ ਲੁੱਟ ਵਿਰੁੱਧ ਕਿਸਾਨ ਬਗਾਵਤ ਕਰਨ ਲੱਗੇ। ਜੇਕਰ ਅਸੀਂ ਪੂਰੀ ਦੁਨੀਆ 'ਚ 16ਵੀਂ ਅਤੇ 17ਵੀਂ ਸਦੀ ਦੀ ਜਗੀਰਦਾਰੀ ਦੇ ਇਤਿਹਾਸ 'ਤੇ ਨਜ਼ਰ ਮਾਰੀਏ, ਤਾਂ ਅਸੀਂ ਦੇਖਾਂਗੇ ਕਿ ਉਹ ਕਿਸਾਨ ਵਿਦਰੋਹਾਂ ਨਾਲ਼ ਭਰਿਆ ਹੋਇਆ ਹੈ। ਬੂਰਜਾਂ ਦੀ ਨਵੇਂ ਪੈਦਾ ਹੋਈ ਪੂੰਜੀਪਤੀ ਜਮਾਤ ਨੇ ਜਗੀਰਦਾਰੀ ਵਿਰੁੱਧ 'ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ' ਅਤੇ 'ਜਿਹੜਾ ਜ਼ਮੀਨ ਨੂੰ ਵਾਹੇ, ਬੀਜੇ, ਉਹ ਜ਼ਮੀਨ ਦਾ ਮਾਲਕ ਹੋਵੇ' ਦਾ ਨਾਅਰਾ ਦਿੱਤਾ। ਇਸ ਨਾਅਰੇ ਹੇਠ ਨਵੀਂ ਪੈਦਾ ਹੋਈ ਪੂੰਜੀਪਤੀ ਜਮਾਤ ਦੀ ਅਗਵਾਈ 'ਚ ਨਿਮਨ ਪੂੰਜੀਪਤੀ ਜਮਾਤ, ਕਿਸਾਨੀ ਅਤੇ ਦਸਤਕਾਰਾਂ ਤਹਿਤ ਕੰਮ ਕਰਨ ਵਾਲ਼ੀ ਨਵਜਾਤ ਮਜ਼ਦੂਰ ਜਮਾਤ ਨੇ ਜਗੀਰਦਾਰੀ-ਵਿਰੋਧੀ ਇਨਕਲਾਬ ਕੀਤੇ। ਇਸ ਤਰ੍ਹਾਂ ਨਵੀਆਂ ਉੱਨਤ ਉਤਪਾਦਨਕ ਸ਼ਕਤੀਆਂ ਅਤੇ ਪੁਰਾਣੇ ਪਿੱਛੜੇ ਜਗੀਰੂ ਉਤਪਾਦਨ ਸਬੰਧਾਂ ਦਰਮਿਆਨ ਤਿੱਖੀਆਂ ਹੁੰਦੀਆਂ ਵਿਰੋਧਤਾਈਆਂ ਦਾ ਹੱਲ 18ਵੀਂ-19ਵੀਂ ਸਦੀ 'ਚ ਯੂਰਪ ਦੇ ਕਈ ਦੇਸ਼ਾਂ ਅਤੇ ਅਮਰੀਕਾ 'ਚ ਪੂੰਜੀਵਾਦੀ ਇਨਕਲਾਬਾਂ ਦੇ ਰੂਪ 'ਚ ਸਾਮ੍ਹਣੇ ਆਇਆ। ਇਨ੍ਹਾਂ ਇਨਕਲਾਬਾਂ ਦੇ ਸਿੱਟੇ ਵਜੋਂ ਇੱਕ ਨਵਾਂ, ਜਗੀਰਦਾਰੀ ਤੋਂ ਕਈ ਗੁਣਾ ਉੱਨਤ ਪੂੰਜੀਵਾਦੀ ਢਾਂਚਾ ਹੋਂਦ 'ਚ ਆਇਆ ਜਿਸਨੇ ਵਿਗਿਆਨ ਦੇ ਵਿਕਾਸ ਨੂੰ ਜਗੀਰੂ ਰੁਕਾਵਟਾਂ ਤੋਂ ਬੇਰੋਕ ਕਰ ਦਿੱਤਾ, ਉਤਪਾਦਕ ਸ਼ਕਤੀਆਂ ਦਾ ਅਣਕਿਆਸਾ ਵਿਕਾਸ ਹੋਇਆ, ਉਤਪਾਦਨ ਦੀ ਪੱਧਰ 'ਚ ਹੋਏ ਵਾਧੇ ਨੇ ਪਿੱਛਲੇ ਸਾਰੇ ਪੈਮਾਨਿਆਂ ਨੂੰ ਢਹਿ-ਢੇਰੀ ਕਰ ਦਿੱਤਾ ਅਤੇ ਮਨੁੱਖੀ ਚੇਤਨਾ ਅਤੇ ਕੁਦਰਤ ਦੇ ਨਿਯਮਾਂ ਦੀ ਉਸਦੀ ਸਮਝ 'ਚ ਵੀ ਸਿਫ਼ਤੀ ਵਿਕਾਸ ਹੋਇਆ। ਮਨੁੱਖ ਨੇ ਨਾ ਸਿਰਫ਼ ਡੂੰਘੇ ਤੋਂ ਡੂੰਘੇ ਮਹਾਂਸਾਗਰਾਂ ਦੀ ਡੂੰਘਾਈ ਤੋਂ ਲੈ ਕੇ ਉੱਚੇ ਤੋਂ ਉੱਚੇ ਪਹਾੜਾਂ ਦੀ ਉੱਚਾਈ ਮਾਪੀ, ਸਗੋਂ ਦੱਖਣੀ ਧਰੁੱਵ ਤੋਂ ਉੱਤੇਰੀ ਧਰੁੱਵ ਤੱਕ ਪੂਰੀ ਧਰਤੀ ਨੂੰ ਮਾਪ ਸੁੱਟਿਆ; ਮਨੁੱਖ ਨੇ ਦੁਰੇਡੇ ਪੁਲਾੜ ਤੱਕ 'ਚ ਪਹੁੰਚਣਾ ਸੰਭਵ ਬਣਾ ਲਿਆ ਅਤੇ ਉਹਨਾਂ ਦੇ ਡੂੰਘੇ ਰਹੱਸਾਂ ਨੂੰ ਸੁਲਝਾਉਣਾ ਸ਼ੁਰੂ ਕਰ ਦਿੱਤਾ: ਵਾਲ ਜਿੰਨੀਆਂ ਤੰਗ ਲਹੂ ਕੋਸ਼ਿਕਾਵਾਂ ਅੰਦਰ ਪ੍ਰਵੇਸ਼ ਕਰ ਸਕਣ ਵਾਲ਼ੀਆਂ ਅਤੀ ਸੂਖਮ ਮਸ਼ੀਨਾਂ ਤੋਂ ਲੈ ਕੇ 27 ਕਿ. ਮੀ. ਲੰਮੀ ਬੇਹੱਦ ਗੁੰਝਲਦਾਰ ਮਸ਼ੀਨ ਦੀ ਉਸਾਰੀ ਕੀਤੀ ਜਿਸਦੀ ਵਰਤੋਂ ਹੁਣ ਚਲ ਰਹੇ ਸਰਵ ਪ੍ਰਯੋਗ 'ਚ ਕੀਤੀ ਜਾ ਰਹੀ ਹੈ; ਪੁਲਾੜ ਸਟੇਸ਼ਨ ਦੇ ਰੂਪ 'ਚ ਪੁਲਾੜ 'ਚ ਤੈਰਦਾ ਹੋਇਆ ਆਪਣਾ ਅਸਥਾਈ ਘਰ ਬਣਾਇਆ। ਸੈਂਕੜੇ ਸਾਲਾਂ ਤੋਂ ਮਨੁੱਖੀ ਜੀਵਨ ਲਈ ਰਹੱਸ ਬਣੀਆਂ ਹੋਈਆਂ ਬਿਮਾਰੀਆਂ ਦਾ ਸਿਰਫ਼ ਇਲਾਜ ਹੀ ਨਹੀਂ ਖੋਜਿਆ ਸਗੋਂ ਜੀਨੋਮ ਮੈਪਿੰਗ ਜ਼ਰੀਏ ਉਨ੍ਹਾਂ ਬਿਮਾਰੀਆਂ ਨੂੰ ਉਹਨਾਂ ਦੇ ਕਾਰਣਾਂ ਸਹਿਤ ਸਮੁੱਚੇ ਤੌਰ 'ਤੇ ਨਸ਼ਟ ਕਰਨ ਦਾ ਰਾਹ ਵੀ ਖੋਜਿਆ। ਇਸ ਤਰ੍ਹਾਂ ਉਤਪਾਦਕ ਸ਼ਕਤੀਆਂ ਦੇ ਬੇਰੋਕ ਹੋਣ ਮਗਰੋਂ ਵਿਗਿਆਨ ਡੂੰਘਾ ਅਤੇ ਵਿਸਥਾਰਿਤ ਹੁੰਦਾ ਚਲਾ ਗਿਆ।

ਪਰ ਜਿਸ ਪੂੰਜੀਵਾਦ ਨੇ ਮਨੁੱਖਤਾ ਨੂੰ ਮੀਲਾਂ ਅੱਗੇ ਪਹੁੰਚਾਇਆ ਅਤੇ ਮਨੁੱਖਾਂ ਨੂੰ ਬਰਬਰਾਂ, ਨਗਨ ਅਤੇ ਬੇਰਹਿਮ ਜਗੀਰੂ ਲੁੱਟ ਅਤੇ ਦਾਬੇ ਤੋਂ ਮੁਕਤ ਕੀਤਾ, ਉਹ ਅੱਜ ਪੂਰੀ ਦੁਨੀਆ ਨੂੰ ਕੀ ਦੇ ਰਿਹਾ ਹੈ? ਗਰੀਬੀ, ਬੇਰੁਜ਼ਗਾਰੀ, ਜੰਗਾਂ, ਭੁੱਖਮਰੀ, ਕੁਪੋਸ਼ਣ, ਮਹਾਂਮਾਰੀਆਂ, ਦਿਮਾਗੀ ਤੌਰ 'ਤੇ ਬੀਮਾਰ ਨੌਜਵਾਨ ਪੀੜ੍ਹੀ, ਵੇਸ਼ਵਾਗਮਨੀ... ਇਹ ਲਿਸਟ ਹੋਰ ਲੰਮੀ ਵੀ ਹੋ ਸਕਦੀ ਹੈ। ਇੱਕ ਸਮਾਜਿਕ ਆਰਥਕ ਢਾਂਚੇ ਦੇ ਰੂਪ 'ਚ ਪੂੰਜੀਵਾਦ ਦੀ ਅਗਾਂਹਵਧੂ ਸੰਭਾਵਨਾਵਾਂ ਬਾਕੀ ਨਹੀਂ ਰਹਿ ਗਈਆਂ ਹਨ। ਹਰ ਜਮਾਤੀ ਢਾਂਚੇ ਨਾਲ਼ ਦੇਰ-ਸਵੇਰ ਇਹੀ ਹੁੰਦਾ ਹੈ। ਸਮੁੱਚਾ ਮਨੁੱਖੀ ਇਤਿਹਾਸ ਇਸਦਾ ਗਵਾਹ ਹੈ। ਜਿਨ੍ਹਾਂ ਕਾਰਣਾਂ ਨਾਲ਼ ਇਤਿਹਾਸ ਦੇ ਇੱਕ ਦੌਰ 'ਚ ਜਗੀਰਦਾਰੀ ਦੁਨੀਆਂ ਲਈ ਅਪ੍ਰਸੰਗਿਕ ਅਤੇ ਅਣਇਤਿਹਾਸਿਕ ਹੋ ਗਈ ਸੀ, ਉਹਨਾਂ ਕਾਰਣਾਂ ਨਾਲ਼ ਪੂੰਜੀਵਾਦ ਵੀ ਅੱਜ ਮਨੁੱਖਤਾ ਲਈ ਅਪ੍ਰਸੰਗਿਕ ਅਣਇਤਿਹਾਸਕ ਅਤੇ ਮਨੁੱਖ ਦੋਖੀ ਹੋ ਚੁੱਕਿਆ ਹੈ। ਇਹ ਇਤਿਹਾਸ ਨੂੰ ਜੋ ਦੇ ਸਕਦਾ ਸੀ, ਉਹ ਦੇ ਚੁੱਕਿਆ ਹੈ ਅਤੇ ਹੁਣ ਇਸਦੀ ਸਹੀ ਜਗ੍ਹਾ ਇਤਿਹਾਸ ਦਾ ਕੂੜੇਦਾਨ ਹੈ। ਪਰ ਇਸ ਪੂਰੀ ਪ੍ਰਕ੍ਰਿਆ ਨੂੰ ਸਮਝਣਾ ਜ਼ਰੂਰੀ

ਹੈ।

ਮਨੁੱਖੀ ਸਮਾਜ ਦੇ ਵਿਕਾਸ ਦਾ ਵਿਗਿਆਨ ਦੀ ਭੂਮਿਕਾ ਮਨੁੱਖਾਂ ਦੀ ਚੇਤਨਾ ਨੂੰ ਵੱਧ ਤੋਂ ਵੱਧ ਵਿਗਿਆਨਕ, ਬਾਹਰਮੁਖੀ ਅਤੇ ਉੱਨਤ ਬਣਾਉਣ ਤੋਂ ਇਲਾਵਾ, ਉਤਪਾਦਕ ਸ਼ਕਤੀਆਂ ਦੇ ਵਿਕਾਸ ਅਤੇ ਕਿਰਤ ਦੀ ਉਤਪਾਦਕਤਾ ਵਧਾਉਣ ਰਾਹੀਂ ਸਮਾਜਿਕ ਉਤਪਾਦਨ 'ਚ ਵਾਧਾ ਕਰਨ ਨਾਲ਼ ਜੁੜੀ ਹੁੰਦੀ ਹੈ। ਇਸ ਲਈ ਜਿਹੜੇ ਕਾਰਕ ਕਿਸੇ ਸਮਾਜਿਕ ਢਾਂਚੇ 'ਚ ਸਮਾਜਿਕ ਉਤਪਾਦਨ ਨੂੰ ਵਧਾਉਣ 'ਚ ਮੁੱਖ ਭੂਮਿਕਾ ਨਿਭਾਉਂਦੇ ਹਨ ਉਸ ਢਾਂਚੇ ਦੇ ਵਿਕਾਸ ਦੀ ਦਿਸ਼ਾ ਅਤੇ ਸਿੱਟੇ ਨਿਸ਼ਚਿਤ ਕਰਨ 'ਚ ਵੀ ਮੁੱਖ ਤੌਰ 'ਤੇ ਉਹਨਾਂ ਦੀ ਹੀ ਫੈਸਲਾਕੁੰਨ ਭੂਮਿਕਾ ਹੁੰਦੀ ਹੈ।

ਜਿੱਥੋਂ ਤੱਕ ਪੂੰਜੀਵਾਦੀ ਢਾਂਚੇ ਦੀ ਗੱਲ ਹੈ ਤਾਂ ਉਹ ਉਤਪਾਦਨ ਦੇ ਸਾਧਨਾਂ ਦੀ ਨਿੱਜੀ ਮਾਲਕੀ 'ਤੇ ਅਧਾਰਿਤ ਹੁੰਦਾ ਹੈ। ਪੂੰਜੀਵਾਦੀ ਢਾਂਚੇ 'ਚ ਸਮਾਜਿਕ ਉਤਪਾਦਨ ਵਧਾਉਣ ਪਿੱਛੇ ਮੁੱਖ ਪ੍ਰੇਰਕ ਸ਼ਕਤੀ ਮੁਨਾਫ਼ਾ ਕਮਾਉਣਾ ਅਤੇ ਉਸ ਮੁਨਾਫ਼ੇ ਨੂੰ ਲਗਾਤਾਰ ਵਧਾਉਂਦੇ ਜਾਣਾ ਹੁੰਦਾ ਹੈ ਕਿਉਂਕਿ ਮੰਡੀ ਦੀਆਂ ਅੰਨ੍ਹੀਆਂ ਤਾਕਤਾਂ ਪੂੰਜੀ ਦੇ ਮਾਲਕ ਨੂੰ ਲਗਾਤਾਰ ਆਪਣੀ ਪੂੰਜੀ 'ਚ ਵਾਧਾ ਕਰਨ ਲਈ ਮਜਬੂਰ ਕਰਦੀਆਂ ਹਨ, ਨਹੀਂ ਤਾਂ "ਸੁਤੰਤਰ ਮੰਡੀ" 'ਚ ਮੁਕਾਬਲੇ 'ਚ ਲੱਗੀਆਂ ਹੋਰ ਮੁਕਾਬਲੇਬਾਜ ਪੂੰਜੀਆਂ ਰਾਹੀਂ ਉਸਨੂੰ ਨਿਗਲ ਲਏ ਜਾਣ ਦਾ ਖ਼ਤਰਾ ਬਣਿਆ ਰਹੇਗਾ। ਇਸ ਲਈ ਹਰੇਕ ਪੂੰਜੀਪਤੀ ਕਿਰਤ ਦੀ ਉਤਪਾਦਕਤਾ ਨੂੰ ਵਧਾਉਣ ਲਈ ਉਤਪਾਦਨ ਦੇ ਨਵੇਂ ਉਨੱਤ ਸਾਧਨਾਂ ਦੀ ਵਰਤੋਂ ਕਰਨ ਅਤੇ ਕਈ ਉੱਨਤ ਤਕਨੀਕਾਂ ਦੀ ਵਰਤੋਂ ਕਰਨ ਲਈ ਮਜਬੂਰ ਹੁੰਦਾ ਹੈ। ਇਸ ਲਈ ਉਹ ਰਿਸਰਚ ਐਂਡ ਡਿਵਲੈਪਮੈਂਟ 'ਚ ਨਿਵੇਸ਼ ਕਰਦਾ ਹੈ ਜਿਸਦੀਆਂ ਨਵੀਆਂ ਤਕਨੀਕਾਂ ਦੇ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇਸ ਲਈ ਵੱਡੇ-ਵੱਡੇ ਖੋਜ-ਸੰਸਥਾਨ ਖੋਲੇ ਜਾਂਦੇ ਹਨ, ਵਿਗਿਆਨਕਾਂ ਅਤੇ ਰਿਸਰਚ ਸਕਾਲਰਾਂ ਨੂੰ ਕਿਰਾਏ 'ਤੇ ਰੱਖਿਆ ਜਾਂਦਾ ਹੈ। ਜ਼ਾਹਿਰ ਹੈ ਜਿਹੜਾ ਪੂੰਜੀਪਤੀ ਰਿਸਰਚ ਐਂਡ ਡਿਵੈਲਪਮੈਂਟ 'ਚ ਨਿਵੇਸ਼ ਕਰਨ 'ਚ ਕਿੰਨਾ ਵੱਧ ਸਮਰੱਥ ਹੁੰਦਾ ਹੈ ਉਸਨੂੰ ਉਤਪਾਦਨ ਦੇ ਓਨੇ ਹੀ ਉੱਨਤ ਸਾਧਨ ਅਤੇ ਤਕਨੀਕਾਂ ਹਾਸਲ ਹੁੰਦੀਆਂ ਹਨ, ਉਸ ਦਾ ਉਤਪਾਦਨ ਅਤੇ ਮੁਨਾਫ਼ਾ ਓਨਾ ਹੀ ਵੱਧ ਹੁੰਦਾ ਹੈ ਅਤੇ ਮੰਡੀ 'ਚ ਉਹਨਾਂ ਦੇ ਬਣੇ ਰਹਿਣ ਅਤੇ ਵੁੱਲਦੇ ਰਹਿਣ ਲਈ ਹਾਲਤਾਂ ਓਨੀਆਂ ਹੀ ਵੱਧ ਅਨੁਕੂਲ ਹੁੰਦੀਆਂ ਹਨ। ਇਸ ਲਈ ਛੋਟੇ ਪੂੰਜੀਪਤੀ ਜਿਹੜੇ ਰਿਸਰਚ ਅਤੇ ਡਿਵਲੈਪਮੈਂਟ 'ਚ ਵੱਧ ਨਿਵੇਸ਼ ਕਰਨ 'ਚ ਸਮਰੱਥ ਨਹੀਂ ਹੁੰਦੇ ਹਨ, ਪਿੱਛੜੀਆਂ ਹੋਈਆਂ ਤਕਨੀਕਾਂ ਅਤੇ ਮਸ਼ੀਨਾਂ ਨਾਲ਼ ਉਤਪਾਦਨ ਕਰਵਾਉਣ ਨੂੰ ਮਜਬੂਰ ਹੁੰਦੇ ਹਨ। ਉਹਨਾਂ ਦਾ ਮੁਨਾਫ਼ਾ ਲਗਾਤਾਰ ਘੱਟ ਹੁੰਦਾ ਜਾਂਦਾ ਹੈ ਅਤੇ ਉਹ ਤਬਾਹ ਹੁੰਦੇ ਚਲੇ ਜਾਂਦੇ ਹਨ। ਇਹ ਤਰ੍ਹਾਂ ਮੰਡੀ 'ਚ ਹੌਲ਼ੀ-ਹੌਲ਼ੀ ਵੱਡੇ ਪੂੰਜੀਪਤੀਆਂ ਦਾ ਹੱਕ ਹੁੰਦਾ ਜਾਂਦਾ ਹੈ। ਪੂੰਜੀ ਦੇ ਇਸ ਵੱਧਦੇ ਸੰਕੇਂਦਰਣ ਨਾਲ਼ ਮੁਨਾਫ਼ੇ ਨੂੰ ਕੇਂਦਰ 'ਚ ਰੱਖਦੇ ਹੋਏ ਵਿਗਿਆਨ ਅਤੇ ਤਕਨੀਕ ਦਾ ਤੇਜ਼ੀ ਨਾਲ਼ ਵਿਕਾਸ ਹੁੰਦਾ ਹੈ ਅਤੇ ਉਤਪਾਦਨ 'ਚ ਨਵੀਆਂ ਉੱਨਤ ਮਸ਼ੀਨਾਂ ਦੀ ਵਰਤੋਂ ਵੱਧਦੀ ਜਾਂਦੀ ਹੈ।

ਇਸ ਤਰ੍ਹਾਂ ਪਹਿਲਾਂ ਜਿਹੜਾ ਕੰਮ ਕਈ ਲੋਕਾਂ ਰਾਹੀਂ ਕੀਤਾ ਜਾਂਦਾ ਸੀ ਹੁਣ ਉਹ ਕੇਵਲ ਕੁੱਝ ਲੋਕਾਂ ਦੁਆਰਾ ਕਰਨਾ ਸੰਭਵ ਹੋ ਜਾਂਦਾ ਹੈ। ਮੁਨਾਫ਼ੇ ਲਈ ਵਿਗਿਆਨਕ ਅਤੇ ਤਕਨੀਕੀ ਵਿਕਾਸ ਦੀ ਵਰਤੋਂ ਮਸ਼ੀਨਾਂ ਦੁਆਰਾ ਮਜ਼ਦੂਰਾਂ ਦੀ ਵੱਡੀ ਗਿਣਤੀ ਦੇ ਵਿਸਥਾਪਨ ਨੂੰ ਸੰਭਵ ਬਣਾ ਦਿੰਦੀ ਹੈ ਅਤੇ ਲਗਾਤਾਰ ਹੱਲਾਸ਼ੇਰੀ ਦਿੰਦੀ ਹੈ; ਇੱਕ ਵੱਡੀ ਅਬਾਦੀ ਲਗਾਤਾਰ ਬੇਰੁਜ਼ਗਾਰਾਂ ਦੀ ਭੀੜ 'ਚ ਸ਼ਾਮਿਲ ਹੁੰਦੀ ਜਾਂਦੀ ਹੈ। ਇਸ ਨਾਲ਼ ਹੀ ਕਾਰਖਾਨਿਆਂ 'ਚ ਕੰਮ ਕਰਨ ਵਾਲ਼ੇ ਮਜ਼ਦੂਰਾਂ ਨੂੰ ਘੱਟ ਤੋਂ ਘੱਟ ਉਜਰਤ 'ਤੇ 12-14 ਘੰਟੇ ਮਿਹਨਤ ਕਰਨ ਲਈ ਪੂੰਜੀਪਤੀ ਜਮਾਤ ਮਜਬੂਰ ਕਰਦੀ ਹੈ ਕਿਉਂਕਿ ਉਸਦੇ ਹੱਥ 'ਚ ਦਰ-ਦਰ ਦੀਆਂ ਠੋਕਰਾਂ ਖਾਣ ਨੂੰ ਮਜਬੂਰ ਅਬਾਦੀ ਦੇ ਰੂਪ 'ਚ ਬੇਰੁਜ਼ਗਾਰਾਂ ਦੀ ਇੱਕ ਵਿਸ਼ਾਲ ਰਾਖਵੀਂ ਫ਼ੌਜ ਹੁੰਦੀ ਹੈ। ਜਿਹੜੀ ਜਿਉਂਦੇ ਰਹਿਣ ਲਈ ਬੜੀ ਮੁਸ਼ਕਿਲ ਨਾਲ਼ ਦਿਨ 'ਚ ਇੱਕ ਸਮੇਂ ਪੇਟ ਭਰ ਹਾਸਲ ਕਰਨ ਦੀ ਜੱਦੋਜਹਿਦ 'ਚ ਕਿਸੇ ਵੀ ਸ਼ਰਤਾਂ 'ਤੇ ਕੰਮ ਕਰਨ ਲਈ ਤਿਆਰ ਹੁੰਦੀ ਹੈ। ਇਸ ਤਰ੍ਹਾਂ ਕਿਰਤ ਕਰਨ ਵਾਲ਼ੀ ਅਤੇ ਸੂਈ ਤੋਂ ਲੈ ਕੇ ਜਹਾਜ਼ ਤੱਕ ਸਾਰੀਆਂ ਚੀਜ਼ਾਂ ਦੇ ਉਤਪਾਦਨ 'ਚ ਸਿੱਧੇ ਰੂਪ ਨਾਲ਼ ਸਰੀਰਕ ਕਿਰਤ ਕਰਨ ਵੀਲ਼ੀ ਕਿਰਤ ਅਬਾਦੀ ਖ਼ੁਦ ਆਪਣੀ ਕਿਰਤ ਰਾਹੀਂ ਬਣਾਏ ਗਏ ਭੌਤਿਕ ਸੁੱਖ ਦੇ ਆਧੁਨਿਕ ਸਾਧਨਾਂ ਤੋਂ ਵਾਂਝਿਆਂ ਹੁੰਦੀ ਜਾਂਦੀ ਹੈ। ਉਹ ਖ਼ੁਦ ਕਾਰਖਾਨਿਆਂ 'ਚ ਕੰਮ ਕਰਨ ਵਾਲ਼ੀ ਮਸ਼ੀਨ ਦਾ ਪੁਰਜ਼ਾ ਬਣ ਕੇ ਰਹਿ ਜਾਂਦੀ ਹੈ ਅਤੇ ਉਸ ਦੇ ਅਤੇ ਉਸਦੇ ਪੂਰਵਜਾਂ ਦੀ ਕਿਰਤ ਦੇ ਜ਼ੋਰ 'ਤੇ ਪੈਦਾ ਹੋਏ ਵਿਗਿਆਨ, ਕਲਾ, ਫਿਲਾਸਫੀ ਆਦਿ ਦੇ ਗਿਆਨ ਤੋਂ ਸੱਖਣੀ ਹੋ ਜਾਂਦੀ ਹੈ ਅਤੇ ਮਾਨਵੀ ਜੀਵਨ ਤੋਂ ਡਿੱਗ ਕੇ ਪਾਸ਼ਵਿਕ ਜੀਵਨ ਜੀਣ ਲਈ ਮਜਬੂਰ ਕਰ ਦਿੱਤੀ ਜਾਂਦੀ ਹੈ। ਇਸ ਲਈ ਇਹ ਸਾਰਾ ਗਿਆਨ-ਵਿਗਿਆਨ ਇੱਕ ਦੂਜੀ ਦੁਨੀਆ ਦੀ ਅਤੇ ਅਣਜਾਣ ਵਸਤੂ ਬਣ ਕੇ ਰਹਿ ਜਾਂਦਾ ਹੈ।

ਇਸ ਤਰ੍ਹਾਂ ਸਰੀਰਕ ਕਿਰਤ ਕਰਨ ਵਾਲ਼ੇ ਲੋਕਾਂ ਦੀ ਕਿਰਤ ਦਾ ਵਿਗਿਆਨ ਤੋਂ ਨਿਖੇੜਾ ਹੋ ਜਾਂਦਾ ਹੈ। ਗਿਆਨ-ਵਿਗਿਆਨ ਮਹਿਜ਼ ਬੌਧਿਕ ਕਿਰਤ ਕਰਨ ਵਾਲ਼ੇ ਜਾਂ ਕੋਈ ਕਿਰਤ ਨਾ ਕਰਨ ਵਾਲ਼ੇ ਉੱਚ ਮੱਧ ਵਰਗ ਅਤੇ ਉੱਚ ਵਰਗਾਂ ਦੀ ਮਾਲਕੀ ਬਣ ਕੇ ਰਹਿ ਜਾਂਦਾ ਹੈ। ਜਿਹਾ ਕਿ ਅਸੀਂ ਪਹਿਲਾਂ ਕਿਹਾ ਹੈ ਕਿ ਉਤਪਾਦਕ ਕਿਰਤ (ਮਾਨਸਿਕ ਅਤੇ ਸਰੀਰਕ, ਦੋਨੋਂ) ਦੇ ਵਿਕਾਸ ਦੀ ਪ੍ਰਕ੍ਰਿਆ 'ਚ ਹੀ ਗਿਆਨ ਪੈਦਾ ਅਤੇ ਵਿਕਸਿਤ ਹੋਇਆ ਹੈ। ਇਸ ਤੋਂ ਅਲੱਗ ਹੋਣ ਨਾਲ਼ ਹੀ ਵਿਗਿਆਨ ਆਪਣੀ ਜੀਵਨ ਸ਼ਕਤੀ ਤੋਂ ਕਾਫ਼ੀ ਹੱਦ ਤੱਕ ਨਿੱਖੜਦਾ ਜਾਂਦਾ ਹੈ। ਇਹੀ ਕਾਰਣ ਹੈ ਕਿ ਅੱਜ ਵਿਗਿਆਨ ਦੇ ਵਿਕਾਸ ਦੇ ਪ੍ਰੇਰਕ ਦਾ ਕੰਮ ਜੰਗਾਂ, ਮੁਕਾਬਲੇਬਾਜ਼ੀ 'ਚ ਟਿਕੇ ਰਹਿਣ ਲਈ ਅਜਿਹੇ ਸੰਦਾਂ ਦਾ ਵਿਕਾਸ ਕਰਨਾ ਹੈ, ਜਿਹੜੇ ਮਨੁੱਖਾਂ ਨੂੰ ਕੰਮ ਤੋਂ ਬੇਦਖਲ ਕਰਨ, ਜਾਂ ਅਮੂਰਤ ਵਿਗਿਆਨ ਹੈ ਜਿਸਦਾ ਉਤਪਾਦਨ ਕਰਨ ਵਾਲ਼ੀਆਂ ਜਮਾਤਾਂ ਨਾਲ਼ ਦੂਰ-ਦੂਰ ਤੱਕ ਕੋਈ ਰਿਸ਼ਤਾ ਨਹੀਂ ਹੈ। ਨਿਸ਼ਚਿਤ ਰੂਪ ਤੋਂ ਇਹਨਾਂ ਬਦਲਾਆਂ ਦੇ ਮਹਤੱਵ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਹੈ। ਪਰ ਇੰਨਾ ਜ਼ਰੂਰ ਕਿਹਾ ਜਾ ਸਕਦਾ ਹੈ ਇੱਕ ਅਜਿਹੇ ਪ੍ਰਬੰਧ ਦਰਮਿਆਨ, ਜਿਸਦੇ ਕੇਂਦਰ 'ਚ ਸਾਰੇ ਮਨੁੱਖਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਅਤੇ ਮਾਨਵੀ ਜੀਵਨ ਨੂੰ ਵੱਧ ਤੋਂ ਵੱਧ

ਵੰਨਸੁਵੰਨਤਾਪੂਰਣ ਅਤੇ ਸੁੰਦਰ ਬਣਾਉਣਾ ਹੋਵੇ, ਵਿਗਿਆਨ ਨੇ ਕਿਤੇ ਵੱਧ ਤੇਜ਼ ਰਫ਼ਤਾਰ ਨਾਲ਼ ਪ੍ਰਗਤੀ ਕੀਤੀ ਹੁੰਦੀ। ਇਸਦੀ ਵਜ੍ਹਾ ਇਹ ਹੈ ਕਿ ਵਿਗਿਆਨ ਦੇ ਵਿਕਾਸ ਦੇ ਕਾਰਜ ਨੂੰ ਸਮਾਜ ਦੇ 5 ਪ੍ਰਤੀਸ਼ਤ ਲੋਕ ਹੀ ਨਹੀਂ ਕਰਦੇ। ਸਿਧਾਂਤਕ ਤੋਂ ਲੈ ਕੇ ਵਿਵਹਾਰਿਕ ਵਿਗਿਆਨ ਤੱਕ ਦੇ ਵਿਕਾਸ 'ਚ ਲੋਕਾਂ ਦੀ ਵਿਸ਼ਾਲ ਵੱਡੀ ਗਿਣਤੀ ਦੀ ਸ਼ਮੂਲੀਅਤ ਹੁੰਦੀ। ਸਧਾਰਣ ਸੰਭਾਵਿਤ (Probability) ਦੇ ਸਿਧਾਂਤ ਨੂੰ ਵੀ ਸਮਝਿਆ ਜਾ ਸਕਦਾ ਹੈ ਕਿ ਅਜਿਹੇ 'ਚ ਵਿਗਿਆਨ ਨੂੰ ਸਮੂਹਿਕ ਅਕਲ ਦੀ ਅਜਿਹੀ ਪ੍ਰਚੰਡ ਊਰਜਾ ਮਿਲਦੀ, ਜਿਹੜੀ ਉਸਨੂੰ ਛਲਾਂਗਾਂ 'ਚ ਅੱਗੇ ਵਧਾਉਂਦੀ।

ਇਸ ਦੇ ਉਲਟ, ਪੂੰਜੀਵਾਦੀ ਸੱਭਿਅਤਾ ਅਤੇ ਸਮਾਜ 'ਚ ਮੰਡੀ ਦਾ ਰਾਜ ਹੁੰਦਾ ਹੈ ਜਿਸ 'ਚ ਮੁਨਾਫ਼ੇ ਦਾ ਨਿਯਮ ਕੰਮ ਕਰਦਾ ਹੈ। ਮੰਡੀ 'ਤੇ ਵੱਡੇ ਪੂੰਜੀਪਤੀਆਂ ਦਾ ਹੱਕ ਹੋਣ ਨਾਲ਼ ਹੀ ਉਨ੍ਹਾਂ ਦੀ ਅਨ੍ਹੇਵਾਹ ਮੁਨਾਫ਼ੇ ਦੀ ਹਵਸ ਹੋਰ ਵੱਧ ਵਧਦੀ ਜਾਂਦੀ ਹੈ। ਖੋਜ ਸੰਸਥਾਵਾਂ 'ਚ ਵਿਸ਼ੇ ਤਾਂ ਲਗਾਤਾਰ ਵੱਧਦਾ ਜਾਂਦਾ ਹੈ ਪਰ ਖੋਜ ਕਾਰਜਾਂ ਦਾ ਦਾਇਰਾ ਉਹਨਾਂ ਹੀ ਖੇਤਰਾਂ ਤੱਕ ਸੀਮਤ ਹੁੰਦਾ ਜਾਂਦਾ ਹੈ ਜਿਨ੍ਹਾਂ ਦੀ ਤੁਰੰਤ ਮੁਨਾਫ਼ਾ ਵਧਾਉਣ ਵਾਲ਼ੀਆਂ ਤਕਨੀਕਾਂ ਅਤੇ ਇਸ ਮੁਨਾਫ਼ੇ ਦੀ ਰੱਖਿਆ ਲਈ ਹੋਣ ਵਾਲ਼ੀਆਂ ਜੰਗਾਂ ਦੀ ਤਿਆਰੀ ਲਈ ਉਨੱਤ ਸਾਜੋ-ਸਮਾਨ ਅਤੇ ਤਕਨੀਕਾਂ ਵਿਕਸਿਤ ਕਰਨ ਲਈ ਲੋੜ ਹੁੰਦੀ ਹੈ। ਵਿਗਿਆਨੀਆਂ ਦੀ ਇੱਛਾ, ਪ੍ਰਤਿਭਾ ਅਤੇ ਸਿਰਜਣਾਤਮਿਕਤਾ ਦਾ ਲਗਾਤਾਰ ਦਮਨ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਇੱਕ ਪ੍ਰੀ-ਪ੍ਰੋਗਰੈਮਡ ਰੋਬੋਟ ਦੀ ਤਰ੍ਹਾਂ ਪਹਿਲਾਂ ਤੋਂ ਤੈਅ ਪੈਮਾਨਿਆਂ ਤੱਕ ਸੀਮਤ ਕਰਦੇ ਹੋਏ, ਕੇਵਲ ਉੱਪਰ ਤੋਂ ਹਾਸਲ, ਉਹਨਾਂ ਦੇ ਮਾਲਕਾਂ ਦੁਆਰਾ ਨਿਰਦੇਸ਼ਿਤ ਕੰਮਾਂ ਨੂੰ ਪੂਰਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਉਹਨਾਂ ਨੂੰ ਸਮਾਜਿਕ ਜੀਵਨ ਤੋਂ ਨਿਖੇੜ ਕੇ ਪ੍ਰਯੋਗਸ਼ਲਾਵਾਂ ਦੀ ਚਾਰਦੀਵਾਰੀ ਅੰਦਰ ਰਿਹਮ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਅਜਿਹਾ ਇਹ ਢਾਂਚਾ ਹਮੇਸ਼ਾ ਜ਼ੋਰ-ਜਬਰਦਸਤੀ ਨਾਲ਼ ਨਹੀਂ ਸਗੋਂ ਜਿਣਸ-ਪੂਜਾ (ਕਮੋਡਿਟੀ ਫੈਟੀਸਿਜ਼ਮ) ਦੇ ਸੱਭਿਆਚਾਰ ਨੂੰ ਹੱਲਾਸ਼ੇਰੀ ਦੇ ਕੇ ਕਰਦਾ ਹੈ। ਪਦਾਰਥਕ ਹੱਲਾਸ਼ੇਰੀ ਅਤੇ ਨਿੱਜੀ ਲਾਭ ਇਕੱਠਾ ਕਰਨ ਦਾ ਪੂਰਾ ਪ੍ਰਬੰਧ ਬਚਪਨ ਤੋਂ ਹੀ ਦਿਮਾਗਾਂ ਨੂੰ ਇਸ ਕਦਰ ਢਾਲਦਾ ਹੈ ਕਿ ਲੋਕ ਪੈਸਾ ਕਮਾਉਣ ਅਤੇ ਪੈਸੇ ਨਾਲ਼ ਸਾਰੀਆਂ ਭੌਤਿਕ ਸੁੱਖ-ਸੁਵਿਧਾਵਾਂ ਨੂੰ ਇਕੱਠਾ ਕਰ ਲੈਣ ਨੂੰ ਹੀ ਜੀਵਨ ਦਾ ਮਤਲਬ ਸਮਝਦੇ ਹਨ। ਪੂੰਜੀਵਾਦੀ ਸਮਾਜ 'ਚ ਇਸ ਖਪਤਵਾਦ ਦਾ ਇੱਕ ਬਜ਼ਾਰੂ ਅਧਿਆਤਮਿਕਤਾ ਨਾਲ਼ ਅਜੀਬੋ-ਗਰੀਬ ਮੇਲ ਚਲਦਾ ਰਿਹਾ ਹੈ।

ਅਜਿਹੇ ਸੱਭਿਆਚਾਰ ਅਤੇ ਸੱਭਿਅਤਾ 'ਚ ਪਲਣ-ਵੱਧਣ ਵਾਲ਼ਾ ਵਿਗਿਆਨੀ ਵਿਗਿਆਨ ਦੀ ਸਮਾਜਿਕ ਭੂਮਿਕਾ ਤੋਂ ਅਣਜਾਣ ਆਪਣੇ ਵਿਗਿਆਨਕ ਹੁਨਰ ਦੀ ਵਰਤੋਂ ਮਹਿਜ਼ ਆਪਣੀ ਜ਼ਿੰਦਗੀ ਨੂੰ ਸੰਵਾਰਨ ਅਤੇ ਵੱਧ ਤੋਂ ਵੱਧ ਸਹੂਲਤੀ ਬਣਾਉਣ ਲਈ ਕਰਦਾ ਹੈ। ਨਿਸ਼ਚਿਤ ਰੂਪ ਨਾਲ਼ ਉਸਦੀਆਂ ਆਪਣੀਆਂ ਵਿਗਿਆਨਕ ਜਗਿਆਸਾਵਾਂ ਹੁੰਦੀਆਂ ਹਨ ਅਤੇ ਵਿਗਿਆਨ ਪ੍ਰਤੀ ਉਸਦੀ ਇੱਕ ਹੱਦ ਤੱਕ ਪ੍ਰਤੀਬੱਧਤਾ ਵੀ ਹੁੰਦੀ ਹੈ। ਪਰ "ਭੌਤਿਕ" ਚਿੰਤਾਵਾਂ ਹਰ ਹਮੇਸ਼ਾ ਉਸ 'ਤੇ ਹਾਵੀ ਰਹਿੰਦੀਆਂ ਹਨ। ਇਸ ਤਰ੍ਹਾਂ ਵਿਗਿਆਨਕ ਅਤੇ ਰਿਸਰਚ ਸਕਾਲਰ ਆਮ ਜਨ ਜੀਵਨ ਤੋਂ ਨਿੱਖੜ ਜਾਂਦੇ ਹਨ, ਸਿੱਧੇ ਉਤਪਾਦਨ ਨਾਲ਼ ਸਬੰਧ ਆਪਣੇ ਅਨੇਕਾਂ ਰੂਪਾਂ 'ਚ ਘੱਟ ਹੁੰਦਾ ਹੈ, ਪੈਸਾ ਅਤੇ ਪੈਸੇ ਦਾ ਸੱਭਿਆਚਾਰ ਸਿਰ ਚੜ੍ਹ ਕੇ ਬੋਲਣ ਲੱਗਦਾ ਹੈ ਅਤੇ ਰਿਸਰਚ ਇੰਸੀਚਿਊਸ਼ਟਸ ਹੌਲ਼ੀ-ਹੌਲ਼ੀ ਮਾਨਸਿਕ ਰੋਗੀਆਂ ਅਤੇ ਮੈਡੀਕਲ ਰੂਪ ਤੋਂ ਨਿਰਾਸ ਤੱਤਾਂ ਨੂੰ ਪੈਦਾ ਅਤੇ ਪੋਸ਼ਿਤ ਕਰਨ ਵਾਲ਼ੇ ਕੇਂਦਰ ਬਣ ਕੇ ਰਹਿ ਜਾਂਦੇ ਹਨ।

ਇਸ ਦੇ ਨਾਲ਼ ਹੀ ਨਾਲ਼ ਵਿਗਿਆਨਕਾਂ ਅਤੇ ਰਿਸਰਚ ਸਕਾਲਰਾਂ ਦੀ ਵੱਧਦੀ ਮੰਗ ਦੀ ਪੂਰਤੀ ਕਰਨ ਦੀ ਲੋੜ ਵੀ ਹੁੰਦੀ ਹੈ। ਇਸ ਲਈ ਵੱਡੀਆਂ-ਵੱਡੀਆਂ ਯੂਨੀਵਰਸਿਟੀਆਂ 'ਚ ਵਿਗਿਆਨ, ਇੰਜੀਨਿਅਰਿੰਗ ਦੇ ਸਿਲੇਬਸ ਚਲਾਏ ਜਾਂਦੇ ਹਨ। ਪਰ ਇਨ੍ਹਾਂ 'ਚ ਸਿੱਖਿਆ ਹਾਸਲ ਕਰਨ ਵਾਲ਼ੇ ਵਿਦਿਆਰਥੀ ਵਿਦਿਆਰਥਣਾਂ ਦੀ ਪ੍ਰਤਿਭਾ ਨੂੰ ਪੂਰੀ ਤਰ੍ਹਾਂ ਪੂੰਜੀ ਦੀ ਸੇਵਾ 'ਚ ਸਮਰਪਿਤ ਕਰਨ ਲਈ ਪੂੰਜੀਵਾਦ ਦੋ ਤਰਫ਼ਾ-ਨੀਤੀ ਅਪਣਾਉਂਦਾ ਹੈ। ਇੱਕ ਪਾਸੇ ਤਾਂ ਇਨ੍ਹਾਂ ਯੂਨੀਵਰਸਿਟੀਆਂ 'ਚ ਲਗਾਤਾਰ ਫੀਸਾਂ ਵਧਾ ਕੇ ਅਤੇ ਸੀਟਾਂ 'ਚ ਮੁਕਾਬਲਤਨ (ਕੁੱਲ ਯੋਗ ਅਬਾਦੀ ਦੀ ਤੁਲਨਾ 'ਚ) ਕਮੀ ਕਰਕੇ ਇਨ੍ਹਾਂ 'ਚ ਦਾਖਲੇ ਲਈ ਹੋਣ ਵਾਲ਼ੇ ਕੰਪੀਟੀਟਿਵ ਇਮਤਿਹਾਨ ਅਤੇ ਇੰਟਰਵਿਊ ਪ੍ਰਕ੍ਰਿਆ ਨੂੰ ਬੇਹੱਦ ਗੁੰਝਲਦਾਰ ਬਣਾ ਕੇ, ਯੂਨੀਵਰਸਿਟੀਆਂ ਦੇ ਨਿੱਜੀਕਰਨ ਨੂੰ ਹੱਲਾਸ਼ੇਰੀ ਦੇ ਕੇ ਅਤੇ ਸਿੱਖਿਆ ਨੂੰ ਇੱਕ ਬਜਾਰੂ ਜਿਣਸ 'ਚ ਬਦਲ ਕੇ ਲਗਾਤਾਰ ਸਮਾਜ ਦੇ ਘੱਟ ਆਮਦਨ ਵਾਲ਼ੇ ਕਿਰਤ ਅਤੇ ਨਿਮਨ ਮੱਧਵਰਗਾਂ ਤੋਂ ਆਉਣ ਵਾਲ਼ੇ ਵਿਦਿਆਰਥੀ-ਵਿਦਿਆਰਥਣਾਂ ਦਾ ਇਨ੍ਹਾਂ 'ਚ ਦਾਖਲਾ ਕਰਵਾਉਣਾ ਮੁਸ਼ਕਲ ਬਣਾਉਂਦਾ ਜਾਂਦਾ ਹੈ, ਇਹ ਯੂਨੀਵਰਸਿਟੀਆਂ ਸਿਰਫ਼ ਰਈਸ ਜਾਦਿਆਂ ਦੀ ਮਾਲਕੀ ਬਣ ਕੇ ਰਹਿ ਜਾਂਦੇ ਹਨ। ਇਨ੍ਹਾਂ ਰਈਸਾਂ ਦੀਆਂ ਸੰਤਾਨਾਂ ਨੇ ਆਪਣੀ ਜ਼ਿੰਦਗੀ 'ਚ ਨਾ ਤਾਂ ਕਦੀ ਸਰੀਰਕ ਕਿਰਤ ਕੀਤੀ ਹੁੰਦੀ ਹੈ ਅਤੇ ਨਾ ਹੀ ਉਸਦੇ ਮਹਤੱਵ ਨੂੰ ਜਾਣਦੇ-ਸਮਝਦੇ ਹਨ; ਇਸ ਵਜ੍ਹਾ ਕਰਕੇ ਇਹਨਾਂ ਨੂੰ ਸਰੀਰਕ ਕਿਰਤ ਅਤੇ ਸਰੀਰਕ ਕਿਰਤ ਕਰਨ ਵਾਲ਼ੇ ਲੋਕਾਂ ਨਾਲ਼ ਕੋਈ ਸਰੋਕਾਰ ਨਹੀਂ ਹੁੰਦਾ, ਸਗੋਂ ਜਿਸ ਮਾਹੌਲ ਅਤੇ ਸੱਭਿਆਚਾਰ 'ਚ ਉਹ ਪਲ਼ੇ ਅਤੇ ਵੱਡੇ ਹੁੰਦੇ ਹਨ ਉਹ ਇਹਨਾਂ ਨੂੰ ਮਿਹਨਤ-ਮਜ਼ਦੂਰੀ ਕਰਨ ਵਾਲ਼ਿਆਂ ਨੂੰ ਤ੍ਰਿਸਕਾਰਨਾ ਅਤੇ ਤੁੱਛ ਸਮਝਣਾ ਹੀ ਸਿਖਾਉਂਦੀ ਹੈ; ਉੱਥੇ ਦੂਜੇ ਪਾਸੇ ਸਮਾਜ ਦੀਆਂ ਹੇਠਲੀਆਂ ਪਰਤਾਂ ਤੋਂ ਜਿਹੜੀ ਛੋਟੀ-ਜਿਹੀ ਅਬਾਦੀ ਸਭ ਰੁਕਾਵਟਾਂ ਦੇ ਬਾਵਜੂਦ ਇਨ੍ਹਾਂ ਯੂਨੀਵਰਸਿਟੀਆਂ ਤੱਕ ਪਹੁੰਚਣ 'ਚ ਸਮੱਰਥ ਹੋ ਵੀ ਜਾਂਦੀ ਹੈ ਉਨ੍ਹਾਂ 'ਤੇ ਇਨ੍ਹਾ ਯੂਨੀਵਰਸਿਟੀਆਂ ਦੀ ਕਿਰਤ ਵਿਰੋਧੀ, ਦੂਜਿਆਂ ਦੀ ਕਿਰਤ 'ਤੇ ਐਸ਼ੋ-ਅਰਾਮ ਕਰਨ ਦੀ ਮਾਨਸਿਕਤਾ ਨੂੰ ਹੱਲਾਸ਼ੇਰੀ ਦੇਣ ਵਾਲ਼ਾ ਪੂੰਜੀਵਾਦੀ ਸੱਭਿਆਚਾਰ ਲਗਾਤਾਰ ਆਪਣਾ ਸ਼ਿਕੰਜਾ ਕਸਦਾ ਜਾਂਦਾ ਹੈ; ਉਹਨਾਂ ਦਾ ਟੀਚਾ ਵੀ ਵੱਧ ਤੋਂ ਵੱਧ ਪੈਸਾ ਕਮਾਉਣਾ, ਅਮੀਰ ਬਣਨਾ ਅਤੇ ਅਮੀਰਜਾਦਿਆਂ ਦੀ ਜਮਾਤ 'ਚ ਸ਼ਾਮਿਲ ਹੋ ਜਾਣਾ ਬਣ ਜਾਂਦਾ ਹੈ। ਆਪਣੀ ਜਮਾਤ ਨੂੰ ਉਹ ਨਫ਼ਰਤ ਕਰਨ ਲੱਗਦੇ ਹਨ। ਸੂਤਰ 'ਚ ਕਹੀਏ ਤਾਂ ਉਹਨਾਂ ਦੀ ਜਮਾਤੀ ਕਾਇਆਪਲਟੀ ਹੋ ਜਾਂਦੀ ਹੈ।

ਇਤਿਹਾਸ ਦੱਸਦਾ ਹੈ ਕਿ ਆਮ ਲੋਕਾਂ ਦਰਮਿਆਨੋਂ ਨਿਕਲੇ ਅਜਿਹੇ ਕੁਲੀਨੀਕ੍ਰਿਤ ਤੱਤ ਇਤਿਹਾਸਕ ਤੌਰ 'ਤੇ ਧਨੀ ਅਤੇ ਕੁਲੀਨ ਜਮਾਤਾਂ ਤੋਂ ਆਉਣ ਵਾਲ਼ੇ ਤੱਤਾਂ ਤੋਂ ਵੀ ਵੱਧ ਪਿਛਾਂਹਖਿੱਚੂ ਹੁੰਦੇ ਹਨ। ਇਸ ਤੋਂ ਇਲਾਵਾ, ਇਨ੍ਹਾਂ ਯੂਨੀਵਰਸਿਟੀਆਂ 'ਚ ਸਮਾਜਿਕ ਸਰੋਕਾਰ ਰੱਖਣ ਵਾਲ਼ੀ ਇੱਕ ਬਹੁਤ ਛੋਟੀ ਜਿਹੀ ਅਬਾਦੀ ਜਿਹੜੀ ਫਿਰ ਵੀ ਬਚੀ ਰਹਿੰਦੀ ਹੈ ਉਹਨਾਂ ਨੂੰ ਇਹ ਢਾਂਚਾ ਪਿਛੜੇ ਹੋਏ ਪਿੰਡਾਂ 'ਚ ਛੋਟੇ-ਮੋਟੇ ਤਕਨੀਕੀ ਵਿਕਾਸ ਦੇ ਕੰਮਾਂ 'ਚ ਫਸਾ ਕੇ ਇਸ ਭਰਮ 'ਚ ਰੱਖਦਾ ਹੈ ਕਿ ਉਹ ਸਮਾਜ ਲਈ ਕੋਈ ਵੱਡਾ ਬੇਹਤਰੀਨ ਕੰਮ ਕਰ ਰਹੇ ਹਨ; ਜਾਂ ਫਿਰ ਅਜਿਹੇ ਲੋਕਾਂ ਨੂੰ ਸੁਧਾਰਵਾਦੀ ਰਾਜਨੀਤੀ ਅਤੇ ਐਨ.ਜੀ.ਓ. ਸੈਕਟਰ ਖਿੱਚ ਲੈ ਜਾਂਦਾ ਹੈ। ਕੁਲ ਮਿਲਾ ਕੇ, ਪੂੰਜੀਵਾਦੀ ਢਾਂਚਾ ਉਹਨਾਂ ਨੂੰ ਆਪਣੇ ਗਲਬੇ ਦੀ ਪੂਰੀ ਸੰਰਚਨਾ ਅੰਦਰ ਹੀ ਕਿਤੇ ਸਮਾ ਲੈਂਦਾ ਅਤੇ ਉਹਨਾਂ ਦੀ ਚੇਤਨਾ ਨੂੰ ਢਾਂਚਾ-ਤਬਦੀਲੀ ਤੱਕ ਨਹੀਂ ਜਾਣ ਦਿੰਦੀ।

ਇਸ ਤਰ੍ਹਾਂ ਵਿਗਿਆਨ, ਵਿਗਿਆਨੀ, ਖੋਜ ਕਰਤਾ ਅਤੇ ਵਿਗਿਆਨ ਦੇ ਵਿਦਿਆਰਥੀਆਂ—ਇਨ੍ਹਾਂ ਸਭ ਦਾ ਉਤਪਾਦਕ ਕਿਰਤ ਅਤੇ ਉਤਪਾਦਕ ਕਿਰਤ ਕਰਨ ਵਾਲ਼ੇ ਕਿਰਤੀ ਲੋਕਾਂ ਤੋਂ ਨਿਖੇੜਾ ਵੱਧ ਤੋਂ ਵੱਧ ਹੁੰਦਾ ਜਾਂਦਾ ਹੈ। ਸਿੱਟੇ ਵਜੋਂ ਵਿਗਿਆਨਕ ਆਪਣੀ ਜੀਵਨ ਸ਼ਕਤੀ ਤੋਂ ਵਾਂਝਾ ਹੁੰਦਾ ਜਾਂਦਾ ਹੈ। ਉਸ 'ਚ ਸਤਹੀ ਬਣਾਵਟੀ ਵਿਕਾਸ ਤਾਂ ਕ੍ਰਮਵਾਰ ਪ੍ਰਕ੍ਰਿਆ 'ਚ ਜਾਰੀ ਰਹਿੰਦਾ ਹੈ ਪਰ ਸਮਾਜ ਨਾਲ਼ੋਂ ਸਾਪੇਖਕ ਰੂਪ ਨਾਲ਼ ਪੂਰਨ ਨਿਖੇੜਾ ਉਸਨੂੰ ਮ੍ਰਿਤ ਅਤੇ ਰਹੱਸਮਈ ਹੋਣ ਦੀ ਹੱਦ ਤੱਕ "ਅਮੂਰਤ" ਬਣਾਉਂਦਾ ਜਾਂਦਾ ਹੈ। ਇੱਕ ਅਜਿਹਾ ਅਮੂਰਤਨ ਜਿਹੜਾ ਵਿਗਿਆਨਕ ਅਮੂਰਤਨ ਨਹੀਂ ਕਿਹਾ ਜਾ ਸਕਦਾ। ਵਿਗਿਆਨ ਦਾ ਵਿਕਾਸ ਵੱਧ ਤੋਂ ਵੱਧ ਕਿਰਤ-ਵਿਰੋਧੀ ਰੂਪ ਲੈਂਦਾ ਚਲਾ ਜਾਂਦਾ ਹੈ ਅਤੇ ਇਹ ਸਿਰਫ਼ ਅਮੀਰਜਾਦਿਆਂ ਨੂੰ ਅਰਾਮ ਅਤੇ ਮਨੋਰੰਜਨ ਦੇ ਨਵੇਂ-ਨਵੇਂ ਸਾਧਨ ਪ੍ਰਦਾਨ ਕਰਨ ਵਾਲ਼ਾ ਸੰਦ ਅਤੇ ਕਿਰਤੀ ਅਬਾਦੀ ਦੀ ਲੁੱਟ ਨੂੰ ਹੋਰ ਵਧੇਰੇ, ਸੂਖਮ ਅਤੇ ਵਿਆਪਕ, ਬਣਾਉਣ ਵਾਲ਼ਾ ਸਾਧਨ ਮਹਿਜ ਬਣ ਕੇ ਰਹਿ ਗਿਆ ਹੈ। ਇਸ ਤਰ੍ਹਾਂ ਪੂੰਜੀਵਾਦੀ ਢਾਂਚੇ 'ਚ ਵਿਗਿਆਨ ਸਮਾਜ ਤੋਂ ਨਿੱਖੜ ਕੇ ਮੰਡੀ ਅਧੀਨ ਹੁੰਦਾ ਜਾਂਦਾ ਹੈ ਅਤੇ ਇਹਨਾਂ ਅਰਥਾਂ 'ਚ ਪੂੰਜੀ ਦੀ ਸੇਵਾ ਕਰਨ ਵਾਲ਼ਾ ਇੱਕ ਸੰਦ ਬਣ ਕੇ ਰਹਿ ਜਾਂਦਾ ਹੈ। ਪੂੰਜੀਵਾਦੀ ਉਤਪਾਦਨ ਸਬੰਧ ਨਵੀਆਂ ਉਤਪਾਦਕ ਸ਼ਕਤੀਆਂ ਦੇ ਵਿਕਾਸ ਨੂੰ ਨਾ ਸਿਰਫ਼ ਸਮਾਜ ਦੇ ਖੇਤਰ 'ਚ ਰੋਕਣ ਲੱਗਦੇ ਹਨ ਸਗੋਂ ਵਿਗਿਆਨ ਦੇ ਖੇਤਰ 'ਚ ਵੀ ਉਹ ਉਹਨਾਂ ਦੇ ਰਾਹ ਦਾ ਰੋੜਾ ਬਣ ਜਾਂਦੇ ਹਨ। ਜਦੋਂ ਕਿਸੇ ਖਾਸ ਸੈਕਟਰ 'ਚ ਕਿਸੇ ਵੱਡੇ ਪੂੰਜੀਪਤੀ ਦੀ ਇਜਾਰੇਦਾਰੀ ਸਥਾਪਿਤ ਹੋ ਜਾਂਦੀ ਹੈ ਅਤੇ ਉਸ ਸੈਕਟਰ 'ਚ ਉਸ ਦੁਆਰਾ ਕੀਮਤਾਂ ਤੈਅ ਹੋ ਜਾਂਦੀਆਂ ਹਨ ਤਾਂ ਉਹ ਕਿਸੇ ਵੀ ਨਵੀਂ ਤਕਨੀਕ ਜਾਂ ਖੋਜ ਨੂੰ ਤੱਦ ਤੱਕ ਸਾਹਮਣੇ ਨਹੀਂ ਆਉਣ ਦਿੰਦਾ ਜਦ ਤੱਕ ਮੁਨਾਫੇ ਨੂੰ ਵਧਾਉਣ 'ਚ ਉਸਦੀ ਯੋਗਤਾ ਸਿੱਧ ਨਹੀਂ ਹੋ ਜਾਂਦੀ। ਜੇਕਰ ਕੋਈ ਨਵੀਂ ਖੋਜ ਮੰਡੀ 'ਚ ਉਸਦੇ ਏਕਾਧਿਕਾਰ ਨੂੰ ਖ਼ਤਮ ਕਰਕੇ ਫਿਰ ਤੋਂ ਮੁਕਾਬਲਾ ਸ਼ੁਰੂ ਕਰਨ ਦੀ ਸੰਭਾਵਨਾ ਰੱਖਦੀ ਹੈ ਤਾਂ ਉਹ ਉਸਨੂੰ ਵਿਕਸਿਤ ਨਹੀਂ ਹੋਣ ਦਿੰਦਾ, ਖਰੀਦ ਕੇ ਪੇਟੇਂਟ ਕਰਾ ਲੈਂਦਾ ਹੈ ਅਤੇ ਗੁਪਤ ਰੱਖਦਾ ਹੈ। ਕਈ ਵਾਰੀ ਤਾਂ ਇਸ ਲਈ ਵੱਡੇ-ਵੱਡੇ ਕਾਰਪੋਰੇਸ਼ਨ ਵਿਗਿਆਨੀਆਂ ਨੂੰ ਅਗਵਾ ਕਰਨ, ਉਹਨਾਂ ਦੀ ਹੱਤਿਆਵਾਂ ਕਰਨ, ਉਹਨਾਂ ਨੂੰ ਖ਼ਰੀਦ ਲੈਣ ਆਦਿ ਜਿਹੇ ਅਪਰਾਧਿਕ ਤੌਰ-ਤਰੀਕਿਆਂ ਦੀ ਵੀ ਵਰਤੋਂ ਕਰਦੇ ਹਨ। ਕੁੱਝ ਵੀ ਹੋਵੇ ਮੁਨਾਫ਼ਾ ਕਾਇਮ ਰਹਿਣਾ ਚਾਹੀਦਾ ਹੈ।

ਇਸ ਲਈ ਸਪੱਸ਼ਟ ਹੈ ਕਿ ਪੂੰਜੀਵਾਦ ਨੇ ਵਿਗਿਆਨ ਅਤੇ ਤਕਨੀਕ ਨੂੰ ਜਗੀਰਦਾਰੀ ਅਤੇ ਹੋਰ ਪੂਰਵ-ਪੂੰਜੀਵਾਦੀ ਸਮਾਜਿਕ ਢਾਂਚਿਆਂ ਤੋਂ ਕਈ ਗੁਣਾ ਵੱਧ ਵਿਕਸਿਤ ਤਾਂ ਕੀਤਾ ਹੈ ਪਰ ਅੱਜ ਉਹੀ ਪੂੰਜੀਵਾਦ ਵਿਗਿਆਨ ਅਤੇ ਉਤਪਾਦਕ ਸ਼ਕਤੀਆਂ ਅੱਗੇ ਵਿਕਾਸ 'ਚ ਰੁਕਾਵਟ ਬਣ ਚੁੱਕਾ ਹੈ। ਸੰਪੂਰਣ ਮਨੁੱਖ ਜਾਤੀ ਨੂੰ ਖੁਸ਼ਹਾਲ ਬਣਾਉਣ ਦੀ ਇਨਕਲਾਬੀ ਭੂਮਿਕਾ ਨੂੰ ਅਦਾ ਕਰਨ ਦੀ ਬਜਾਏ ਵਿਗਿਆਨ ਪੂੰਜੀ ਅਧੀਨ ਹੋ ਕੇ ਸਮਾਜ 'ਚ ਅਮੀਰ-ਗਰੀਬ ਦਰਮਿਆਨ ਪਾੜੇ ਨੂੰ ਵਧਾਉਣ ਅਤੇ ਉੱਨਤ ਜੰਗੀ ਸੰਦ ਵਿਕਸਿਤ ਕਰਨ, ਮਜ਼ਦੂਰ ਅਬਾਦੀ ਨੂੰ ਉਸਦੀ ਰੋਜ਼ੀ ਤੋਂ ਬੇਦਖਲ ਕਰਨ ਦੀ ਪਿਛਾਂਹਖਿੱਚੂ ਭੂਮਿਕਾ 'ਚ ਆ ਗਿਆ ਹੈ। ਇਸ ਢਾਂਚੇ 'ਚ ਵਿਗਿਆਨ ਦੇ ਵਿਕਾਸ ਦੀ ਮੁੱਖ ਚਾਲਕ ਅਤੇ ਪ੍ਰੇਰਕ ਸ਼ਕਤੀ ਸੰਪੂਰਣ ਮਨੁੱਖਤਾ ਨੂੰ ਖੁਸ਼ਹਾਲ ਬਣਾਉਣਾ ਨਹੀਂ ਸਗੋਂ ਸਿਰਫ਼ ਮੁੱਠੀ ਭਰ ਲੋਕਾਂ ਦਾ ਮੁਨਾਫ਼ਾ ਵਧਾਉਣਾ ਹੈ। ਪੂੰਜੀਵਾਦੀ ਢਾਂਚੇ ਤਹਿਤ ਇਸ ਵਿਰੋਧਤਾਈ ਦਾ ਹੱਲ ਨਹੀਂ ਕੀਤਾ ਜਾ ਸਕਦਾ ਹੈ। ਵਿਗਿਆਨ ਨੂੰ ਪੂੰਜੀਵਾਦ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਦਾ ਸਵਾਲ ਪੂਰੀ ਮਨੁੱਖਤਾ ਨੂੰ ਪੂੰਜਵਾਦ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਨ ਦਾ ਸਵਾਲ ਹੈ। ਇੱਕ ਸੱਚਾ ਸਮਰਪਿਤ ਵਿਗਿਆਨੀ ਉਹ ਨਹੀਂ ਹੋ ਸਕਦਾ ਜਿਹੜਾ ਦੁਨੀਆ ਜਹਾਨ ਤੋਂ ਨਿੱਖੜ ਕੇ, ਸਮਾਜਿਕ ਸਰੋਕਾਰਾਂ ਤੋਂ ਨਿੱਖੜ ਕੇ ਅਤੇ ਆਪਣੇ ਮਾਲਕ ਦਾ ਭਾੜੇ ਦਾ ਟੱਟੂ ਬਣ ਕੇ ਲੈਬੋਰੇਟਰੀ 'ਚ ਉਸ ਲਈ ਕੰਮ ਕਰਦਾ ਰਹੇ, ਉਹ ਵਿਗਿਆਨ ਦਾ ਕਲਰਕ ਤਾਂ ਹੋ ਸਕਦਾ ਹੈ ਪਰ "ਵਿਗਿਆਨੀ" ਹੋਣਾ ਇੱਕ ਵੱਖਰੀ ਗੱਲ ਹੈ। ਆਧੁਨਿਕ ਯੁੱਗ ਦੇ ਸਭ ਤੋਂ ਮਹਾਨ ਵਿਗਿਆਨੀ ਆਈਨਸਟੀਨ ਵੀ ਇਸ ਗੱਲ ਦੀ ਤਾਈਦ ਕਰਦੇ ਹਨ ਅਤੇ ਸ਼ਾਇਦ ਇਸ ਲਈ ਉਹ ਆਈਨਸਟੀਨ ਸਨ।

*****

ਪਾਰਲੀਮੈਂਟ

ਝੁੰਮਣੇ ਵੱਲ ਉਂਗਲ ਨਾ ਕਰੋ
ਜਿਸ ਨੂੰ ਤੁਸੀਂ ਖੱਖਰ ਸਮਝਦੇ ਹੋ
ਉੱਥੇ ਲੋਕਾਂ ਦੇ ਪ੍ਰਤੀਨਿਧ ਵਸਦੇ ਹਨ

— ਪਾਸ਼

ਕਿਹੋ ਜਿਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿਸ ਦੀ ਸੇਵਾ ਕਰਦਾ ਹੈ ?

(ਤੀਸਰੀ ਕਿਸਤ)

1939 'ਚ ਦੂਜੀ ਸੰਸਾਰ ਜੰਗ ਦੀ ਸ਼ੁਰੂਆਤ ਹੋਈ। 3 ਸਤੰਬਰ 1939 ਨੂੰ ਸੂਬਾਈ ਮੰਤਰੀ-ਮੰਡਲਾਂ ਜਾਂ ਕਿਸੇ ਵੀ ਭਾਰਤੀ ਲੀਡਰ ਨਾਲ਼ ਸਲਾਹ ਕੀਤੇ ਬਿਨਾਂ ਵਾਇਸਰਾਏ ਲਾਰਡ ਲਿਨਲਿਥਗੋ ਨੇ ਫਾਸਿਸਟ ਜਰਮਨੀ ਵਿਰੁੱਧ ਬ੍ਰਿਟੇਨ ਦੀ ਜੰਗ 'ਚ ਭਾਰਤ ਦੇ ਵੀ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਕਾਂਗਰਸ ਫਾਸੀਵਾਦ ਵਿਰੋਧੀ ਜੰਗ 'ਚ ਬ੍ਰਿਟੇਨ ਦਾ ਸਾਥ ਦੇਣ ਲਈ ਇਹ ਘੱਟੋ-ਘੱਟ ਸ਼ਰਤਾਂ ਰੱਖ ਰਹੀ ਸੀ: ਜੰਗ ਮਗਰੋਂ ਸਰਵਜਨਕ ਵੋਟ ਦੇ ਅਧਿਕਾਰ 'ਤੇ ਅਧਾਰਿਤ ਸੰਵਿਧਾਨ ਸਭਾ ਦਾ ਵਾਅਦਾ ਅਤੇ ਕੇਂਦਰ 'ਚ ਅਸਲੀ ਜਵਾਬਦੇਹ ਸਰਕਾਰ ਦੀ ਸਥਾਪਤੀ। ਵਾਇਸਰਾਏ ਨੇ ਇਹਨਾਂ ਘੱਟ ਤੋਂ ਘੱਟ ਸ਼ਰਤਾਂ ਨੂੰ ਵੀ ਸਿਰੇ ਤੋਂ ਖਾਰਜ ਕਰ ਦਿੱਤਾ। 'ਡੋਮਿਨਿਅਲ ਸਟੇਟਸ' ਦੀ ਅਨਿਸ਼ਚਿਤ-ਅਸਪੱਸ਼ਟ ਪੇਸ਼ਕਸ਼ ਤੋਂ ਅੱਗੇ ਜਾਣ ਲਈ ਬਸਤੀਵਾਦੀ ਕਦੇ ਵੀ ਤਿਆਰ ਨਹੀਂ ਸਨ। ਬ੍ਰਿਟਿਸ਼ ਪੂੰਜੀਪਤੀ ਜਮਾਤ ਦੇ ਕੱਟੜਪੰਥੀ ਸਿਆਸੀ ਪ੍ਰਤੀਨਿਧੀ ਜੰਗ ਦੇ ਸਮੇਂ ਦੀਆਂ ਹਾਲਤਾਂ ਦਾ ਫਾਇਦਾ ਲੈ ਕੇ ਭਾਰਤ 'ਚ ਨੌਕਰਸ਼ਾਹੀ ਦੀ ਨਿਰਕੁੰਸ਼ ਸੱਤ੍ਹਾ ਕਾਇਮ ਕਰਨਾ ਚਾਹੁੰਦੇ ਸਨ, ਭਾਰਤੀ ਲੋਕਾਂ ਅਤੇ ਸਰੋਤਾਂ ਦੀ ਬਲਪੂਰਵਕ ਜੰਗ 'ਚ ਵਰਤੋਂ ਕਰਨਾ ਚਾਹੁੰਦੇ ਸਨ ਅਤੇ ਇਸ ਗੱਲ ਲਈ ਬਜ਼ਿੱਦ ਸਨ ਕਿ ਜੇਕਰ ਭਾਰਤੀ ਪੂੰਜੀਪਤੀ ਜਮਾਤ ਦੀ ਪਾਰਟੀ ਕਾਂਗਰਸ ਯੁੱਧ ਦਾ ਫਾਇਦਾ ਲੈ ਕੇ ਸਿਆਸੀ ਅਜ਼ਾਦੀ ਦੀ ਮੰਗ ਲਈ ਦਬਾਅ ਬਣਾਉਂਦੀ ਹੈ ਅਤੇ ਜੇਕਰ ਭਾਰਤੀ ਲੋਕ ਉੱਗਰ ਸੰਘਰਸ਼ ਦਾ ਰਾਹ ਫੜਦੇ ਹਨ ਤਾਂ ਉਸ ਨੂੰ ਕੁਚਲ ਦਿੱਤਾ ਜਾਵੇਗਾ। ਬ੍ਰਿਟਿਸ਼ ਪੂੰਜੀਪਤੀ ਜਮਾਤ ਦੇ ਉਦਾਰਪੰਥੀ ਪ੍ਰਤੀਨਿਧੀਆਂ ਦਾ ਅਨੁਮਾਨ ਸੀ ਕਿ ਭਾਰਤੀ ਅਜ਼ਾਦੀ ਦੀ ਮੰਗ ਨੂੰ ਬਹੁਤ ਦਿਨਾਂ ਤੱਕ ਦਬਾਇਆ ਨਹੀਂ ਜਾ ਸਕਦਾ, ਇਸ ਲਈ ਉੱਚਤ ਇਹੀ ਹੋਵੇਗਾ ਕਿ ਸੰਭਾਵਿਤ ਲੋਕ ਇਨਕਲਾਬ ਦੇ ਖਤਰੇ ਨੂੰ ਰੋਕਣ ਲਈ ਭਾਰਤੀ ਪੂੰਜੀਪਤੀ ਜਮਾਤ ਦੇ ਸਿਆਸੀ ਪ੍ਰਤੀਨਿਧੀਆਂ ਨੂੰ ਜੰਗ ਮਗਰੋਂ ਦੇ ਸਮੇਂ 'ਚ ਸੰਵਿਧਾਨ ਸਭਾ ਅਤੇ ਪ੍ਰਤੀਨਿਧੀ ਸਰਕਾਰ ਦੇ ਗਠਨ ਦਾ ਭਰੋਸਾ ਦੇ ਦਿੱਤਾ ਜਾਵੇ ਅਤੇ ਫਾਸਿਸਟ ਜਰਮਨੀ ਵਿਰੁੱਧ ਭਾਰਤੀ ਲੋਕਾਂ ਦੀ ਵਿਆਪਕ ਲਾਮਬੰਦੀ 'ਚ ਕਾਂਗਰਸ ਦੀ ਮੱਦਦ ਲਈ ਜਾਵੇ। ਉਹਨਾਂ ਦੀ ਮਨਸ਼ਾ ਸੀ ਕਿ ਜੰਗ ਮਗਰੋਂ ਇਹਨਾਂ ਸ਼ਰਤਾਂ 'ਤੇ ਕਾਂਗਰਸ ਨੂੰ ਸੱਤ੍ਹਾ ਸੌਂਪੀ ਜਾਵੇ ਕਿ ਭਾਰਤ 'ਚ ਬ੍ਰਿਟੇਨ ਦੇ ਆਰਥਿਕ ਹਿੱਤ (ਲੁੱਟ ਦੇ ਹੱਕ) ਉਸੇ ਤਰ੍ਹਾਂ ਹੀ ਬਣੇ ਰਹਿਣ। ਉਹ ਚਾਹੁੰਦੇ ਸਨ ਜੰਗ ਮਗਰੋਂ ਵੀ ਸੌਦੇਬਾਜ਼ੀ 'ਚ ਕਾਂਗਰਸ 'ਤੇ ਦਬਾਅ ਬਣਾਉਣ ਲਈ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਅਤੇ ਦੇਸੀ ਰਜਵਾੜਿਆਂ ਦੇ ਭਾਰਤ 'ਚ ਸ਼ਾਮਲ ਹੋਣ ਜਾਂ ਨਾ ਹੋਣ ਦੀ ਆਜ਼ਾਦੀ ਨੂੰ ਹਵਾ ਦਿੱਤੀ ਜਾਵੇ ਅਤੇ ਦੇਸ਼ ਦੀ ਵੰਡ ਦੇ ਬਦਲ ਨੂੰ ਵੀ, ਜੇ ਫਾਇਦੇਮੰਦ ਹੋਵੇ ਤਾਂ, ਅਜ਼ਮਾਇਆ ਜਾਵੇ। ਐਮਰੀ ਅਤੇ ਕ੍ਰਿਪਸ ਜਿਹੇ ਲੇਬਰ ਲੀਡਰ ਜੂਨ, 1939 'ਚ ਹੀ ਨਹਿਰੂ ਅਤੇ ਕ੍ਰਿਸ਼ਨਸੇਨ ਨੂੰ ਉਹਨਾਂ ਦੀ ਬ੍ਰਿਟੇਨ ਯਾਤਰਾ ਦੌਰਾਨ ਵਾਅਦਾ ਕਰ ਚੁੱਕੇ ਸਨ ਕਿ ਅਗਲੀ ਲੇਬਰ ਸਰਕਾਰ ਸਰਵਜਨਕ ਬਾਲਗ ਵੋਟ ਦੇ ਅਧਿਕਾਰ 'ਤੇ ਅਧਾਰਿਤ ਸੰਵਿਧਾਨ ਸਭਾ ਨੂੰ ਇਸ ਸ਼ਰਤ 'ਤੇ ਪੂਰੀ ਸੱਤ੍ਹਾ ਹਸਤਾਂਤਰਿਤ ਕਰ ਦੇਵੇਗੀ ਕਿ ਭਾਰਤ 'ਚ ਬ੍ਰਿਟਿਸ਼ ਕਰਤੱਵਾਂ ਅਤੇ ਹਿੱਤਾਂ ਦੀ ਰੱਖਿਆ ਕੀਤੀ ਜਾਵੇਗੀ। ਮਈ, 1940 'ਚ ਬ੍ਰਿਟੇਨ ਦੀ ਮਿਲ਼ੀ-ਜੁਲੀ ਕੌਮੀ ਸਰਕਾਰ ਬਣੀ ਅਤੇ ਘੋਰ ਗੈਰ-ਉਦਾਰਵਾਦੀ ਚਰਚਿਲ ਪ੍ਰਧਾਨ ਮੰਤਰੀ ਬਣਿਆ। ਚਰਚਿਲ ਬ੍ਰਿਟਿਸ਼ ਸਾਮਰਾਜ ਦੀ ਰੱਖਿਆ ਲਈ ਜਰਮਨੀ ਨਾਲ਼ ਫੈਸਲਾਕੁੰਨ ਸੰਘਰਸ਼ ਦਾ ਹਾਮੀ ਸੀ, ਇਸ ਲਈ ਪੂਰੀ ਦੁਨੀਆਂ ਦੇ ਫਾਸੀਵਾਦ-ਵਿਰੋਧੀ ਜਮਹੂਰੀ ਲੋਕਾਂ 'ਚ ਵੀ ਮਿੱਤਰ ਕੌਮਾਂ ਦੇ ਇਕ ਮੋਹਰੀ ਆਗੂ ਦੇ ਰੂਪ 'ਚ ਉਸਦੀ ਇੱਜ਼ਤ ਸੀ, ਪਰ ਬਸਤੀਆਂ ਦੀ ਆਜ਼ਾਦੀ ਦੇ ਸਵਾਲ 'ਤੇ ਉਹਦਾ ਰੁਖ਼ ਪੂਰੀ ਤਰ੍ਹਾਂ ਨਾਲ਼ ਨਿਰੰਕੁਸ਼ ਜ਼ਾਬਰ ਸੀ। ਸਿੱਟੇ ਵਜੋਂ ਉਸਦੇ ਮੰਤਰੀ-ਮੰਡਲ 'ਚ ਏਟਲੀ ਅਤੇ ਕ੍ਰਿਪਸ ਜਿਹੇ ਲੇਬਰ ਨੇਤਾਵਾਂ ਦੀ ਮੌਜੂਦਗੀ ਦਾ ਕੋਈ ਮਤਲਬ ਨਹੀਂ ਰਹਿ ਗਿਆ।

ਅਗਸਤ, 1940 'ਚ ਲਿਨਲਿਥਗੋ ਨੇ ਭਾਰਤੀ ਪੂੰਜੀਵਾਦੀ ਲੀਡਰਸ਼ਿਪ ਅੱਗੇ ਇਕ ਮਤਾ ਪੇਸ਼ ਕੀਤਾ। ਇਸ 'ਚ ਵੀ ਅਨਿਸ਼ਚਿਤ ਦੁਰੇਡੇ ਭਵਿੱਖ 'ਚ 'ਡੋਮਿਨਿਅਨ ਸਟੇਟਸ' ਅਤੇ ਜੰਗ ਮਗਰੋਂ ਸੰਵਿਧਾਨ ਬਣਾਉਣ ਲਈ ਇਕ ਕਮੇਟੀ ਦੇ ਗਠਨ (ਇਸ 'ਚ ਸਰਵਜਨਕ ਵੋਟ ਦੇ ਅਧਿਕਾਰ ਦਾ ਕੋਈ ਵਰਣਨ ਨਹੀਂ ਸੀ) ਦਾ ਵਾਅਦਾ ਕੀਤਾ ਗਿਆ ਸੀ। ਪੁਚਕਾਰਨ ਲਈ ਵਾਇਸਰਾਏ ਦੀ ਕਾਰਜਕਰਨੀ ਦਾ ਇਸ ਤਰ੍ਹਾਂ ਵਿਸਥਾਰ ਕੀਤਾ ਗਿਆ ਕਿ ਹੁਣ ਉਸ 'ਚ ਭਾਰਤੀਆਂ ਦਾ ਬਹੁਮਤ ਸੀ (ਭਾਵੇਂ ਉਹ ਭਾਰਤੀ ਘੋਰ ਰਾਜ ਭਗਤ ਸਨ ਅਤੇ ਇਸ ਕਾਰਜਕਰਨੀ ਦੇ ਅਧਿਕਾਰ ਅਤਿ-ਸੀਮਿਤ ਸਨ)। ਇਕ ਕੌਮੀ ਰੱਖਿਆ ਪਰਿਸ਼ਦ ਵੀ ਬਣਾਈ ਗਈ, ਜਿਹਦਾ ਕੰਮ ਬਸ ਸਲਾਹ ਦੇਣਾ ਸੀ।

ਮੁਸਲਿਮ ਲੀਗ ਦੇ ਦਾਅਵਿਆਂ ਨੂੰ ਹੱਲਾਸ਼ੇਰੀ ਦੇਣਾ ਜੰਗ ਦੇ ਸਮੇਂ ਸਾਮਰਾਜਵਾਦੀ ਯੁੱਧਨੀਤੀ ਦਾ ਇਕ ਹਿੱਸਾ ਸੀ। ਇਹ "ਪਾੜੋ ਅਤੇ ਰਾਜ ਕਰੋ" ਦੀ ਉਸ ਪੁਰਾਣੀ ਬਸਤੀਵਾਦੀ ਨੀਤੀ ਦੀ ਨਿਰਤੰਰਤਾ ਸੀ, ਜਿਹੜੀ ਬ੍ਰਿਟਿਸ਼ ਹਾਕਮਾਂ ਨੇ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ (ਖਾਸ ਕਰ ਮਾਰਲੇ-ਮਿੰਟੋ ਰਿਫਾਰਮਸ ਦੇ ਸਮੇਂ ਤੋਂ) ਲਗਾਤਾਰ ਲਾਗੂ ਕੀਤੀ ਸੀ ਅਤੇ ਫਿਰਕਾਪ੍ਰਸਤ ਅਧਾਰ 'ਤੇ ਹਿੰਦੂਆਂ-ਮੁਸਲਮਾਨਾਂ ਨੂੰ ਵੰਡ ਕੇ ਕੌਮੀ ਮੁਕਤੀ ਸੰਘਰਸ਼ ਨੂੰ ਕਮਜ਼ੋਰ ਕਰਨ ਦੀਆਂ ਹਰ ਸੰਭਵ ਕੋਸ਼ਿਸ਼ਾਂ ਕੀਤੀਆਂ ਸਨ। ਫਿਰਕਾਪ੍ਰਸਤੀ ਦੇ ਵਰਤਾਰੇ ਦਾ ਵਿਸ਼ਲੇਸ਼ਣ ਅਤੇ ਇਤਿਹਾਸ-ਚਰਚਾ ਇੱਥੇ ਸੰਭਵ ਨਹੀਂ। ਇਹ ਵਿਸ਼ੇ ਤੋਂ ਭਟਕਣਾ ਹੋਵੇਗਾ। ਇੱਥੇ ਬਸ ਅਸੀਂ ਇੰਨਾ ਜ਼ਿਕਰ ਕਰ ਸਕਦੇ ਹਾਂ ਕਿ ਫਿਰਕਾਪ੍ਰਸਤੀ ਆਧੁਨਿਕ ਇਤਿਹਾਸ (ਪੂੰਜੀਵਾਦ ਦੇ ਯੁੱਗ) ਦਾ ਵਰਤਾਰਾ ਹੈ ਅਤੇ ਇਸ ਦਾ ਵਿਕਾਸ ਕੌਮਵਾਦ ਦੇ ਵਰਤਾਰੇ ਦੇ ਨਾਲ਼ ਨਾਲ਼ ਹੋਇਆ ਹੈ। ਭਾਰਤ 'ਚ ਫਿਰਕਾਪ੍ਰਸਤੀ ਦੇ ਵਿਕਾਸ ਦੇ ਗੁੰਝਲਦਾਰ ਸਮਾਜਿਕ-ਆਰਥਿਕ ਕਾਰਨ ਬਸਤੀਵਾਦੀਕਰਨ ਦੇ ਦੌਰ 'ਚ ਮੌਜੂਦ ਰਹੇ ਹਨ। ਸ਼ੁਰੂਆਤੀ ਜੁਝਾਰੂ ਕੌਮਵਾਦ ਅੰਦਰ ਮੌਜੂਦ

ਧਾਰਮਿਕ ਮੁੜ-ਸੁਰਜੀਤੀਵਾਦੀ ਪ੍ਰਵਿਰਤੀ ਵੀ ਅੱਗੇ ਚੱਲ ਕੇ ਨਰਮਪੰਥੀ ਫਿਰਕਾਪ੍ਰਸਤ ਸਿਆਸਤ ਦੀ ਪੈਦਾਇਸ਼ 'ਚ ਸਹਾਇਕ ਬਣੀ ਅਤੇ ਫਿਰ ਨਰਮਪੰਥੀ ਫਿਰਕਾਪ੍ਰਸਤ ਸਿਆਸਤ ਦਾ ਇਕ ਤਰਕਸ਼ੀਲ ਸਿੱਟਾ ਇਨਾਇਤੁੱਲਾ ਖਾਨ ਮਸ਼ਰੀਕੀ ਦੇ ਖਾਕਸਾਰ, ਹਿੰਦੂ ਮਹਾਸਭਾ ਅਤੇ ਰਾਸ਼ਟਰੀ ਸਵੈ ਸੇਵਕ ਸੰਘ ਜਿਹੀਆਂ ਫਾਸਿਸਟ ਪ੍ਰਵਿਰਤੀ ਦੀਆਂ ਫਿਰਕਾਪ੍ਰਸਤ ਜੱਥੇਬੰਦੀਆਂ ਦੇ ਰੂਪ 'ਚ ਸਾਹਮਣੇ ਆਈਆਂ। ਅਜਿਹੀਆਂ ਕੱਟੜਪੰਥੀ ਫਿਰਕਾਪ੍ਰਸਤ ਜੱਥੇਬੰਦੀਆਂ ਨੇ ਦਬਾਅ ਅਤੇ ਦੰਗੇ ਭੜਕਾ ਕੇ ਫਿਰਕੂ ਦੂਰੀਆਂ ਵਧਾ ਕੇ ਬਸਤੀਵਾਦੀ ਸੱਤ੍ਹਾ ਦੀ ਕਾਫੀ ਮਦਦ ਕੀਤੀ। ਨਾਲ ਹੀ, ਇਹ ਇਕ ਸੱਚਾਈ ਹੈ ਕਿ ਕਾਂਗਰਸ ਦੇ ਜ਼ਿਆਦਾਤਰ ਆਗੂ ਵੀ ਨਰਮਪੰਥੀ ਫਿਰਕਾਪ੍ਰਸਤ ਮਾਨਸਿਕਤਾ ਦੇ ਸਨ। ਇਸ ਚੀਜ਼ ਦਾ ਕਾਂਗਰਸ ਦੇ ਪੇਂਡੂ ਲੋਕਵਾਦ ਦੀ ਸਿਆਸਤ ਦਾ (ਜਿਸਨੂੰ ਸ਼ਹਿਰੀ ਪੜ੍ਹੇ-ਲਿਖੇ ਮੁਸਲਮਾਨ ਹਿੰਦੂਤਵ ਅਤੇ ਹਿੰਦੂ ਸਿਆਸਤ ਨਾਲ ਜੋੜਦੇ ਸਨ) ਹਿੰਦੂ-ਮੁਸਲਿਮ ਏਕਤਾ ਦਾ ਜੇਨੂਅਨ ਪੈਰੋਕਾਰ ਹੋਣ ਦੇ ਬਾਵਜੂਦ, ਆਪਣੇ ਸਮਾਜਿਕ ਆਦਰਸ਼ਾਂ ਨੂੰ ਹਿੰਦੂ ਧਰਮ ਦੇ ਮਿੱਥਕਾਂ 'ਚ ਪੇਸ਼ ਕਰਨ ਅਤੇ ਹਿੰਦੂ ਧਰਮ ਦਾ ਆਦਰਸ਼ੀਕਰਨ ਕਰਨ ਦੀ ਗਾਂਧੀ ਦੀ ਲੋਕ ਲੁਭਾਊ ਪ੍ਰਵਿਰਤੀ ਦੀ ਮੁਸਲਿਮ ਫਿਰਕਾਪ੍ਰਸਤ ਆਗੂਆਂ ਨੇ ਰੱਜ ਕੇ ਵਰਤੋਂ ਕੀਤੀ ਅਤੇ ਚੌਥੇ ਦਹਾਕੇ ਦੇ ਅੰਤ ਤੱਕ ਮੁਸਲਿਮ ਲੀਗ ਮੁਸਲਮਾਨਾਂ ਦੇ ਇਕ ਵੱਡੇ ਹਿੱਸੇ ਨੂੰ ਵਿਸ਼ਵਾਸ ਦਿਵਾਉਣ 'ਚ ਸਫਲ ਰਹੀ ਕਿ ਕਾਂਗਰਸ ਬੁਨਿਆਦੀ ਤੌਰ 'ਤੇ ਹਿੰਦੂਆਂ ਦੀ ਪਾਰਟੀ ਹੈ। 1937 'ਚ ਕਾਂਗਰਸੀ ਮੰਤਰੀ-ਮੰਡਲ ਬਣਨ ਦੀ ਪ੍ਰਕ੍ਰਿਰਿਆ 'ਚ ਅਤੇ ਉਸ ਮਗਰੋਂ ਸੱਤ੍ਹਾ ਦੀ ਸਿਆਸਤ ਦੀ ਜਿਹੜੀ ਪੂੰਜੀਵਾਦੀ ਖੇਡ ਸ਼ੁਰੂ ਹੋਈ, ਉਸ 'ਚ ਕਾਂਗਰਸ ਨੇ ਵੀ ਉਹ ਜ਼ਮੀਨ ਤਿਆਰ ਕੀਤੀ, ਜਿਹੜੀ ਮੁਸਲਿਮ ਲੀਗ ਦੀ ਵੱਖਵਾਦੀ ਸਿਆਸਤ ਲਈ ਅਨੁਕੂਲ ਸੀ। ਇਹ ਵੀ ਇਤਿਹਾਸ ਦਾ ਤੱਥ ਹੈ ਕਿ ਕਿਸ ਤਰ੍ਹਾਂ ਇਕ ਪੂੰਜੀਵਾਦੀ ਪਾਰਟੀ (ਕਾਂਗਰਸ) 'ਚ ਚੋਟੀ 'ਤੇ ਪਹੁੰਚਣ ਅਤੇ ਭਵਿੱਖ 'ਚ ਸੱਤ੍ਹਾ ਸੰਭਾਲਣ ਦੀਆਂ ਮਹੱਤਵ-ਅਕਾਂਖਿਆਵਾਂ ਫੇਲ੍ਹ ਹੋਣ ਮਗਰੋਂ, ਇਕ ਕੌਮਪ੍ਰਸਤ ਮੁਸਲਮਾਨ ਨੇਤਾ (ਜਿਨਾਹ) ਨੇ ਧਾਰਮਿਕ ਪਹਿਚਾਣ ਦੀ ਸਿਆਸਤ ਦਾ ਸਹਾਰਾ ਲਿਆ ਤੇ ਸਮਾਂ ਪਾ ਕੇ ਵੱਖਵਾਦੀ ਫਿਰਕਾਪ੍ਰਸਤ ਸਿਆਸਤ ਦਾ ਸੂਤਰਧਾਰ ਬਣ ਗਿਆ। ਫਿਰ ਵੀ, ਇਹਨਾਂ ਹਾਲਤਾਂ ਦਾ ਬ੍ਰਿਟਿਸ਼ ਬਸਤੀਵਾਦੀਆਂ ਨੇ ਰੱਜ ਕੇ ਫਾਇਦਾ ਲਿਆ। 1937 'ਚ ਸੰਯੁਕਤ ਸੂਬੇ 'ਚ ਮਿਲੀ-ਜੁਲੀ ਸਰਕਾਰ ਬਣਾਉਣ ਦੇ ਮੁਸਲਿਮ ਲੀਗ ਦੇ ਮਤੇ ਨੂੰ ਕਾਂਗਰਸ ਨੇ ਅਪ੍ਰਵਾਨ ਕਰ ਦਿੱਤਾ ਸੀ। ਲੀਗ ਦਾ ਅਧਾਰ ਉਸ ਸਮੇਂ ਕੁਲੀਨ ਮੁਸਲਮਾਨਾਂ 'ਚ ਸੀ ਅਤੇ ਉਹ ਭੂਮੀ-ਸੁਧਾਰਾਂ ਦੇ ਕਾਂਗਰਸੀ ਮਤਿਆਂ ਦਾ ਵਿਰੋਧ ਕਰਦੀ ਸੀ। ਇਸ ਲਈ ਕਾਂਗਰਸ ਦੀ ਸੋਚ ਇਹ ਸੀ ਕਿ ਲੀਗ ਨੂੰ ਨਾਲ ਲੈਣ ਦੀ ਬਜਾਏ ਵਿਆਪਕ ਲੋਕ ਸੰਪਰਕ ਲਹਿਰ ਚਲਾ ਕੇ ਆਮ ਮੁਸਲਮਾਨਾਂ ਦਰਮਿਆਨ ਅਧਾਰ ਬਣਾਇਆ ਜਾਵੇ। ਇਹ ਸੋਚ ਤਾਂ ਅਮਲ 'ਚ ਨਹੀਂ ਆਈ (ਕਾਂਗਰਸੀ ਤਾਂ ਰਾਜਕਾਜ ਚਲਾਉਣ 'ਚ ਹੀ ਉਲਝੇ ਰਹੇ), ਪਰ ਮੁਸਲਿਮ ਲੀਗ ਨੇ ਆਮ ਮੁਸਲਮਾਨਾਂ ਦਰਮਿਆਨ ਇਕ ਹਰਮਨ ਪਿਆਰੀ ਦਿੱਖ ਬਣਾਉਣ ਦੀ ਜੀਅ-ਤੋੜ ਕੋਸ਼ਿਸ਼ ਕੀਤੀ ਅਤੇ ਇਸ 'ਚ ਸਫਲ ਵੀ ਰਹੀ। ਉਸਨੇ ਪੂਰਨ ਅਜ਼ਾਦੀ ਦੇ ਸਿਧਾਂਤ ਨੂੰ ਪ੍ਰਵਾਨ ਕੀਤਾ, ਵੱਡੇ ਪੈਮਾਨੇ 'ਤੇ ਆਮ ਮੈਂਬਰਾਂ ਦੀ ਭਰਤੀ ਕੀਤੀ ਅਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਯੂਨਿਅਨਿਸਟ ਆਗੂ ਸਿਕੰਦਰ ਹਯਾਤ ਖਾਨ ਅਤੇ ਬੰਗਾਲ ਦੇ ਮੁੱਖ ਮੰਤਰੀ ਅਤੇ ਕ੍ਰਿਸ਼ਨ ਪ੍ਰਜਾ ਪਾਰਟੀ ਦੇ ਆਗੂ ਫਜ਼ਲੁਲ ਹੱਕ ਨੂੰ ਵੀ ਨਾਲ ਲੈਣ 'ਚ ਸਫਲ ਰਹੀ। ਪਰ ਲੀਗ ਦੀ ਸਿਆਸਤ ਦੀ ਤਰੱਕੀ ਦੀ ਸਭ ਤੋਂ ਮੁੱਖ ਵਜ੍ਹਾ ਸੀ ਕਿਸੇ ਤਰ੍ਹਾਂ ਦੇ ਜੁਝਾਰੂ ਪ੍ਰੋਗਰਾਮ ਲਾਗੂ ਕਰ ਸਕਣ 'ਚ ਕਾਂਗਰਸੀ ਮੰਤਰੀ-ਮੰਡਲਾਂ ਦੀ ਹਾਰ।

23 ਮਾਰਚ, 1940 ਨੂੰ ਮੁਸਲਿਮ ਲੀਗ ਦੇ ਲਾਹੌਰ ਸੈਸ਼ਨ ਨੇ ਪਾਕਿਸਤਾਨ ਦੇ ਨਾਅਰੇ ਨੂੰ ਅੰਤਮ ਰੂਪ ਦਿੰਦੇ ਹੋਏ ਜਿਹੜਾ ਪ੍ਰਸਿੱਧ ਮਤਾ ਪਾਸ ਕੀਤਾ, ਉਸ ਪਿੱਛੇ ਅੰਗਰੇਜ਼ਾਂ ਦੀ ਹੱਲਾਸ਼ੇਰੀ ਦੀ ਵਿਸ਼ੇਸ਼ ਭੂਮਿਕਾ ਸੀ, ਉਸ ਸਮੇਂ ਦੇ ਭਾਰਤ ਸਕੱਤਰ ਜੇਟਲੈਂਡ ਅਤੇ ਵਾਇਸਰਾਏ ਲਿਨਲਿਥਗੋ ਦੇ ਦਸਤਾਵੇਜ਼ ਇਸਦੇ ਸਪੱਸ਼ਟ ਸਬੂਤ ਪੇਸ਼ ਕਰਦੇ ਹਨ। ਇਹ ਮਤਾ ਅਸਲ 'ਚ ਕਾਫੀ ਅਸਪੱਸ਼ਟ ਸੀ। ਵੰਡ ਦੀ ਇਸ 'ਚ ਕਿਤੇ ਸਪੱਸ਼ਟ ਚਰਚਾ ਨਹੀਂ ਸੀ ਅਤੇ ਮੁੱਖ ਤੌਰ 'ਤੇ ਇਸਦਾ ਮਤਲਬ ਨਿਕਲਦਾ ਸੀ: ਇਕ ਢਿੱਲੇ-ਢਾਲੇ ਸੰਘ ਦਰਮਿਆਨ ਪੂਰਨ ਖੁਦਮੁਖਤਿਆਰੀ। ਜਿਨਾਹ ਲਈ ਪਾਕਿਸਤਾਨ ਦਾ ਨਾਅਰਾ ਇਕ ਸੌਦੇਬਾਜ਼ੀ ਦਾ ਸਾਧਨ ਸੀ, ਜਿਸ ਰਾਹੀਂ ਉਹ ਕਾਂਗਰਸ ਨੂੰ ਸੰਭਾਵਿਤ ਮਿਲਣ ਵਾਲੀਆਂ ਸੰਵਿਧਾਨਕ ਰਿਆਇਤਾਂ ਦੇ ਰਾਹ 'ਚ ਰੋੜਾ ਅਟਕਾ ਸਕਦੇ ਸਨ ਅਤੇ ਮੁਸਲਮਾਨਾਂ ਦੇ ਆਗੂ ਦੇ ਰੂਪ ਵਿੱਚ ਸੱਤ੍ਹਾ 'ਚ ਆਪਣੇ ਹਿੱਸੇ ਦਾ ਦਾਅਵਾ ਪੇਸ਼ ਕਰ ਸਕਦੇ ਸਨ। ਅੰਗਰੇਜ਼ਾਂ ਲਈ ਇਹ ਨਾਅਰਾ ਇਸ ਲਈ ਫਾਇਦੇਮੰਦ ਸੀ ਕਿ ਇਸਦੇ ਮਾਧਿਅਮ ਨਾਲ਼ ਉਹ ਸੰਵਿਧਾਨਕ ਖੜੋਤ ਬਣਾਈ ਰੱਖ ਸਕਦੇ ਸਨ ਅਤੇ ਕਾਂਗਰਸ ਦੇ ਦਬਾਵਾਂ ਦਾ ਮੁਕਾਬਲਾ ਕਰ ਸਕਦੇ ਸਨ।

ਵਿਡੰਬਨਾ ਇਹ ਸੀ ਕਿ ਖੁਦ ਕਾਂਗਰਸ ਦੀ ਲੀਡਰਸ਼ਿਪ ਬਸਤੀਵਾਦੀ ਸੱਤ੍ਹਾ 'ਤੇ ਕਿਸੇ ਤਰ੍ਹਾਂ ਦੇ ਲੋਕ ਸੰਘਰਸ਼ ਦਾ ਦਬਾਅ ਬਣਾ ਸਕਣ ਦੀ ਹਾਲਤ ਅਤੇ ਮਨੋ-ਸਥਿਤੀ 'ਚ ਨਹੀਂ ਸੀ। ਗਾਂਧੀ ਅਤੇ ਲੀਡਰਸ਼ਿਪ 'ਤੇ ਹਾਵੀ ਸੱਜੇਪੱਖੀ ਧੜਾ ਲੋਕਾਂ ਅਤੇ ਸਫਾਂ ਨੂੰ ਲਗਾਤਾਰ ਸੰਜਮ ਦਾ ਉਪਦੇਸ਼ ਦਿੰਦਾ ਰਿਹਾ ਅਤੇ ਕੋਸ਼ਿਸ਼ ਕਰਦਾ ਰਿਹਾ ਕਿ ਅੰਗਰੇਜ਼ਾਂ ਨਾਲ਼ ਕਿਸੇ ਕਿਸਮ ਦਾ ਸਮਝੌਤਾ ਹੋ ਜਾਵੇ। ਪਰ ਸਰਕਾਰ ਦੇ ਅੜੀਅਲਪਣ ਅਤੇ ਲੋਕਾਂ, ਕਾਂਗਰਸੀ ਕਾਰਕੁੰਨਾਂ ਅਤੇ ਖੱਬੇਪੱਖੀ ਧੜੇ ਦੇ ਭਾਰੀ ਦਬਾਅ ਕਾਰਨ ਰਾਮਗੜ੍ਹ ਕਾਂਗਰਸ (ਮਾਰਚ, 1940) 'ਚ ਜੱਥੇਬੰਦੀ ਦੇ ਇਸ ਯੋਗ ਹੁੰਦੇ ਹੀ ਸਿਵਲ ਨਾ-ਫਰਮਾਨੀ ਅੰਦੋਲਨ ਛੇੜਨ ਦੀ ਗੱਲ ਕਹੀ ਗਈ ਅਤੇ ਇਸਦਾ ਸਮਾਂ ਅਤੇ ਸਰੂਪ ਤੈਅ ਕਰਨ ਦੀ ਜ਼ਿੰਮੇਵਾਰੀ ਗਾਂਧੀ 'ਤੇ ਛੱਡ ਦਿੱਤੀ ਗਈ। ਅਕਤੂਬਰ ਤੋਂ ਅੰਦੋਲਨ ਸ਼ੁਰੂ ਵੀ ਹੋਇਆ, ਪਰ ਇਹ ਬੇਹੱਦ ਪ੍ਰਭਾਵਹੀਣ ਅਤੇ ਸੀਮਤ ਸੀ, ਇੰਨਾ ਕਿ ਸਰਕਾਰ ਨੂੰ ਕੋਈ ਸਖ਼ਤ ਦਮਨਕਾਰੀ ਕਾਰਵਾਈ ਵੀ ਨਹੀਂ ਕਰਨੀ ਪਈ। ਇਸ ਦੀ ਵਜ੍ਹਾ ਕੀ ਸੀ? - ਇਸਨੂੰ ਜਾਣਨ ਲਈ ਭਾਰਤੀ ਪੂੰਜੀਪਤੀ ਜਮਾਤ ਦੀ ਹਾਲਤ ਅਤੇ ਪੋਜ਼ੀਸ਼ਨ ਨੂੰ ਸਮਝਣਾ ਹੋਵੇਗਾ। ਸਭ ਤੋਂ ਪਹਿਲਾਂ ਦਿਖਣ ਵਾਲੀ ਗੱਲ, ਸੁਭਾਵਿਕ ਤਾਂ ਲਗਦੀ ਹੈ ਕਿ ਜਦੋਂ ਅੰਤਰ-ਸਾਮਰਾਜਵਾਦੀ ਭੇੜ ਜੰਗ ਦੇ ਰੂਪ 'ਚ ਫੁੱਟ ਪਿਆ ਹੋਵੇ

ਤਾਂ ਇਸ ਦਾ ਫਾਇਦਾ ਲੈ ਕੇ ਭਾਰਤੀ ਪੂੰਜੀਪਤੀ ਜਮਾਤ ਸਿਆਸੀ ਅਜ਼ਾਦੀ ਦੀ ਕੋਸ਼ਿਸ਼ ਕਰੇ। ਪਰ ਭਾਰਤੀ ਪੂੰਜੀਪਤੀ ਜਮਾਤ ਬਸਤੀਵਾਦੀ ਸੱਤ੍ਹਾ ਤੋਂ ਮੁਕਤੀ ਦੀ ਚਾਹਤ ਤੋਂ ਵੀ ਵੱਧ ਇਸ ਗੱਲ ਤੋਂ ਡਰਦੀ ਸੀ ਕਿ ਕਿਸੇ ਵਿਆਪਕ ਲੋਕ ਸੰਘਰਸ਼ 'ਚ ਲੋਕਾਂ ਦੀ ਪਹਿਲਕਦਮੀ ਅਤੇ ਰੈਡੀਕਲ ਲੋਕ ਅਕਾਂਖਿਆਵਾਂ ਦਾ ਜਵਾਰ ਕਿਤੇ ਉਸਦੀ ਪਕੜ ਤੋਂ ਬਾਹਰ ਨਾ ਚਲਾ ਜਾਵੇ ਅਤੇ ਕਿਸੇ ਰੈਡੀਕਲ ਲੋਕ ਇਨਕਲਾਬ ਦਾ ਸਬੱਬ ਨਾ ਬਣ ਜਾਵੇ। ਇਸ ਲਈ ਲੋਕਾਂ 'ਚ ਜਦੋਂ ਕਿਸੇ ਉੱਗਰ ਉਭਾਰ ਦੀ ਹਾਲਤ ਹੁੰਦੀ ਸੀ ਤਾਂ ਕਾਂਗਰਸੀ ਲੀਡਰਸ਼ਿਪ ਭਰਪੂਰ ਅੰਦੋਲਨ ਨੂੰ ਨਰਮ ਬਣਾਉਣ ਜਾਂ ਟਾਲਣ ਦੀ ਕੋਸ਼ਿਸ਼ ਕਰਦੀ ਰਹਿੰਦੀ ਸੀ। ਭਾਰਤੀ ਪੂੰਜੀਪਤੀ ਜਮਾਤ ਕਿਸੇ ਵਿਆਪਕ ਲੋਕ ਇਨਕਲਾਬ ਦੀ ਬਜਾਏ ਜੰਗ ਤੋਂ ਜ਼ਿਆਦਾ ਤੋਂ ਜ਼ਿਆਦਾ ਆਰਥਿਕ ਫਾਇਦਾ ਲੈਣਾ ਅਤੇ ਆਪਣੀ ਸਨਅਤੀ-ਵਿੱਤੀ ਪੂੰਜੀ ਦੀ ਤਾਕਤ ਵਧਾਉਣ ਬਾਰੇ ਕਾਹਲੀ ਸੀ। ਪਹਿਲੀ ਮਹਾਂਜੰਗ ਦਾ ਤਜ਼ਰਬਾ ਇਸ ਦੇ ਸਾਹਮਣੇ ਸੀ ਅਤੇ ਉਸਦਾ ਸੋਚਣਾ ਸਹੀ ਵੀ ਸੀ। ਜੰਗ ਦੇ ਸਮੇਂ ਮੰਗ ਕਾਰਨ ਭਾਰਤੀ ਸਨਅਤੀ ਵਿਕਾਸ ਨੂੰ ਵੱਡਾ ਹੁਲਾਰਾ ਮਿਲਿਆ, ਕਿਉਂਕਿ ਅਯਾਤ ਬੰਦ ਹੋ ਗਏ ਸਨ। ਅੰਗਰੇਜ਼ ਚਾਹ ਕੇ ਵੀ ਭਾਰਤੀ ਸਨਅਤਕਾਰਾਂ ਦੀ ਤਾਕਤ ਵਧਣ ਦੀ ਇਸ ਪ੍ਰਕਿਰਿਆ ਨੂੰ ਰੋਕ ਨਹੀਂ ਸਕਦੇ ਸਨ। ਭਾਰਤੀ ਵਪਾਰੀ ਅਤੇ ਦੁਕਾਨਦਾਰ ਜੰਗ ਦੀ ਹਾਲਤ 'ਚ ਵੱਧ ਤੋਂ ਵੱਧ ਫਾਇਦਾ ਕਮਾ ਲੈਣਾ ਚਾਹੁੰਦੇ ਸਨ, ਖਾਸ ਕਰਕੇ ਅਜਿਹੀ ਹਾਲਤ 'ਚ ਜਦੋਂ ਕਿ ਜੰਗ ਮੁਲਕ ਦੀ ਭੂਮੀ ਤੋਂ ਕਾਫੀ ਦੂਰ ਲੜੀ ਜਾ ਰਹੀ ਸੀ। ਖਲੀਕੁੱਜਮਾ (ਲੀਗ ਨੇਤਾ) ਅਨੁਸਾਰ, ਮੁਸਲਿਮ ਜਗੀਰਦਾਰ ਅਤੇ ਤਾਲੁਕੇਦਾਰ ਲਕੜੀ, ਕੋਇਲਾ ਆਦਿ ਦੇ ਠੇਕੇ ਹਾਸਿਲ ਕਰਨ ਲਈ, ਅੰਗਰੇਜ਼ਾਂ ਤੋਂ ਵੱਧ ਤੋਂ ਵੱਧ ਸਹਿਯੋਗ ਲਈ ਲੀਗ 'ਤੇ ਦਬਾਅ ਪਾ ਰਹੇ ਸਨ। ਨਿਸ਼ਚੇ ਹੀ, ਕਾਂਗਰਸ ਵੀ ਅਜਿਹੇ ਦਬਾਵਾਂ ਤੋਂ ਅਛੂਤੀ ਨਹੀਂ ਰਹੀ ਹੋਵੇਗੀ।

ਕਮਿਊਨਿਸਟ ਪਾਰਟੀ ਮੂਹਰੇ ਇਕ ਵਾਰੀ ਫਿਰ ਇਹ ਮੌਕਾ ਸੀ ਕਿ ਉਹ ਕਾਂਗਰਸ ਦੀ ਪੂੰਜੀਵਾਦੀ ਲੀਡਰਸ਼ਿਪ ਦੀ ਇਸ ਕਮਜ਼ੋਰੀ ਦਾ ਫਾਇਦਾ ਲੈਂਦੀ ਅਤੇ ਸਾਮਰਾਜਵਾਦੀ ਜੰਗ 'ਚ ਬ੍ਰਿਟਿਸ਼ ਬਸਤੀਵਾਦੀਆਂ ਦੇ ਉਲਝਾਅ ਦੀ ਅਨੁਕੂਲ ਸਥਿਤੀ 'ਚ ਕੌਮੀ ਆਜ਼ਾਦੀ ਅਤੇ ਸੰਵਿਧਾਨ ਸਭਾ ਦੀ ਮੰਗ ਨੂੰ ਕੇਂਦਰੀ ਨਾਅਰਾ ਬਣਾ ਕੇ ਦੇਸ਼ ਵਿਆਪੀ ਸੰਘਰਸ਼ ਛੇੜ ਦਿੰਦੀ। ਪਰ ਪਾਰਟੀ ਲੀਡਰਸ਼ਿਪ ਆਪਣੀ ਵਿਚਾਰਧਾਰਕ-ਸਿਆਸੀ-ਜਥੇਬੰਦਕ ਕਮਜ਼ੋਰੀਆਂ ਨਾਲ਼ ਜਾਰੀ ਸਿਲਸਿਲੇ ਅਤੇ ਵਿਸ਼ੇਸ਼ ਕਰ ਪੀ. ਸੀ. ਜੋਸ਼ੀ ਦੀ ਲੀਡਰਸ਼ਿਪ ਦੇ ਦੌਰ 'ਚ ਸਜੇਪੱਖੀ ਭਟਕਾਅ ਕਾਰਨ ਫੈਸਲਾਕੁੰਨ ਹੋ ਸਕਣ ਦੀ ਹਾਲਤ 'ਚ ਹੀ ਨਹੀਂ ਸੀ। ਸਿੱਟੇ ਵਜੋਂ, ਖੱਬੇ ਪੱਖੀ ਲੀਡਰਸ਼ਿਪ ਛੋਟੇ-ਮੋਟੇ ਅਤੇ ਸਥਾਨਿਕ ਸੰਘਰਸ਼ਾਂ ਤੋਂ ਉਤਾਂਹ ਉੱਠ ਕੇ ਬ੍ਰਿਟਿਸ਼ ਸ਼ਾਸਨ ਲਈ ਕੋਈ ਮੁਲਕ ਵਿਆਪੀ ਚੁਣੌਤੀ ਨਹੀਂ ਪੇਸ਼ ਕਰ ਸਕੀ।

1941 ਦੇ ਪਿਛਲੇ ਅੱਧ 'ਚ ਰੂਸ 'ਤੇ ਹਿਟਲਰ ਦੇ ਹਮਲੇ ਮਗਰੋਂ ਭਾਰਤ ਦੀ ਕਮਿਊਨਿਸਟ ਪਾਰਟੀ ਨੇ ਫਾਸੀਵਾਦ ਵਿਰੋਧੀ "ਲੋਕਯੁੱਧ" ਨੂੰ ਪੂਰਨ ਹਮਾਇਤ ਦੇਣ ਦੀ ਲਾਈਨ ਲਈ। ਭਾਵੇਂ ਉਸਨੇ ਆਜ਼ਾਦੀ ਅਤੇ ਫੌਰੀ ਕੌਮੀ ਸਰਕਾਰ ਦੇ ਗਠਨ ਦੀ ਮੰਗ ਨੂੰ ਦੁਹਰਾਇਆ, ਪਰ ਇਹਨਾਂ ਮੰਗਾਂ 'ਤੇ ਕੋਈ ਮੁਲਕ ਵਿਆਪੀ ਲਹਿਰ ਖੜੀ ਕਰਨਾ ਉਸਦੇ ਏਜੰਡੇ 'ਤੇ ਨਹੀਂ ਸੀ, ਕਿਉਂਕਿ ਉਹ ਸੋਵੀਅਤ ਸੰਘ ਨਾਲ਼ ਫਾਸੀਵਾਦ-ਵਿਰੋਧੀ ਜੰਗ 'ਚ ਖੜੇ ਬ੍ਰਿਟੇਨ ਵਿਰੁੱਧ ਫੈਸਲਾਕੁੰਨ ਸੰਘਰਸ਼ ਕਰਕੇ ਫਾਸੀਵਾਦ ਵਿਰੋਧੀ ਸੰਸਾਰ ਵਿਆਪੀ ਮੋਰਚੇ ਨੂੰ ਕਮਜ਼ੋਰ ਨਹੀਂ ਕਰਨਾ ਚਾਹੁੰਦੀ ਸੀ। ਪਰ ਕਮਿਊਨਿਸਟ ਪਾਰਟੀ ਦੀ ਇਹ ਸੋਚ ਗਲਤ ਸੀ। ਸੰਸਾਰ ਪੱਧਰ ਦੀਆਂ ਸਮੀਕਰਨਾਂ 'ਚ ਸੋਵੀਅਤ ਸੰਘ ਨਾਲ਼ ਧੁਰੀ ਤਾਕਤਾਂ ਵਿਰੁੱਧ ਮੋਰਚਾ ਬਣਾਉਣਾ ਬ੍ਰਿਟੇਨ ਅਤੇ ਸਾਰੇ ਪੱਛਮੀ ਸਾਮਰਾਜਵਾਦੀਆਂ ਦੀ ਮਜਬੂਰੀ ਸੀ। ਅੱਜ ਇਹ ਸਥਾਪਿਤ ਸੱਚ ਹੈ ਕਿ ਬ੍ਰਿਟੇਨ ਅਤੇ ਉਸਦੇ ਸਾਮਰਾਜਵਾਦੀ ਮਿੱਤਰਾਂ ਦੀ ਸੋਚ ਇਹ ਸੀ ਕਿ ਸਮਾਜਵਾਦ ਦੇ ਸੋਵੀਅਤ ਕਿਲੇ ਨੂੰ ਫਾਸੀਜ਼ਮ ਦੀ ਹਨ੍ਹੇਰੀ ਢਾਹ ਦੇਵੇਗੀ ਅਤੇ ਇਸ ਪ੍ਰਕਿਰਿਆ 'ਚ ਫਾਸਿਸਟ ਤਾਕਤਾਂ ਹੁਣ ਕਮਜ਼ੋਰ ਪੈ ਜਾਣਗੀਆਂ ਤਾਂ ਉਹ ਉਸ ਨਾਲ਼ ਸਿੱਝ ਲੈਣਗੇ। ਹਿਟਲਰ ਦੀਆਂ 200 ਡਿਵੀਜਨਾਂ ਨਾਲ਼ ਇਕੱਲਾ ਸੋਵੀਅਤ ਸੰਘ ਜੂਝ ਰਿਹਾ ਸੀ (ਮਹਿਜ 54 ਡਿਵੀਜਨਾਂ ਯੂਰਪ 'ਚ ਤੈਨਾਤ ਸਨ), ਪਰ ਵਾਰੀ ਵਾਰੀ ਕਹਿਣ ਦੇ ਬਾਵਜੂਦ ਯੂਰਪ 'ਚ ਮੋਰਚਾ ਖੋਲਣ 'ਚ ਕਾਫੀ ਦੇਰ ਕੀਤੀ ਗਈ। ਅਜਿਹੀ ਹਾਲਤ 'ਚ ਭਾਰਤੀ ਕਮਿਊਨਿਸਟ ਜੇਕਰ ਭਾਰਤ 'ਚ ਕੌਮ ਵਿਆਪੀ ਸੰਘਰਸ਼ ਦਾ ਦਬਾਅ ਬਣਾਉਂਦੇ ਤਾਂ ਅੰਗਰੇਜ਼ਾਂ ਤੋਂ ਕੌਮੀ ਆਜ਼ਾਦੀ ਲਈ ਅਤੇ ਸੰਵਿਧਾਨ ਸਭਾ ਲਈ ਭਰੋਸਾ ਲੈਣ ਅਤੇ ਕੌਮੀ ਲਹਿਰ ਦੀ ਕਾਂਗਰਸੀ ਲੀਡਰਸ਼ਿਪ ਮੂਹਰੇ ਵੱਡੀ ਚੁਣੌਤੀ ਪੇਸ਼ ਕਰਨ ਦੇ ਨਾਲ ਹੀ ਬ੍ਰਿਟੇਨ 'ਤੇ ਪੱਛਮ 'ਚ ਵੀ ਜੰਗ ਦਾ ਮੋਰਚਾ ਖੋਲ੍ਹਣ ਦਾ ਦਬਾਅ ਬਣਾ ਸਕਦੇ ਸਨ। ਸੋਵੀਅਤ ਸੰਘ ਦੀ ਇਸ ਤਰ੍ਹਾਂ ਨਾਲ਼ ਅਸਲੀ ਮੱਦਦ ਕੀਤੀ ਜਾ ਸਕਦੀ ਸੀ। ਉਂਝ ਵੀ, ਫਾਸੀਵਾਦ-ਵਿਰੋਧੀ ਲੋਕ ਯੁੱਧ ਨੂੰ ਭਾਰਤੀ ਕਮਿਊਨਿਸਟਾਂ ਦੇ ਸਮਰਥਨ ਨਾਲ਼ ਸੋਵੀਅਤ ਸੰਘ ਜਾਂ ਲੋਕਯੁੱਧ ਨੂੰ ਕੋਈ ਅਮਲੀ ਮੱਦਦ ਨਹੀਂ ਮਿਲੀ। ਇਸ ਦੌਰਾਨ ਭਾਰਤੀ ਕਮਿਊਨਿਸਟਾਂ ਦੀ ਇਕ ਹੋਰ ਗੰਭੀਰ ਭੁੱਲ ਅਗਸਤ-ਸਤੰਬਰ 1942 'ਚ ਗੰਗਾਧਰ ਅਧਿਕਾਰੀ ਰਾਹੀਂ ਪੇਸ਼ ਇਹ ਅਜੀਬ ਮਤਾ ਸੀ ਬਹੁਕੌਮੀ ਭਾਰਤ 'ਚ ਸਿੰਧੀ, ਬਲੋਚੀ, ਪੰਜਾਬੀ (ਮੁਸਲਮਾਨ) ਅਤੇ ਪਠਾਨ ਆਦਿ ਮੁਸਲਿਮ ਕੌਮਾਂ ਹਨ ਅਤੇ ਇਸ ਰੂਪ 'ਚ ਇਹਨਾਂ ਨੂੰ ਸਵੈ ਨਿਰਣੇ ਦਾ ਅਧਿਕਾਰ ਹੈ। ਇਕ ਤਰ੍ਹਾਂ ਨਾਲ਼ ਇਹ ਮੁਸਲਿਮ ਲੀਗ ਦੇ ਵੱਖਵਾਦੀ ਨਾਅਰਿਆਂ ਦਾ ਸਮਰਥਨ ਸੀ ਅਤੇ ਇਸ ਦਾ ਫਾਇਦਾ ਬਸਤੀਵਾਦੀਆਂ ਨੂੰ ਵੀ ਮਿਲਣਾ ਹੀ ਸੀ। ਇਹਨਾਂ ਗੰਭੀਰ ਭੁੱਲਾਂ ਨੇ ਭਾਰਤੀ ਕਮਿਊਨਿਸਟ ਲਹਿਰ ਨੂੰ ਗੰਭੀਰ ਧੱਕਾ ਮਾਰਿਆ ਅਤੇ ਗਰਾਸ ਰੂਟ ਪੱਧਰ 'ਤੇ ਮਜ਼ਦੂਰਾਂ-ਕਿਸਾਨਾਂ ਦੇ ਜੁਝਾਰੂ ਸੰਘਰਸ਼ਾਂ ਅਤੇ ਉਹਨਾਂ 'ਚ ਆਪਣੀ ਡੂੰਘੀ ਸਾਖ਼ ਦੇ ਬਾਵਜੂਦ ਕੌਮੀ ਲਹਿਰ ਦੀ ਅਗਵਾਈ ਕਾਂਗਰਸ ਦੇ ਹੱਥਾਂ ਚੋਂ ਖੋਹਣ ਦੇ ਮਾਮਲੇ 'ਚ ਕਮਿਊਨਿਸਟ ਕਾਫੀ ਪਿਛੇ ਛੁੱਟ ਗਏ ਅਤੇ ਪਿੱਠਭੂਮੀ 'ਚ ਧੱਕੇ ਗਏ।

ਜਨਵਰੀ, 1942 'ਚ ਕਮਿਊਨਿਸਟ ਪਾਰਟੀ 'ਲੋਕ ਯੁੱਧ' ਦੇ ਸਮਰਥਨ ਦਾ ਹੋਕਾ ਦੇ ਰਹੀ ਸੀ, ਉਸ ਸਮੇਂ ਕਾਂਗਰਸ ਦੇ ਵੱਖ-ਵੱਖ ਧੜੇ, ਗਾਂਧੀ ਅਤੇ ਬੋਸ ਦੇ ਚੇਲੇ ਵੱਖ-ਵੱਖ ਤਰੀਕਿਆਂ ਨਾਲ ਸੋਚ ਰਹੇ ਸਨ। ਕੁਝ ਅਜਿਹਾ ਸੋਚ ਰਹੇ ਸਨ ਕਿ ਇਸ ਸਮੇਂ

ਬ੍ਰਿਟੇਨ ਹਾਰ ਰਿਹਾ ਹੈ ਅਤੇ ਇਹ ਸਿਆਸੀ ਆਜ਼ਾਦੀ ਲਈ ਦਬਾਅ ਬਣਾਉਣ ਦਾ ਸੁਨਹਿਰਾ ਮੌਕਾ ਹੈ, ਕੁੱਝ ਸੋਚ ਰਹੇ ਸਨ ਬ੍ਰਿਟੇਨ 'ਤੇ ਸਮਝੌਤੇ ਲਈ ਦਬਾਅ ਬਣਾਉਣ ਤੋਂ ਅੱਗੇ ਨਹੀਂ ਵਧਿਆ ਜਾਣਾ ਚਾਹੀਦਾ, ਕਿਉਂਕਿ ਇਸ ਨਾਲ਼ ਲੋਕ ਇਨਕਲਾਬ ਦਾ ਅਤੇ ਕਮਾਨ ਕਾਂਗਰਸ ਦੇ ਹੱਥਾਂ 'ਚੋਂ ਨਿਕਲ ਜਾਣ ਦਾ ਖਤਰਾ ਹੋਵੇਗਾ। ਨਹਿਰੂ ਚਾਹੁੰਦੇ ਸਨ ਕਿ (ਕ੍ਰਿਪਸ ਮਿਸ਼ਨ ਦੌਰਾਨ) ਕੋਈ ਨਾ ਕੋਈ ਸਮਝੌਤਾ ਹੋ ਜਾਵੇ ਅਤੇ ਫਾਸੀਵਾਦ ਵਿਰੋਧੀ ਸੰਯੁਕਤ ਮੋਰਚੇ 'ਚ ਭਾਰਤ ਸ਼ਾਮਿਲ ਹੋ ਜਾਵੇ। ਐਮ. ਐਨ. ਰਾਏ ਅਤੇ ਉਹਨਾਂ ਦੇ ਪੈਰੋਕਾਰ ਸੰਸਾਰ ਜੰਗ ਨੂੰ ਫਾਸੀਵਾਦ-ਵਿਰੋਧੀ ਜੰਗ ਮੰਨ ਕੇ ਇਸ ਨਤੀਜੇ 'ਤੇ ਪਹੁੰਚੇ ਸਨ ਕਿ ਬਿਨਾਂ ਸ਼ਰਤ ਬ੍ਰਿਟੇਨ ਦਾ ਸਾਥ ਦਿੱਤਾ ਜਾਣਾ ਚਾਹੀਦਾ ਹੈ। 1940 ਦੇ ਸਤਿਆਗ੍ਰਹਿ ਮਗਰੋਂ ਨਜ਼ਰਬੰਦ ਸੁਭਾਸ਼ ਚੰਦਰ ਬੋਸ ਅਫ਼ਗਾਨਿਸਤਾਨ ਤੋਂ ਰੂਸ ਹੁੰਦੇ ਹੋਏ ਜਰਮਨੀ ਪਹੁੰਚ ਚੁੱਕੇ ਸਨ। ਪਹਿਲੀ ਸੰਸਾਰ ਜੰਗ ਦੇ ਦਹਿਸ਼ਤਗਰਦ ਇਨਕਲਾਬੀਆਂ ਦੀ ਤਰ੍ਹਾਂ ਉਹਨਾਂ ਦੀ ਯੁੱਧਨੀਤੀ ਅੰਦਰੂਨੀ ਤਾਕਤਾਂ 'ਤੇ ਨਿਰਭਰਤਾ ਦੀ ਬਜਾਏ ਬ੍ਰਿਟੇਨ ਦੇ ਦੁਸ਼ਮਣਾਂ ਤੋਂ ਮਦਦ ਲੈ ਕੇ ਹਥਿਆਰਬੰਦ ਬਲ ਨਾਲ਼ ਆਜ਼ਾਦੀ ਹਾਸਿਲ ਕਰਨ ਦੀ ਸੀ। ਅੱਗੇ ਚੱਲ ਕੇ ਜਰਮਨੀ ਦੀ ਬਜਾਏ ਜਪਾਨ ਤੋਂ ਮਦਦ ਲੈਣਾ, ਭਾਰਤੀ ਜੰਗੀ ਕੈਦੀਆਂ ਅਤੇ ਪ੍ਰਵਾਸੀਆਂ ਨੂੰ ਲੈ ਕੇ ਆਜ਼ਾਦ ਹਿੰਦ ਫੌਜ ਬਣਾਉਣਾ, ਬਰਮਾ ਦੇ ਰਾਸਤੇ ਪੂਰਬੀ ਉੱਤਰ ਭਾਰਤ 'ਚ ਦਾਖਣ ਹੋਣਾ ਅਤੇ ਫਿਰ ਜਪਾਨ ਦੇ ਪਿੱਛੇ ਹਟਣ ਅਤੇ ਹਾਰ ਨਾਲ਼ ਹੀ ਇਸ ਯਤਨ ਦੀ ਵੀ ਅਸਫਲਤਾ - ਇਸ ਤੋਂ ਅੱਗੇ ਦੀ ਕਥਾ ਸਭ ਨੂੰ ਪਤਾ ਹੈ। ਇਹ ਸੁਭਾਸ਼ ਚੰਦਰ ਬੋਸ ਦੀ ਮੱਧਵਰਗੀ ਅਰਾਜਕਤਾਵਾਦੀ ਖੱਬੇਪੱਖੀ ਕੌਮੀ ਭਗਤੀ ਦਾ ਨਾਟਕੀ ਚਮਤਕਾਰ ਅਤੇ ਤਰਕਸ਼ੀਲ ਸਿੱਟਾ ਸੀ। ਕਾਂਗਰਸ ਤੋਂ ਬਾਹਰ ਦੀ ਗੱਲ ਕਰੀਏ। ਲੀਗ ਇਸ ਪੂਰੇ ਦੌਰ 'ਚ ਆਪਣੇ ਵੱਖ ਵਾਦੀ ਏਜੰਡੇ 'ਤੇ ਕੰਮ ਕਰਦੀ ਹੋਈ ਬ੍ਰਿਟਿਸ਼ ਸੱਤ੍ਹਾ ਨਾਲ਼ ਖੜ੍ਹੀ ਰਹੀ, ਫਾਸੀਵਾਦ ਵਿਰੋਧੀ ਕਿਸੇ ਸਿਧਾਂਤਕ ਸਟੈਂਡ ਕਾਰਨ ਨਹੀਂ ਸਗੋਂ ਕਾਂਗਰਸ ਨੂੰ ਪਛਾੜ ਕੇ ਬਸਤੀਵਾਦੀਆਂ ਦੀ ਮਦਦ ਨਾਲ਼ ਆਪਣਾ ਉੱਲੂ ਸਿੱਧਾ ਕਰਨ ਲਈ। ਪਾਕਿਸਤਾਨ ਦੇ ਨਾਅਰੇ ਦੇ ਆਲੇ-ਦੁਆਲੇ ਇਕ ਲੋਕ-ਵਾਦੀ, ਲਫ਼ਾਜੀਭਰੀ ਫਿਰਕਾਪ੍ਰਸਤੀ ਵਿਕਸਿਤ ਹੋਈ ਜਿਹੜੀ ਆਜ਼ਾਦ ਮੁਸਲਿਮ ਰਾਜ ਨੂੰ ਹਰ ਬਿਮਾਰੀ ਦੀ ਦਵਾ ਬਣਾਉਂਦੇ ਸਨ। ਡਾ. ਅੰਬੇਦਕਰ (1942 ਤੋਂ 1946 ਤੱਕ) ਕਿਰਤ ਵਿਭਾਗ 'ਚ ਗਵਰਨਰ ਜਨਰਲ ਦੇ ਪ੍ਰਸ਼ਾਸਕ ਸਨ। ਉਹਨਾਂ ਦਾ ਮੁੱਖ ਅਜੰਡਾ ਸੀ ਕਾਂਗਰਸ ਦੀ ਲੀਡਰਸ਼ਿਪ 'ਚ ਮਿਲਣ ਵਾਲੀ ਆਜ਼ਾਦੀ ਦਾ ਵਿਰੋਧ ਕਰਨਾ। ਉਹ ਮੰਨਦੇ ਸਨ ਕਿ ਅਜਿਹੀ ਆਜ਼ਾਦੀ ਦਲਿਤਾਂ ਲਈ ਸਵਰਨਾਂ ਦੀ ਗੁਲਾਮੀ ਹੋਵੇਗੀ, ਇਸ ਲਈ ਬ੍ਰਿਟਿਸ਼ ਸੱਤ੍ਹਾ ਦੇ ਰਹਿੰਦੇ ਹੀ ਪਹਿਲਾਂ ਦਲਿਤਾਂ ਦੀ ਸਮੱਸਿਆ ਹੱਲ ਹੋਣੀ ਚਾਹੀਦੀ ਹੈ। ਸਿਆਸੀ ਤੌਰ 'ਤੇ ਕੇਂਦਰੀ ਅਤੇ ਸੂਬਾਈ ਅਸੈਂਬਲੀਆਂ 'ਚ ਦਲਿਤਾਂ ਲਈ ਰਿਜ਼ਰਵੇਸ਼ਨ ਤੋਂ ਅੱਗੇ ਉਹਨਾਂ ਦਾ ਅਜੰਡਾ ਨਹੀਂ ਜਾਂਦਾ ਸੀ। ਇਹ ਵੀ ਵਰਨਣਯੋਗ ਹੈ ਕਿ 1940 'ਚ ਉਹਨਾਂ ਨੇ ਪਾਕਿਸਤਾਨ ਦੀ ਮੰਗ ਦਾ ਸਮਰਥਨ ਵੀ ਕੀਤਾ ਸੀ। ਗੋਲਵਲਕਰ ਦੀ ਅਗਵਾਈ ਵਾਲੀ ਆਰ. ਐੱਸ. ਐੱਸ ਅਤੇ ਸਾਵਰਕਰ ਦੀ ਹਿੰਦੂ ਮਹਾਂਸਭਾ ਦੋਨੋਂ ਹੀ ਕਿਸੇ ਲੋਕ ਲਹਿਰ ਦੇ ਵਿਰੋਧੀ ਸਨ ਅਤੇ ਅੱਗੇ ਚੱਲ ਕੇ ਅਗਸਤ 1942 ਦੇ ਲੋਕ-ਵਿਦਰੋਹ ਦਾ ਵਿਸਫੋਟ ਹੋਇਆ ਤਾਂ ਇਹ ਦੋਨੋਂ ਹਿੰਦੂ ਕੱਟੜਪੰਥੀ ਫਾਸਿਸਟ ਜਥੇਬੰਦੀਆਂ ਉਸ ਤੋਂ ਪੂਰੀ ਤਰ੍ਹਾਂ ਨਾਲ਼ ਵੱਖ ਰਹੀਆਂ।

ਦੱਖਣ-ਪੂਰਬੀ ਏਸ਼ੀਆ 'ਚ ਜਪਾਨ ਦੀ ਫੌਜੀ-ਮੁਹਿੰਮ ਦੀ ਨਾਟਕੀ ਸਫਲਤਾ ਮਗਰੋਂ ਅਤੇ ਭਾਰਤੀ ਲੀਡਰਾਂ ਨਾਲ਼ ਗੱਲਬਾਤ ਲਈ ਅਮਰੀਕੀ ਰੂਜ਼ਵੇਲਟ ਦੇ ਦਬਾਅ ਮਗਰੋਂ ਚਰਚਿਲ ਨੂੰ ਵੀ ਅਹਿਸਾਸ ਹੋਇਆ ਕਿ ਭਾਰਤੀ ਲੋਕਮਤ ਨੂੰ ਨਾਲ ਲੈਣ ਲਈ ਕੁਝ ਲਾਰਿਆਂ ਅਤੇ ਕੁਝ ਸਦਭਾਵਨਾ ਦਿਖਾਵੇ ਦੀ ਲੋੜ ਹੈ। ਜੰਗ ਦੇ ਸਮੇਂ ਦੌਰਾਨ ਮੰਤਰੀ-ਮੰਡਲ 'ਚ ਸ਼ਾਮਿਲ ਏਟਲੀ ਅਤੇ ਕ੍ਰਿਪਸ ਜਿਹੇ ਲੇਬਰ ਆਗੂ ਵੀ ਕਾਂਗਰਸੀ ਲੀਡਰਾਂ ਅਤੇ ਹੋਰ ਪੱਖਾਂ 'ਤੇ ਵਾਰਤਾ ਲਈ ਦਬਾਅ ਬਣਾ ਰਹੇ ਸਨ। ਇਹਨਾਂ ਦੇ ਸਿੱਟੇ ਵਜੋਂ ਕ੍ਰਿਪਸ ਦੀ ਲੀਡਰਸ਼ਿਪ 'ਚ ਇਕ ਮਿਸ਼ਨ ਭਾਰਤ ਆਇਆ, ਪਰ ਆਪਣੇ ਨਾਲ਼ ਐਲਾਨਨਾਮੇ ਦਾ ਜਿਹੜਾ ਖਰੜਾ ਉਹ ਲਿਆਏ ਸਨ, ਉਹ ਬਹੁਤ ਨਿਰਾਸ਼ਾਜਨਕ ਸੀ। ਉਸ 'ਤੇ ਚਰਚਿਲ, ਸੈਨਾਪਤੀ ਵੇਵੇਲ ਅਤੇ ਵਾਇਸਰਾਏ ਲਿਨਲਿਥਗੋ ਜਿਹੇ ਅਣਉਦਾਰਵਾਦੀਆਂ ਦਾ ਸਪੱਸ਼ਟ ਦਬਾਅ ਸੀ। ਕ੍ਰਿਪਸ ਨੇ ਆਉਂਦੇ ਹੀ ਐਲਾਨ ਕੀਤਾ ਕਿ "ਜਿੰਨੀ ਜਲਦੀ ਹੋ ਸਕੇ, ਭਾਰਤ 'ਚ ਖੁਦਮੁਖਤਿਆਰੀ ਦੀ ਸਥਾਪਤੀ" ਬ੍ਰਿਟਿਸ਼ ਨੀਤੀ ਦਾ ਉਦੇਸ਼ ਹੈ। ਪਰ ਉਹਨਾਂ ਦੇ ਐਲਾਨਨਾਮੇ ਦੇ ਖਰੜੇ 'ਚ ਜੰਗ ਦੀ ਸਮਾਪਤੀ ਮਗਰੋਂ ਭਾਰਤ ਨੂੰ ਡੋਮਿਨਿਅਨ ਸਟੇਟਸ (ਆਜ਼ਾਦ ਬਸਤੀ) ਦਾ ਦਰਜਾ ਦੇਣ ਦੀ ਗੱਲ ਸੀ, ਉਸ ਦੀ ਆਜ਼ਾਦੀ ਦੀ ਨਹੀਂ। ਸਰਵਜਨਕ ਬਾਲਗ ਵੋਟ ਦੇ ਅਧਿਕਾਰ ਦੀ ਬਜਾਏ ਸੂਬਾਈ ਅਸੈਂਬਲੀਆਂ ਰਾਹੀਂ ਚੁਣੀ ਗਈ ਸੰਵਿਧਾਨ ਸਭਾ ਦੀ ਗੱਲ ਕੀਤੀ ਗਈ ਸੀ, ਜਿਸ 'ਚ ਰਿਆਸਤਾਂ ਦੀ ਨੁਮਾਇੰਦਗੀ ਕਰਨ ਲਈ ਉਹਨਾਂ ਦੇ ਹਾਕਮਾਂ ਦੁਆਰਾ ਨਾਮਜ਼ਦ ਨੁਮਾਇੰਦਿਆਂ ਲਈ ਕੁਝ ਸੀਟਾਂ ਰੱਖੀਆਂ ਜਾਣੀਆਂ ਸਨ। ਪਾਕਿਸਤਾਨ ਦੀ ਮੰਗ ਲਈ (ਕੁਝ ਰਿਆਸਤਾਂ ਦੀ ਅਲੱਗ ਹੋਂਦ ਬਣਾਈ ਰੱਖਣ ਲਈ ਵੀ) ਇਹ ਗੁੰਜਾਇਸ਼ ਬਣਾਈ ਗਈ ਸੀ ਕਿ ਜੇਕਰ ਕਿਸੇ ਸੂਬੇ ਨੂੰ ਨਵਾਂ ਸੰਵਿਧਾਨ ਪ੍ਰਵਾਨ ਨਹੀਂ ਹੁੰਦਾ ਤਾਂ ਉਹ ਆਪਣੇ ਭਵਿੱਖ ਲਈ ਬ੍ਰਿਟੇਨ ਨਾਲ਼ ਅਲੱਗ ਸਮਝੌਤਾ ਕਰ ਸਕੇਗਾ। ਸਪੱਸ਼ਟ ਹੈ ਕਿ ਇਹਨਾਂ ਪ੍ਰਬੰਧਾਂ 'ਤੇ ਕਾਂਗਰਸੀ ਲੀਡਰਸ਼ਿਪ ਨੂੰ ਸਖ਼ਤ ਤਕਲੀਫ ਸੀ। ਸਿੱਟੇ ਵਜੋਂ ਕ੍ਰਿਪਸ ਮਿਸ਼ਨ ਅਸਫਲ ਹੋ ਗਿਆ ਅਤੇ ਅਪ੍ਰੈਲ 'ਚ ਕ੍ਰਿਪਸ ਵਾਪਸ ਬ੍ਰਿਟੇਨ ਪਰਤ ਗਏ।

ਜਿਸ ਸਮੇਂ ਕ੍ਰਿਪਸ ਮਿਸ਼ਨ ਅਸਫਲ ਹੋਇਆ, ਉਸ ਸਮੇਂ ਜੰਗ 'ਚ ਮਿੱਤਰ ਕੌਮਾਂ ਦੀ ਹਾਰ ਦਾ ਖਤਰਾ ਵੱਧ ਸੀ। ਜੰਗ 'ਚ ਪਾਸਾ ਪਰਤਿਆ। 1942 ਮੱਧ 'ਚ ਸਤਾਲਿਨਗ੍ਰਾਦ 'ਚ ਜਰਮਨ ਫੌਜ ਦੇ ਪੈਰ ਉੱਖੜ ਜਾਣ ਮਗਰੋਂ 1942 ਦੀਆਂ ਗਰਮੀਆਂ 'ਚ ਭਾਰਤੀ ਪੂੰਜੀਪਤੀ ਜਮਾਤ ਦੇ ਕੁਸ਼ਲਤਮ ਸਿਆਸੀ ਨੁਮਾਇੰਦੇ ਅਤੇ ਯੁੱਧਨੀਤੀ-ਘਾੜੇ ਗਾਂਧੀ ਸਮਝ ਚੁੱਕੇ ਸਨ ਕਿ ਬ੍ਰਿਟਿਸ਼ ਸਾਮਰਾਜਵਾਦ 'ਤੇ ਲੋਕ ਲਹਿਰ ਦਾ ਦਬਾਅ ਬਣਾ ਕੇ ਵੱਧ ਤੋਂ ਵੱਧ ਸੰਭਵ ਹਾਸਿਲ ਕਰਨ ਦਾ ਸਭ ਤੋਂ ਢੁਕਵਾਂ ਸਮਾਂ ਆ ਚੁੱਕਾ ਹੈ। ਜੁਲਾਈ 1942 'ਚ ਕਾਂਗਰਸ ਕਾਰਜਸਮਿਤੀ ਦੀ ਵਰਧਾ

ਮੀਟਿੰਗ ਨੇ ਸੰਘਰਸ਼ ਦੇ ਫੈਸਲੇ ਦੀ ਸਹਿਮਤੀ ਦਿੱਤੀ। ਅਗਸਤ 'ਚ ਬੰਬਈ ਵਿਖੇ ਕਾਂਗਰਸ ਦੇ ਖੁਲੇ ਸੈਸ਼ਨ 'ਚ ਗਾਂਧੀ ਨੇ 'ਕਰੋ ਜਾਂ ਮਰੋ' ਅਤੇ 'ਭਾਰਤ ਛੱਡੋ' ਦਾ ਨਾਅਰਾ ਦਿੰਦੇ ਹੋਏ ਸਪੱਸ਼ਟ ਕਿਹਾ ਕਿ ਆਜ਼ਾਦੀ ਤੋਂ ਘੱਟ ਉਹਨਾਂ ਨੂੰ ਕੋਈ ਵੀ ਚੀਜ਼, ਕੋਈ ਵੀ ਰਿਆਇਤ ਪ੍ਰਵਾਨ ਨਹੀਂ। ਪਹਿਲੀ ਵਾਰੀ ਗਾਂਧੀ ਸਿਆਸੀ ਹੜਤਾਲ ਲਈ ਤਿਆਰ ਸਨ। ਵਰਣਨਯੋਗ ਹੈ ਕਿ ਕਾਂਗਰਸ ਨੇ ਫੈਸਲਾਕੁੰਨ, ਗਰਮ ਮਿਜ਼ਾਜ ਵਾਲੇ ਸੰਘਰਸ਼ ਦਾ ਫੈਸਲਾ ਉਦੋਂ ਲਿਆ, ਜਦੋਂ ਕਮਿਊਨਿਸਟਾਂ ਦਾ ਵੱਖ ਰਹਿਣਾ ਤੈਅ ਸੀ ਅਤੇ ਕਾਂਗਰਸ ਨੂੰ ਯਕੀਨ ਸੀ ਕਿ ਲੋਕਾਂ ਦੇ ਗੁੱਸੇ ਨੂੰ ਆਪਣੇ ਕੰਟਰੋਲ ਤੋਂ ਬਾਹਰ ਨਹੀਂ ਜਾਣ ਦੇਵੇਗੀ। ਨਿਸ਼ਚੇ ਹੀ ਭਾਰਤ ਛੱਡੋ ਅੰਦੋਲਨ ਇਕ ਦੇਸ਼ਵਿਆਪੀ ਲੋਕ-ਉਭਾਰ ਸੀ। ਇਹ ਸਾਮਰਾਜਵਾਦ ਵਿਰੋਧੀ ਲੋਕ ਭਾਵਨਾ ਦਾ ਸਭ ਤੋਂ ਪ੍ਰਚੰਡ ਪ੍ਰਗਟਾਵਾ ਸੀ। ਚੋਟੀ ਦੇ ਕਾਂਗਰਸੀ ਆਗੂਆਂ ਦੀ ਗ੍ਰਿਫਤਾਰੀ ਮਗਰੋਂ ਵੀ ਲੋਕ ਸੰਘਰਸ਼ ਆਪ ਮੁਹਾਰੇ ਢੰਗ ਨਾਲ਼ ਜਾਰੀ ਰਿਹਾ ਅਤੇ ਦੇਸ਼ ਦੇ ਕਈ ਹਿੱਸਿਆਂ 'ਚ ਮਹੀਨਿਆਂ ਤੱਕ ਆਜ਼ਾਦ ਸਰਕਾਰਾਂ ਕੰਮ ਕਰਦੀਆਂ ਰਹੀਆਂ।

1942 ਦੇ ਅੰਤ ਤੱਕ ਜੰਗ ਦੇ ਸਮੇਂ ਦੌਰਾਨ ਹਾਲਤਾਂ ਦਾ ਫਾਇਦਾ ਲੈ ਕੇ ਬ੍ਰਿਟਿਸ਼ ਸੱਤ੍ਹਾ ਨੇ ਲੋਕ-ਉਭਾਰ ਨੂੰ ਤਾਂ ਬੇਰਹਿਮੀ ਨਾਲ਼ ਕੁਚਲ ਦਿੱਤਾ ਪਰ ਅੰਗਰੇਜ਼ ਇਹ ਸਮਝ ਚੁੱਕੇ ਸਨ ਕਿ ਭਾਰਤ 'ਤੇ ਬਸਤੀਵਾਦੀ ਸੱਤ੍ਹਾ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ। ਸੰਸਾਰ ਹਾਲਤਾਂ ਵੀ ਹੁਣ ਇਸ ਦੇ ਪ੍ਰਤੀਕੂਲ ਸਨ ਅਤੇ ਜੰਗ ਨੇ ਬ੍ਰਿਟੇਨ ਦੀਆਂ ਆਰਥਿਕ ਹਾਲਤਾਂ ਵੀ ਜਰਜਰ ਬਣਾ ਦਿੱਤੀਆਂ ਸਨ। ਵੇਵੇਲ 1943 'ਚ ਭਾਰਤ ਦਾ ਵਾਇਸਰਾਏ ਬਣਿਆ। ਅਕਤੂਬਰ 1944 'ਚ ਚਰਚਿਲ ਨੂੰ ਲਿਖੇ ਆਪਣੇ ਖਤ 'ਚ ਅਣਉਦਾਰਵਾਦੀ ਹੁੰਦੇ ਹੋਏ ਵੀ, ਉਸਨੇ ਸਪੱਸ਼ਟ ਲਿਖਿਆ ਸੀ ਕਿ ਜੰਗ ਮਗਰੋਂ ਅੰਗਰੇਜ਼ਾਂ ਲਈ ਭਾਰਤ 'ਤੇ ਬਲਪੂਰਵਕ ਅਧਿਕਾਰ ਜਮਾਈ ਰੱਖਣਾ ਨਾਮੁਮਕਿਨ ਹੋਵੇਗਾ। ਉਸਦੇ ਸ਼ਬਦਾਂ 'ਚ, "ਸਾਨੂੰ ਪਹਿਲਾਂ ਵੀ ਅਜਿਹੇ ਹੀ ਵਿਦਰੋਹੀਆਂ ਨਾਲ ਸੰਧੀਵਾਰਤਾ ਕਰਨੀ ਪਈ ਸੀ ਜਿਵੇਂ ਕਿ ਡਿਵੈਲੇਰਾ ਅਤੇ ਜਹਾਲੁਲ ਨਾਲ। ਅਸਲ 'ਚ ਜੰਗ ਖਤਮ ਹੋਣ ਤੋਂ ਪਹਿਲਾਂ ਹੀ ਸੰਧੀ ਵਾਰਤਾ ਕਰਨਾ ਬੁੱਧੀਮਾਨੀ ਹੋਵੇਗੀ - ਇਸਤੋਂ ਪਹਿਲਾਂ ਕਿ ਜੰਗ ਖਤਮ ਹੋਣ 'ਤੇ ਕੈਦੀਆਂ ਦੀ ਰਿਹਾਈ ਹੋਵੇ ਅਤੇ ਫੌਜੀਆਂ ਦੀ ਸੇਵਾ-ਮੁਕਤੀ ਅਤੇ ਬੇਰੁਜ਼ਗਾਰੀ ਕਾਰਨ ਅਸ਼ਾਂਤੀ ਫੈਲੇ ਅਤੇ ਅੰਦੋਲਨ ਲਈ ਵਾਜ੍ਹਬ ਭੂਮੀ ਤਿਆਰ ਹੋਵੇ। ਇਹ ਤਦ ਹੋ ਸਕਦਾ ਹੈ ਜਦੋਂ ਅਸੀਂ ਉਹਨਾਂ ਦੀ (ਕਾਂਗਰਸ ਦੀ) ਊਰਜਾ ਨੂੰ ਪਹਿਲਾ ਹੀ ਕਿਸੇ ਹੋਰ ਲਾਭਪੂਰਨ ਦਿਸ਼ਾ 'ਚ ਮੋੜ ਦੇਈਏ, ਅਰਥਾਤ ਉਹਨਾਂ ਨੂੰ ਭਾਰਤ ਦੀ ਰਾਜਨੀਤਕ ਅਤੇ ਸੰਵਿਧਾਨਕ ਸਮੱਸਿਆਵਾਂ ਦੇ ਹੱਲ ਲੱਭਣ 'ਚ ਲੱਗਾ ਦੇਈਏ।" (ਵੇਵੇਲ: ਦਿ ਵਾਇਸਰਾਏ ਜਰਨਲ: ਪੰਨਾ 97-98)। ਅੜੀਅਲ ਚਰਚਿਲ ਨੇ ਵੇਵੇਲ ਦੇ ਸੁਝਾਅ 'ਤੇ ਕੰਨ ਨਹੀਂ ਧਰਿਆ, ਪਰ 1945 'ਚ ਲੇਬਰ ਪਾਰਟੀ ਜਦੋਂ ਸੱਤ੍ਹਾ 'ਚ ਆਈ ਤਾਂ ਉਸਨੇ ਇਸ ਪ੍ਰਕਿਰਿਆ ਨੂੰ ਅੱਗੇ ਵਧਾਇਆ ਤੇ ਕਾਂਗਰਸੀ ਆਗੂਆਂ ਨੂੰ ਇਸ ਲਈ ਸਹਿਮਤ ਕਰਨ 'ਚ ਉਹ ਸਫ਼ਲ ਵੀ ਰਹੀ।

1942 ਦੇ 'ਭਾਰਤ ਛੱਡੋ ਅੰਦੋਲਨ' ਤੋਂ ਮਿਲੇ ਸੰਕੇਤਾਂ ਅਤੇ ਸੰਸਾਰ ਹਾਲਤਾਂ ਨੂੰ ਵੇਖਕੇ ਹੋਏ ਅੰਗਰੇਜ਼ ਹੁਣ ਕਾਂਗਰਸ ਨੂੰ ਸੱਤ੍ਹਾ ਹਸਤਾਂਤਰਿਤ ਕਰਨ ਲਈ ਸੋਚਣ ਲੱਗੇ ਸਨ। ਇਹ ਸਮਾਂ ਇਸ ਲਈ ਸਭ ਤੋਂ ਢੁਕਵਾਂ ਸੀ, ਕਿਉਂਕਿ ਲੋਕਾਂ ਦੀਆਂ ਨਜ਼ਰਾਂ ਵਿੱਚ ਕਾਂਗਰਸ ਨੂੰ ਇਕ ਨਵੀਂ ਇੱਜ਼ਤ ਹਾਸਿਲ ਹੋ ਚੁੱਕੀ ਸੀ, ਕਮਿਊਨਿਸਟ ਅਤੇ ਹੋਰ ਖੱਬੇਪੱਖੀ ਤਾਕਤਾਂ ਪਿਛੇ ਧੱਕ ਦਿੱਤੀਆਂ ਗਈਆਂ ਅਤੇ ਖਿੰਡਾਅ ਦਾ ਸ਼ਿਕਾਰ ਸਨ। ਪੂੰਜੀਪਤੀ ਜਮਾਤ ਦੀ ਨੁਮਾਇੰਦਾ ਪਾਰਟੀ ਕਾਂਗਰਸ ਨਹਿਰੂ ਦੇ ਸਾਰੇ "ਸਮਾਜਵਾਦੀ" ਮਿਜ਼ਾਜਾਂ ਦੇ ਬਾਵਜੂਦ, ਭਾਰਤ 'ਚ ਬ੍ਰਿਟਿਸ਼ ਹਿੱਤਾਂ ਦੀ ਹਿਫ਼ਾਜਤ ਲਈ ਤਿਆਰ ਸੀ, ਕਿਉਂਕਿ ਭਾਰਤੀ ਪੂੰਜੀਪਤੀ ਜਮਾਤ ਸਾਮਰਾਜਵਾਦ ਤੋਂ ਫੈਸਲਾਕੁੰਨ ਤੋੜ-ਵਿਛੋੜਾ ਕਰ ਹੀ ਨਹੀਂ ਸਕਦੀ ਸੀ। ਵੱਧ ਤੋਂ ਵੱਧ ਉਹ ਸੌਦੇਬਾਜ਼ੀ ਕਰ ਸਕਦੀ ਸੀ। ਬਸਤੀਵਾਦੀ ਚਾਹੁੰਦੇ ਸਨ ਕਿ ਕਾਂਗਰਸ ਨੂੰ ਆਪਣੀਆਂ ਸ਼ਰਤਾਂ 'ਤੇ ਝੁਕਾਉਣ ਲਈ ਮੁਸਲਿਮ ਲੀਗ ਦੀ ਵਰਤੋਂ ਕੀਤੀ ਜਾਵੇ ਅਤੇ ਜਾਂ ਤਾਂ ਮੁਸਲਿਮ ਬਹੁਗਿਣਤੀ ਵਾਲੇ ਸੂਬਿਆਂ ਦੀ ਵੱਧ ਤੋਂ ਵੱਧ ਖੁਦਮੁਖਤਿਆਰੀ ਵਾਲੇ ਇਕ ਢਿੱਲੇ ਢਾਲੇ ਸੰਘ ਦੇ ਰੂਪ ਵਿੱਚ ਆਜ਼ਾਦ ਭਾਰਤ ਹੋਂਦ 'ਚ ਆਏ, ਜਾਂ ਫਿਰ ਮੁਲਕ ਦੀ ਵੰਡ ਹੋ ਜਾਵੇ। ਬਸਤੀਵਾਦੀ ਜਾਣਦੇ ਸਨ ਕਿ ਉੱਤਰ ਬਸਤੀਵਾਦੀ ਦੌਰ 'ਚ ਵੀ ਫਿਰਕੂ ਵਿਰੋਧਤਾਈਆਂ ਦੀ ਵਰਤੋਂ ਆਪਣਾ ਉੱਲੂ ਸਿੱਧਾ ਕਰਨ ਲਈ ਕੀਤੀ ਜਾ ਸਕਦੀ ਹੈ। ਉਹ ਇਹ ਵੀ ਜਾਣਦੇ ਸਨ ਕਿ ਕਮਿਊਨਿਸਟ ਪਾਰਟੀ ਦੀਆਂ ਸਾਰੀਆਂ ਕਮਜ਼ੋਰੀਆਂ ਦੇ ਬਾਵਜੂਦ, ਉਹਨਾਂ ਦੇ ਫਿਰ ਤੋਂ ਤਾਕਤਵਰ ਹੋ ਉੱਠਣ ਦਾ ਅਤੇ ਕਿਸੇ ਸੰਭਾਵਿਤ ਲੋਕ ਇਨਕਲਾਬ ਦਾ ਭੈਅ ਭਾਰਤੀ ਪੂੰਜੀਪਤੀ ਜਮਾਤ ਨੂੰ ਅਤੇ ਕਾਂਗਰਸੀ ਲੀਡਰਸ਼ਿਪ ਨੂੰ ਲਗਾਤਾਰ ਸਤਾਉਂਦਾ ਰਹਿੰਦਾ ਹੈ। ਇਸ ਲਈ ਸਮਝੌਤਿਆਂ ਰਾਹੀਂ ਸੱਤ੍ਹਾ ਪ੍ਰਾਪਤੀ ਦੀ ਉਹਨਾਂ ਨੂੰ ਵੀ ਬਹੁਤੀ ਕਾਹਲੀ ਹੈ।

ਇਹਨਾਂ ਹੀ ਹਾਲਤਾਂ 'ਚ ਯੁੱਧ ਤੋਂ ਬਾਅਦ ਦਾ ਘਟਨਾਕ੍ਰਮ ਅੱਗੇ ਵਿਕਸਿਤ ਹੋਇਆ।

(ਅਗਲੇ ਅੰਕ 'ਚ ਜਾਰੀ)

''ਜੇਕਰ ਅਸੀਂ ਇਤਿਹਾਸ ਦੇ ਸ਼ੁਰੂ 'ਚ ਜਾਈਏ ਤਾਂ ਦੇਖਦੇ ਹਾਂ ਕਿ ਅਗਿਆਨ ਅਤੇ ਡਰ ਨੇ ਦੇਵਤਿਆਂ ਨੂੰ ਜਨਮ ਦਿੱਤਾ। ਕਲਪਨਾ, ਉਤਸ਼ਾਹ ਜਾਂ ਛਲ ਨੇ ਉਨ੍ਹਾਂ ਦੀ ਮਹਿਮਾ ਗਾਈ ਜਾਂ ਭੰਡਿਆ, ਕਿ ਕਮਜ਼ੋਰੀ ਉਨ੍ਹਾਂ ਦੀ ਪੂਜਾ ਕਰਦੀ ਹੈ, ਕਿ ਅੰਧਵਿਸ਼ਵਾਸ ਉਨ੍ਹਾਂ ਨੂੰ ਸੁਰੱਖਿਅਤ ਰੱਖਦਾ ਹੈ ਅਤੇ ਪ੍ਰਥਾਵਾ, ਆਸਥਾ ਅਤੇ ਨਿਰੰਕੁਸ਼ਤਾ ਉਨ੍ਹਾਂ ਦਾ ਸਮਰਥਨ ਕਰਦੀਆਂ ਹਨ, ਤਾਂ ਕਿ ਮਨੁੱਖ ਦੇ ਅੰਨ੍ਹੇਪਣ ਦਾ ਫਾਇਦਾ ਆਪਣੇ ਹਿੱਤਾਂ ਦੀ ਪੂਰਤੀ ਲਈ ਲਿਆ ਜਾ ਸਕੇ।...''

ਬੈਰਨ ਦਿ ਹੋਲਬਾਖ (ਪ੍ਰਬੋਧਨ ਯੁੱਗ ਦਾ ਫ਼ਰਾਂਸੀਸੀ ਦਾਰਸ਼ਨਿਕ)

ਚੀਨ 'ਚ ਮਜ਼ਦੂਰ ਸੰਘਰਸ਼ਾਂ ਦਾ ਨਵਾਂ ਉਭਾਰ

ਮਜ਼ਦੂਰ ਹੜਤਾਲਾਂ ਦੇ ਅਰੁੱਕ ਸਿਲਸਲੇ ਨਾਲ਼ ਚੀਨੀ ਹਾਕਮਾਂ ਅਤੇ ਦੁਨੀਆਂ ਭਰ ਦੇ ਸਰਮਾਏਦਾਰਾਂ ਦੀ ਨੀਂਦ ਉੱਡੀ

ਪਿਛਲੇ ਕੁੱਝ ਹਫ਼ਤਿਆਂ ਦੌਰਾਨ ਚੀਨ 'ਚ ਮਜ਼ਦੂਰ ਹੜ੍ਹਤਾਲਾਂ ਦੀ ਲਹਿਰ ਨੇ ਚੀਨ ਦੇ ਕਮਿਊਨਿਸਟ ਨਾਮਧਾਰੀ ਪੂੰਜੀਵਾਦੀ ਹਾਕਮਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਚੀਨ ਦੀ ਮਜ਼ਦੂਰ ਜਮਾਤ ਦੇ ਸੰਘਰਸ਼ ਦੇ ਇਸ ਨਵੇਂ ਉਭਾਰ ਨੇ ਦੁਨੀਆਂ ਭਰ ਦੇ ਸਰਮਾਏਦਾਰਾਂ ਨੂੰ ਵੀ ਚਿੰਤਾ 'ਚ ਪਾ ਦਿੱਤਾ ਹੈ। ਹੁਣ ਤੱਕ ਚੀਨ ਦੇ ਮਜ਼ਦੂਰਾਂ ਦੀ ਸਸਤੀ ਕਿਰਤ ਨੂੰ ਨਿਚੋੜ ਕੇ ਭਾਰੀ ਮੁਨਾਫ਼ਾ ਖੱਟਣ ਵਾਲ਼ੀਆਂ ਬਹੁਕੌਮੀ ਕੰਪਨੀਆਂ ਮੁਨਾਫ਼ਾ ਘਟਣ ਦੀ ਚਿੰਤਾ ਨਾਲ਼ ਪ੍ਰੇਸ਼ਾਨ ਹੋ ਚੁੱਕੀਆਂ ਹਨ।

ਪਿਛਲੇ ਕਰੀਬ ਦੋ ਮਹੀਨਿਆਂ ਦੌਰਾਨ ਹੀ ਦੱਖਣੀ ਚੀਨ ਦੇ ਤੱਟਵਰਤੀ ਇਲਾਕਿਆਂ ਦੇ ਸਨਅਤੀ ਖੇਤਰਾਂ 'ਚ 1000 ਤੋਂ ਵੱਧ ਕਾਰਖਾਨਿਆਂ 'ਚ ਮਜ਼ਦੂਰ ਹੜਤਾਲ ਕਰ ਚੁੱਕੇ ਹਨ। ਸਾਰੇ ਕਿਤੇ ਮਜ਼ਦੂਰਾਂ ਦੀਆਂ ਲਗਭਗ ਇੱਕੋ ਜਿਹੀਆਂ ਮੰਗਾਂ ਸਨ, ਬੇਹੱਦ ਘੱਟ ਮਜ਼ਦੂਰੀ 'ਚ ਵਾਧਾ, ਕੰਮ ਦੇ ਘੰਟੇ ਘੱਟ ਕਰਨਾ, ਕੰਮ ਦੀਆਂ ਅਣਮਨੁੱਖੀ ਹਾਲਤਾਂ ਨੂੰ ਬਿਹਤਰ ਬਣਾਉਣਾ ਅਤੇ ਯੂਨੀਅਨ ਬਣਾਉਣ ਦਾ ਹੱਕ ਦੇਣਾ। ਉਂਝ ਤਾਂ ਪਿਛਲੇ ਤਿੰਨ-ਚਾਰ ਵਰ੍ਹਿਆਂ ਦੌਰਾਨ ਚੀਨ 'ਚ ਮਜ਼ਦੂਰਾਂ ਦੇ ਆਪ-ਮੁਹਾਰੇ ਸੰਘਰਸ਼ਾਂ ਅਤੇ ਹੜਤਾਲਾਂ ਦਾ ਕਾਫ਼ਲਾ 2009 'ਚ ਕੁੱਝ ਮਹੀਨਿਆਂ ਨੂੰ ਛੱਡ ਕੇ ਕਦੇ ਰੁਕਿਆ ਨਹੀਂ ਹੈ, ਪਰ ਪਹਿਲਾਂ ਤੋਂ ਵੱਖ ਇਨ੍ਹਾਂ ਹੜਤਾਲਾਂ ਦੀ ਇੱਕ ਖਾਸ ਗੱਲ ਇਹ ਰਹੀ ਹੈ ਕਿ ਜ਼ਿਆਦਾਤਰ ਥਾਵਾਂ 'ਤੇ ਮਜ਼ਦੂਰ ਕਿਸੇ ਨਾ ਕਿਸੇ ਹੱਦ ਤੱਕ ਆਪਣੀਆਂ ਮੰਗਾਂ ਨੂੰ ਪੂਰਾ ਕਰਾਉਣ 'ਚ ਕਾਮਯਾਬ ਰਹੇ ਹਨ।

ਪਹਿਲਾਂ ਜਿਹੜੀ ਚੀਨੀ ਸੱਤਾ ਕਿਸੇ ਵੀ ਵਿਰੋਧ ਅਤੇ ਹੜ੍ਹਤਾਲ ਨੂੰ ਕੁਚਲਣ ਲਈ ਪੂਰੀ ਤਾਕਤ ਨਾਲ਼ ਟੁੱਟ ਪੈਂਦੀ ਸੀ, ਉਸਨੇ ਇਸ ਵਾਰ ਨਾ ਸਿਰਫ਼ ਜ਼ਬਰ ਘੱਟ ਕੀਤਾ ਸਗੋਂ ਕਈ ਥਾਈਂ ਤਾਂ ਮਾਲਕਾਂ 'ਤੇ ਮਜ਼ਦੂਰਾਂ ਦੀਆਂ ਮੰਗਾਂ ਮਨਾਉਣ ਲਈ ਅਸਿੱਧਾ ਦਬਾਅ ਵੀ ਪਾਇਆ। ਵਜ੍ਹਾ ਸਾਫ਼ ਹੈ। ਚੀਨੀ ਹਾਕਮ ਸਮਝ ਰਹੇ ਹਨ ਕਿ ਮਜ਼ਦੂਰਾਂ 'ਚ ਫੈਲਦੇ ਗੁੱਸੇ ਨੂੰ ਜੇਕਰ ਵੇਲ਼ੇ ਸਿਰ ਸੰਭਾਲਿਆ ਨਹੀਂ ਗਿਆ ਤਾਂ ਹਾਲਤ ਵਿਸਫ਼ੋਟਕ ਹੋ ਸਕਦੀ ਹੈ।

ਇਸੇ ਵਰ੍ਹੇ ਮਈ ਮਹੀਨੇ 'ਚ ਹੜਤਾਲਾਂ ਦੀ ਇਸ ਲਹਿਰ ਦੀ ਸ਼ੁਰੂਆਤ ਹੋਈ। ਫ਼ਾਕਸਕਾਨ ਕੰਪਨੀ 'ਚ ਇੱਕ ਵਰ੍ਹੇ ਅੰਦਰ ਦਸ ਮਜ਼ਦੂਰਾਂ ਦੇ ਖੁਦਕੁਸ਼ੀ ਕਰਨ ਨਾਲ਼ ਮਜ਼ਦੂਰਾਂ 'ਚ ਗੁੱਸਾ ਭੜਕ ਉੱਠਿਆ। ਅੰਦਰੋ-ਅੰਦਰ ਘੁਟਦੇ ਕੰਪਨੀ ਦੇ ਲੱਖਾਂ ਮਜ਼ਦੂਰ ਖੁੱਲ੍ਹ ਕੇ ਕੰਪਨੀ ਦੀ ਭਿਅੰਕਰ ਲੋਟੂ ਅਤੇ ਜ਼ਾਬਰ ਨੀਤੀਆਂ ਵਿਰੁੱਧ ਅਵਾਜ਼ ਚੁੱਕਣ ਲੱਗੇ। ਮਜ਼ਦੂਰਾਂ ਦੀ ਇਹ ਨਵੀਂ ਪੀੜ੍ਹੀ ਇੰਟਰਨੈੱਟ ਅਤੇ ਮੋਬਾਇਲ ਫੋਨ ਦੀ ਵਰਤੋਂ ਤੋਂ ਬਾਖ਼ੂਬੀ ਵਾਕਿਫ਼ ਹੈ ਅਤੇ ਇਹਨਾਂ ਦੇ ਜ਼ਰੀਏ ਕੰਪਨੀ ਅੰਦਰ ਦੀਆਂ ਖ਼ਬਰਾਂ ਚਾਰ-ਚੁਫ਼ੇਰੇ ਫੈਲ ਗਈਆਂ। ਦੇਸੀ ਮੀਡੀਆ ਨੂੰ ਵੀ ਇਸ ਦੀਆਂ ਖ਼ਬਰਾਂ ਦੇਣ ਲਈ ਮਜਬੂਰ ਹੋਣਾ ਪਿਆ ਅਤੇ ਫਿਰ ਵਿਦੇਸ਼ੀ ਮੀਡੀਆ 'ਚ ਵੀ ਇਸ ਦੀ ਬਥੇਰੀ ਚਰਚਾ ਹੋਈ ਕਿਉਂਕਿ ਫ਼ਾਕਸਕਾਨ ਦੁਨੀਆ ਦੀਆਂ ਸਾਰੀਆਂ ਵੱਡੀਆਂ ਕੰਪਿਊਟਰ ਕੰਪਨੀਆਂ ਲਈ ਉਤਪਾਦ ਬਣਾਉਂਦੀ ਹੈ। ਫਾਕਸਕਾਨ ਇਲੈਕਟ੍ਰੋਨਿਕਸ ਸਮਾਨਾਂ ਦੀ ਅਸੈਂਬਲਿੰਗ ਕਰਨ ਵਾਲ਼ੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਹੈ। ਇਹ ਐੱਪਲ ਕੰਪਨੀ ਦੇ ਆਈਪੌਡ ਅਤੇ ਆਈਪੈਡ ਤੋਂ ਲੈ ਕੇ ਸੋਨੀ ਅਤੇ ਐੱਚ.ਪੀ. ਜਿਹੀਆਂ ਕੰਪਨੀਆਂ ਲਈ ਕੰਪਿਊਟਰ ਅਤੇ ਦੂਜੇ ਉਤਪਾਦ ਬਣਾਉਂਦੀ ਹੈ। ਇਸ 'ਚ ਕਰੀਬ 8 ਲੱਖ ਮਜ਼ਦੂਰ ਕੰਮ ਕਰਦੇ ਹਨ। ਕੰਮ ਦੀਆਂ ਅਣ-ਮਨੁੱਖੀ ਹਾਲਤਾਂ, ਬੇਹੱਦ ਘੱਟ ਉਜਰਤ ਅਤੇ ਪੈਰ-ਪੈਰ 'ਤੇ ਗਾਲੀ-ਗਲੋਚ ਅਤੇ ਨਿਰੰਤਰ ਮਾਨਸਿਕ ਦਬਾਅ ਕਰਕੇ ਆਪਣੇ ਦਸ ਸਾਥੀਆਂ ਦੀ ਖ਼ੁਦਕੁਸ਼ੀ ਦਾ ਮਜ਼ਦੂਰਾਂ ਦੁਆਰਾ ਸਖ਼ਤ ਵਿਰੋਧ ਕਰਨ ਅਤੇ ਕੰਪਨੀ ਦੀ ਬਦਨਾਮੀ ਤੋਂ ਘਬਰਾਏ ਮਾਲਕਾਂ ਨੂੰ ਉਜਰਤ 'ਚ 66 ਪ੍ਰਤੀਸ਼ਤ ਯਾਨੀ ਦੋ ਤਿਹਾਈ ਵਾਧਾ ਕਰਨ ਲਈ ਮਜਬੂਰ ਹੋਣਾ ਪਿਆ। ਫਾਕਸਕਾਨ ਦੇ ਮਜ਼ਦੂਰਾਂ ਦੀ ਕਾਮਯਾਬੀ ਨਾਲ਼ ਦੂਜੇ ਕਾਰਖਾਨਿਆਂ 'ਚ ਅਜਿਹੀਆਂ ਹੀ ਹਾਲਤਾਂ 'ਚ ਘੁੱਟ ਰਹੇ ਮਜ਼ਦੂਰਾਂ ਨੂੰ ਵੀ ਅਵਾਜ਼ ਉਠਾਉਣ ਦਾ ਹੌਸਲਾ ਮਿਲ ਗਿਆ।

ਇਸ ਮਗਰੋਂ ਪਰਲ ਰਿਵਰ ਇਲਾਕੇ 'ਚ ਸਥਿਤ ਜਪਾਨੀ ਕਾਰ ਕੰਪਨੀ ਹੌਂਡਾ ਦੀ ਪਾਰਟਸ ਫੈਕਟਰੀਆਂ 'ਚ ਮਜ਼ਦੂਰਾਂ ਨੇ ਹੜਤਾਲ ਕੀਤੀ ਫਿਰ ਧੜਾ-ਧੜ ਅਨੇਕਾਂ ਕਾਰਖਾਨਿਆਂ 'ਚ ਹੜਤਾਲਾਂ ਸ਼ੁਰੂ ਹੋ ਗਈਆਂ। ਹੜਤਾਲਾਂ ਦਾ ਸਿਲਸਲਾ ਘੱਟ ਤੋਂ ਘੱਟ 6 ਸਨਅਤੀ ਸ਼ਹਿਰਾਂ 'ਚ ਫੈਲ ਗਿਆ। ਕਰੀਬ 15 ਦਿਨ ਚੱਲੀ ਹੋਂਡਾ ਦੇ ਕਈ ਕਾਰਖਾਨਿਆਂ 'ਚ ਹੜਤਾਲ ਜਾਰੀ ਸੀ। ਕਈ ਥਾਈਂ ਮਜ਼ਦੂਰਾਂ ਨੇ ਪੁਲਿਸ ਨਾਲ਼ ਉਗਰ ਝੜਪਾਂ ਵੀ ਕੀਤੀਆਂ। ਹੌਂਡਾ ਦੇ ਇੱਕ ਕਾਰਖਾਨੇ ਦੇ ਬਾਹਰ ਪੁਲਿਸ ਅਤੇ ਮਜ਼ਦੂਰਾਂ ਦਰਮਿਆਨ ਹੋਏ ਟਕਰਾਵਾਂ 'ਚ ਕਈ ਦਰਜਨ ਮਜ਼ਦੂਰ ਜਖ਼ਮੀ ਹੋਏ ਪਰ ਫਿਰ ਵੀ ਮਜ਼ਦੂਰ ਡਟੇ ਰਹੇ। 2000 ਤੋਂ ਵੱਧ ਮਜ਼ਦੂਰਾਂ ਵਾਲ਼ੀ ਇੱਕ ਇੰਜਨਿਅਰਿੰਗ ਫੈਕਟਰੀ ਨੇ ਹੜਤਾਲੀ ਮਜ਼ਦੂਰਾਂ ਨੂੰ ਬਾਹਰ ਜਾਣ ਤੋਂ ਰੋਕਣ ਲਈ ਬੁਲਾਈ ਗਈ ਪੁਲਿਸ ਅਤੇ ਹਥਿਆਰਬੰਦ ਵਿਸ਼ੇਸ਼ ਸੁਰੱਖਿਆ ਬਲਾਂ ਅਤੇ ਮਜ਼ਦੂਰਾਂ ਦਰਮਿਆਨ ਹੋਏ ਜ਼ਬਰਦਸਤ ਟਕਰਾਅ 'ਚ ਪੰਜਾਹ ਤੋਂ ਵੱਧ ਮਜ਼ਦੂਰ ਜ਼ਖ਼ਮੀ ਹੋ ਗਏ।

ਭਾਰਤ ਦੇ ਅਖ਼ਬਾਰਾਂ ਅਤੇ ਟੀਵੀ ਚੈਨਲਾਂ ਨੇ ਸੋਚੇ-ਸਮਝੇ ਤਰੀਕੇ ਨਾਲ਼ ਚੀਨ ਦੇ ਮਜ਼ਦੂਰਾਂ ਦੇ ਸੰਘਰਸ਼ ਦੀਆਂ ਇਨ੍ਹਾਂ ਖ਼ਬਰਾਂ ਦਾ ਪੂਰੀ ਤਰ੍ਹਾਂ ਬਲੈਕ ਆਊਟ ਕਰ ਰੱਖਿਆ ਹੈ, ਪਰ ਇੰਟਰਨੈੱਟ 'ਤੇ ਉਪਲੱਭਧ ਵਿਦੇਸ਼ੀ ਅਖ਼ਬਾਰ ਇਨ੍ਹਾਂ ਖਬਰਾਂ ਨਾਲ਼ ਭਰੇ ਹੋਏ ਹਨ। ਉਹਨਾਂ ਨਾਲ਼ ਪਤਾ ਲੱਗਦਾ ਹੈ ਕਿ ਇਹ ਲਹਿਰ ਹੁਣ ਚੀਨ ਦੀ ਮਜ਼ਦੂਰ ਲਹਿਰ 'ਚ ਇੱਕ ਨਵੇਂ ਉਭਾਰ ਦਾ ਰੂਪ ਲੈਂਦੀ ਜਾ ਰਹੀ ਹੈ।

ਕਈ ਵਰ੍ਹਿਆਂ ਤੋਂ ਲਗਾਤਾਰ ਵਧਦੀ ਮਜ਼ਦੂਰਾਂ ਦੀ ਬੇਚੈਨੀ

ਦਰਅਸਲ, ਚੀਨ ਦੇ ਸਨਅਤੀ ਇਲਾਕਿਆਂ 'ਚ ਮਜ਼ਦੂਰਾਂ ਦੀ ਬੇਚੈਨੀ ਪਿਛਲੇ ਕਈ ਵਰ੍ਹਿਆਂ ਤੋਂ ਲਗਾਤਾਰ ਵੱਧੀ

ਰਹੀ ਹੈ ਅਤੇ ਵਿੱਚ-ਵਿੱਚ ਇੱਥੇ-ਉੱਥੇ ਹੜਤਾਲਾਂ ਅਤੇ ਟਕਰਾਵਾਂ ਦੇ ਰੂਪ 'ਚ ਭੜਕ ਵੀ ਉੱਠਦੀ ਰਹੀ ਹੈ। 2008 'ਚ ਟੈਕਸੀ ਡਰਾਈਵਰਾਂ ਦੀ ਹੜਤਾਲ ਅਤੇ ਵਿਖਾਵੇ ਹੋਏ, ਜਿਨ੍ਹਾਂ ਨਾਲ਼ ਦਸ ਸ਼ਹਿਰ ਪ੍ਰਭਾਵਿਤ ਹੋਏ ਸਨ। ਗੁਆਂਗਦਾਂਗ ਸੂਬੇ ਦੇ ਕਿਰਤ ਵਿਭਾਗ ਅਨੁਸਾਰ ਇੱਥੇ 2008 'ਚ ਸਨਅਤੀ ਝੜਪਾਂ ਦੀ ਗਿਣਤੀ 'ਚ ਦੁੱਗਣਾ ਵਾਧਾ ਹੋਇਆ। ਚੀਨ 'ਚ 2006 'ਚ ਵੀ ਲਗਭਗ 90 ਹਜ਼ਾਰ ਵੱਡੀਆਂ ਹੜਤਾਲਾਂ ਅਤੇ ਸ਼ਹਿਰੀ ਅਤੇ ਪੇਂਡੂ ਵਿਖਾਵੇ ਹੋਏ ਸਨ, ਇਸ ਮਗਰੋਂ ਚੀਨ ਦੀ ਸਰਕਾਰ ਨੇ ਇਹ ਅੰਕੜੇ ਪ੍ਰਕਾਸ਼ਿਤ ਕਰਨੇ ਹੀ ਬੰਦ ਕਰ ਦਿੱਤੇ। ਹੜਤਾਲਾਂ ਦਾ ਕਾਫ਼ਲਾ 2009 ਤੋਂ ਕੁੱਝ ਮਹੀਨਿਆਂ ਤੱਕ ਰੁਕਿਆ ਰਿਹਾ, ਪਰ ਹੁਣ ਨਵੇਂ, ਪ੍ਰਚੰਡ ਵੇਗ ਨਾਲ਼ ਫਿਰ ਫੁੱਟ ਪਿਆ ਹੈ।

ਅੱਜ ਪੂਰੀ ਦੁਨੀਆ 'ਚ ਪੂੰਜੀਵਾਦੀ ਮੀਡੀਆ ਚੀਨ ਦੀ ਅਣਕਿਆਸੀ ਵਿਕਾਸ ਦਰ ਅਤੇ "ਬਜ਼ਾਰ ਸਮਾਜਵਾਦ" ਦੀਆਂ ਪ੍ਰਾਪਤੀਆਂ ਦਾ ਖ਼ੂਬ ਢੋਲ ਵਜਾ ਰਿਹਾ ਹੈ, ਪਰ ਉਹ ਇਸ ਤੱਥ ਨੂੰ ਜਿੱਥੋਂ ਤੱਕ ਹੋ ਸਕੇ ਨਜ਼ਰੋਂ ਓਹਲੇ ਕਰਨ ਦੀ ਕੋਸ਼ਿਸ ਕਰਦਾ ਹੈ ਕਿ ਇਹ ਵਿਕਾਸ-ਦਰ ਮਜ਼ਦੂਰਾਂ-ਕਿਸਾਨਾਂ ਦੀ ਭਿਅੰਕਰ ਬਦਹਾਲੀ, ਤਬਾਹੀ ਅਤੇ ਭੁੱਖਮਰੀ ਦੀ ਕੀਮਤ 'ਤੇ ਹਾਸਿਲ ਕੀਤੀ ਜਾ ਰਹੀ ਹੈ। ਇੱਕ ਪਾਸੇ ਜਿੱਥੇ ਚੀਨੀ ਸਮਾਜ 'ਚ ਅਰਬਪਤੀਆਂ ਅਤੇ ਕਰੋੜਪਤੀਆਂ ਦੀ ਗਿਣਤੀ ਤੇਜ਼ੀ ਨਾਲ਼ ਵਧ ਰਹੀ ਹੈ, ਉੱਥੇ ਫੈਕਟਰੀਆਂ ਦੇ ਮਜ਼ਦੂਰ ਅਤੇ ਕਮਿਊਨਾਂ ਦੀ ਸਮੂਹਿਕ ਖੇਤੀ ਦੇ ਢਾਂਚੇ ਦੇ ਟੁੱਟਣ ਤੋਂ ਉਜੜਨ ਵਾਲ਼ੇ ਕਿਸਾਨ ਬਿਲਕੁਲ ਹੇਠਲੀ ਕੋਟੀ ਦੇ ਉਜਰਤੀ ਗੁਲਾਮਾਂ ਦੀ ਜ਼ਿੰਦਗੀ ਬਸਰ ਕਰ ਰਹੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਲੈ ਕੇ ਭਾਜਪਾ ਤਕ ਵਿਕਾਸ ਦੇ ਚੀਨੀ ਮਾਡਲ ਦੀ ਤਾਰੀਫ਼ ਦੇ ਕਸੀਦੇ ਪੜ੍ਹਦੇ ਨਹੀਂ ਥੱਕਦੇ। ਮਨਮੋਹਨ ਸਿੰਘ ਤਾਂ ਅਕਸਰ ਦਿੱਲੀ ਅਤੇ ਮੁੰਬਈ ਨੂੰ ਸ਼ੰਘਾਈ ਅਤੇ ਬੀਜਿੰਗ ਬਣਾ ਦੇਣ ਦੀ ਗੱਲ ਕਿਹਾ ਕਰਦੇ ਹਨ। ਪਰ ਚੀਨ ਦੀ ਤਰੱਕੀ ਦੀ ਚਕਾਚੌਂਧ ਪਿਛਲੀ ਕਾਲ਼ੀ ਸੱਚਾਈ ਦੀ ਕੋਈ ਚਰਚਾ ਨਹੀਂ ਕਰਦਾ। ਚੀਨ ਦੀ ਇਹ ਸਾਰੀ ਤਰੱਕੀ ਕਰੋੜਾਂ ਮਜ਼ਦੂਰਾਂ ਦੀ ਬਰਬਰ ਲੁੱਟ ਅਤੇ ਦਾਬੇ 'ਤੇ ਟਿਕੀ ਹੋਈ ਹੈ। ਮਜ਼ਦੂਰਾਂ ਦਾ ਲਹੂ ਅਤੇ ਹੱਡੀਆਂ ਨਿਚੋੜ ਕੇ ਵਿਕਾਸ ਦੀ ਜਗਮਗਾਹਟ ਹੋ ਰਹੀ ਹੈ। ਪੰਜਾਹ ਕਰੋੜ ਤੋਂ ਵੱਧ ਚੀਨੀ ਮਜ਼ਦੂਰ ਬੇਹੱਦ ਘੱਟ ਉਜਰਤ 'ਤੇ 12-12 ਘੰਟੇ ਪਾਸ਼ਵਿਕ ਹੱਡ ਭੰਨਵੀ ਮਿਹਨਤ ਕਰਕੇ ਚੀਨ ਦੇ ਨਵੇਂ ਪੂੰਜੀਵਾਦੀ ਹਾਕਮਾਂ ਲਈ ਮੁਨਾਫ਼ਾ ਪੈਦਾ ਕਰ ਰਹੇ ਹਨ। ਦੁਨੀਆ ਭਰ ਦੇ ਸਰਮਾਏਦਾਰਾਂ ਨੂੰ ਸਸਤੀ ਕਿਰਤ ਦਾ ਲਾਲਚ ਦੇ ਕੇ ਚੀਨ ਨੇ ਆਪਣੇ ਇੱਥੇ ਫੈਕਟਰੀ ਲਗਾਉਣ ਲਈ ਬੁਲਾਵਾ ਦਿੱਤਾ ਹੈ ਅਤੇ ਮਗਰਲੇ ਦੋ ਦਹਾਕਿਆਂ ਦੌਰਾਨ ਚੀਨ ਦੇ ਫੈਲਦੇ ਸਨਅਤੀ ਇਲਾਕੇ ਦੁਨੀਆਂ ਦੀਆਂ ਲਗਭਗ ਸਭ ਤੋਂ ਵੱਡੀਆਂ ਕੰਪਨੀਆਂ ਦੇ ਕਾਰਖਾਨਿਆਂ ਨਾਲ਼ ਭਰ ਗਏ ਹਨ।

ਪਰਲ ਰਿਵਰ ਡੈਲਟਾ, ਜਿੱਥੇ ਪਿੱਛੇ ਜਿਹੇ ਸਭ ਤੋਂ ਵੱਧ ਹੜਤਾਲਾਂ ਹੋਈਆਂ ਹਨ, ਅਜਿਹਾ ਹੀ ਇੱਕ ਇਲਾਕਾ ਹੈ। ਹਾਂਗਕਾਂਗ ਵਿਸ਼ੇਸ਼ ਆਰਥਿਕ ਖੇਤਰ ਅਤੇ ਗੁਆਂਗਡਾਓ ਬੰਦਰਗਾਹ ਦਰਮਿਆਨ ਫੈਲੇ ਇਸ ਇਲਾਕੇ 'ਚ ਕਰੀਬ 12 ਕਰੋੜ ਮਜ਼ਦੂਰ ਰਹਿੰਦੇ ਹਨ। ਸੜਕਾਂ ਦੇ ਕਿਨਾਰੇ-ਕਿਨਾਰੇ ਫੈਕਟਰੀਆਂ ਦੀ ਕਤਾਰ ਹੈ। ਸੜਕ ਦੇ ਦੂਜੇ ਪਾਸੇ ਤਿੰਨ ਤੋਂ ਛੇ ਮੰਜਲਾ ਇਮਾਰਤਾਂ ਹਨ ਜਿਨ੍ਹਾਂ ਦੇ ਛੋਟੇ-ਛੋਟੇ ਕਮਰਿਆਂ 'ਚ ਮਜ਼ਦੂਰ ਰਹਿੰਦੇ ਹਨ। ਇਸ ਇਲਾਕੇ 'ਚ ਸੈਂਕੜੇ ਕਿਲੋਮੀਟਰ ਤੱਕ ਇਹੀ ਦ੍ਰਿਸ਼ ਵਿਖਾਈ ਦਿੰਦਾ ਹੈ। ਇਹ ਜ਼ਿਆਦਾਤਰ ਅਜਿਹੇ ਕਾਰਖ਼ਾਨੇ ਹਨ ਜਿਹੜੇ ਐਕਸਪੋਰਟ ਲਈ ਜਿਣਸਾਂ ਪੈਦਾ ਕਰਦੇ ਹਨ ਜਾਂ ਵਿਦੇਸ਼ੀ ਕੰਪਨੀਆਂ ਦੇ ਸਪਲਾਇਰ ਹਨ। ਜ਼ਿਆਦਾਤਰ ਮਜ਼ਦੂਰ ਚੀਨ ਦੇ ਪਿੰਡਾਂ ਤੋਂ ਉਜੜ ਕੇ ਆਏ ਕਿਸਾਨਾਂ ਦੇ ਬੇਟੇ-ਬੇਟੀਆਂ ਹਨ ਜਿਹੜੇ ਦਿਨ-ਰਾਤ ਹੱਡ ਭੰਨਵਾ ਕੇ ਬਸ ਇੰਨਾ ਕਮਾ ਸਕਦੇ ਹਨ ਕਿ ਖੁਦ ਪਸ਼ੂਆਂ ਦੀ ਤਰ੍ਹਾਂ ਜਿਉਂਦੇ ਹੋਏ ਕੁੱਝ ਪੈਸੇ ਬਚਾ ਕੇ ਪਿੰਡਾਂ 'ਚ ਆਪਣੇ ਪਰਿਵਾਰਾਂ ਨੂੰ ਭੇਜ ਸਕਣ।

ਮਜ਼ਦੂਰਾਂ ਲਈ ਬਣਾਏ ਗਏ ਰੈਣ੍ਹ-ਬਸੇਰੇ ਅਤੇ ਅਪਾਰਟਮੈਂਟ ਬੇਹੱਦ ਭੱਦੇ ਅਤੇ ਗੰਦੇ ਦਿਖਦੇ ਹਨ। ਰੈਣ੍ਹ-ਬਸੇਰੇ ਦੇ ਇੱਕ ਕਮਰੇ 'ਚ ਛੇ-ਸੱਤ ਤੋਂ ਲੈ ਕੇ 12 ਮਜ਼ਦੂਰ ਤੱਕ ਰਹਿੰਦੇ ਹਨ। ਇਸਦੀ ਵਜ੍ਹਾ ਨਾਲ਼ ਕਮਰੇ 'ਚ ਇੰਨਾ ਘਸਮਾਣ ਅਤੇ ਸ਼ੋਰ-ਸ਼ਰਾਬਾ ਹੁੰਦਾ ਹੈ ਕਿ ਤੇਰ੍ਹਾਂ-ਚੌਦਾਂ ਘੰਟੇ ਹੱਡ-ਭੰਨਵੀ ਕਿਰਤ ਮਗਰੋਂ ਮਜ਼ਦੂਰ ਠੀਕ ਤਰ੍ਹਾਂ ਸੌਂ ਵੀ ਨਹੀਂ ਸਕਦੇ ਹਨ। ਨਾ ਤਾਂ ਉਹ ਆਪਣੇ ਕਮਰੇ 'ਚ ਖਾਣਾ ਬਣਾ ਸਕਦੇ ਹਨ ਅਤੇ ਨਾ ਹੀ ਖਾਣਾ ਗਰਮ ਕਰ ਸਕਦੇ ਹਨ। ਕਿਸੇ ਬਾਹਰੀ ਵਿਅਕਤੀ ਨੂੰ ਰੈਣ੍ਹ-ਬਸੇਰਿਆਂ 'ਚ ਆਉਣ ਦੀ ਆਗਿਆ ਨਹੀਂ ਹੈ, ਭਾਵੇਂ ਉਹ ਮਜ਼ਦੂਰਾਂ ਦੇ ਸਕੇ-ਸਬੰਧੀ ਹੀ ਕਿਉਂ ਨਾ ਹੋਣ। ਫ਼ਾਕਸਕਾਨ 'ਚ ਕੰਮ ਕਰਨ ਵਾਲ਼ੇ ਜ਼ਿਆਦਾਤਰ ਮਜ਼ਦੂਰ ਅਜਿਹੇ ਹੀ ਰੈਣ੍ਹ-ਬਸੇਰਿਆਂ 'ਚ ਦਿਨ ਕਟੀ ਕਰਦੇ ਹਨ। ਕੰਮ ਦੇ ਭਿਆਨਕ ਦਬਾਅ ਕਰਕੇ ਮਜ਼ਦੂਰ ਇੱਕ ਕਾਰਖਾਨੇ 'ਚ ਤਿੰਨ-ਚਾਰ ਮਹੀਨੇ ਤੋਂ ਵੱਧ ਨਹੀਂ ਟਿਕਦੇ। ਦੂਜੇ, ਲਗਾਤਾਰ 12-12 ਘੰਟਿਆਂ ਦੀਆਂ ਸ਼ਿਫ਼ਟਾਂ 'ਚ ਰਾਤ-ਦਿਨ, ਹਫ਼ਤਿਆਂ 'ਚ ਸੱਤੇ ਦਿਨ, ਕੰਮ ਕਰਨ ਦੀ ਵਜ੍ਹਾ ਨਾਲ਼ ਇੱਕ ਹੀ ਕਮਰੇ 'ਚ ਰਹਿਣ ਵਾਲੇ ਮਜ਼ਦੂਰਾਂ ਦੀ ਇੱਕ-ਦੂਜੇ ਨਾਲ਼ ਚੰਗੀ ਤਰ੍ਹਾਂ ਜਾਣ-ਪਛਾਣ ਵੀ ਨਹੀਂ ਹੁੰਦੀ। ਕਾਰਖਾਨਿਆਂ 'ਚ ਮਜ਼ਦੂਰਾਂ ਦੇ ਆਪਸ 'ਚ ਗੱਲ ਕਰਨ 'ਤੇ ਵੀ ਪਾਬੰਦੀ ਹੁੰਦੀ ਹੈ ਅਤੇ ਗੱਲ ਕਰਨ ਜਾਂ ਹਾਸਾ ਮਜ਼ਾਕ ਕਰਦੇ ਫੜੇ ਜਾਣ 'ਤੇ ਭਾਰੀ ਜੁਰਮਾਨਾ ਲਗਾਇਆ ਜਾਂਦਾ ਹੈ। ਇੱਕ ਦਿਨ ਛੁੱਟੀ ਲੈਣ 'ਤੇ ਇੱਕ ਦਿਨ ਦੇ ਪੈਸੇ ਕੱਟ ਲਏ ਜਾਂਦੇ ਹਨ। ਅਜਿਹੇ ਹਾਲ 'ਚ ਮਜ਼ਦੂਰ ਬੇਹੱਦ ਇਕਹਰੇਪਣ ਦਾ ਸ਼ਿਕਾਰ ਹੁੰਦੇ ਹਨ। ਉੱਤੋਂ ਲਗਾਤਾਰ ਬੇਹੱਦ ਨੀਰਸ ਅਤੇ ਅਕਾਊ ਕੰਮ ਕਰਦੇ-ਕਰਦੇ ਉਹ ਡੂੰਘੀ ਮਾਨਸਿਕ ਥਕਾਵਟ ਅਤੇ ਨਿਰਾਸ਼ਾ ਦੇ ਸ਼ਿਕਾਰ ਹੋ ਜਾਂਦੇ ਹਨ ਜਿਹੜੀ ਅਕਸਰ ਮਾਨਸਿਕ ਬਿਮਾਰੀ ਦਾ ਰੂਪ ਲੈ ਲੈਂਦੀ ਹੈ।

ਲਗਾਤਾਰ ਤੇਰ੍ਹਾਂ-ਚੌਦਾਂ ਘੰਟੇ ਕੰਮ ਕਰਨ ਮਗਰੋਂ ਵੀ ਮਜ਼ਦੂਰਾਂ ਦੀ ਘੱਟੋ-ਘੱਟ ਉਜਰਤ ਸਿਰਫ਼ 1000 ਯੁਆਨ ਤੱਕ ਹੋ ਸਕਦੀ ਹੈ, ਜਿਸ 'ਚ ਓਵਰਟਾਇਮ ਸ਼ਾਮਿਲ ਹੈ। ਨਾਂਹ-ਨੁਕਰ ਕੀਤੇ ਬਿਨਾ ਇਸ ਲੁੱਟ ਦੀ ਚੱਕੀ 'ਚ ਪਿਸਣ ਲਈ ਪਹਿਲੀ ਭਰਤੀ ਸਮੇਂ ਮਜ਼ਦੂਰਾਂ ਨੂੰ ਵਿਸ਼ੇਸ਼ ਟਰੇਨਿੰਗ ਦਿੱਤੀ ਜਾਂਦੀ ਹੈ, ਜਿਸਨੂੰ ਸੁਪਰਵਾਈਜ਼ਰਾਂ ਦੀ ਭਾਸ਼ਾ 'ਚ "ਫ਼ੌਜੀ ਟਰੇਨਿੰਗ" ਕਿਹਾ ਜਾਂਦਾ ਹੈ। ਇਸਦਾ ਉਦੇਸ਼ ਸਾਫ਼ ਤੌਰ 'ਤੇ ਨਵੇਂ "ਰੰਗਰੂਟਾਂ" ਨੂੰ ਸਨਅਤੀ

ਅਨੁਸ਼ਾਸਨ ਲਈ ਤਿਆਰ ਕਰਨਾ ਹੁੰਦਾ ਹੈ। ਫਾਕਸਕਾਨ ਜਿਹੀਆਂ ਵੱਡੀਆਂ ਕੰਪਨੀਆਂ ਤੋਂ ਇਲਾਵਾ ਛੋਟੀਆਂ-ਛੋਟੀਆਂ ਕੰਪਨੀਆਂ 'ਚ ਤਾਂ ਕੰਮ ਦੇ ਹਾਲਤ ਹੋਰ ਵੀ ਭਿਆਨਕ ਹਨ।

ਇਨ੍ਹਾਂ ਮਜ਼ਦੂਰਾਂ 'ਚ ਕਰੀਬ 90 ਫ਼ੀਸਦੀ ਉਹ ਨੌਜਵਾਨ ਹਨ, ਜਿਹੜੇ ਪੂੰਜੀ ਦੀ ਮਾਰ ਨਾਲ਼ ਰਵਾਇਤੀ ਖੇਤੀ ਦੀ ਤਬਾਹੀ ਅਤੇ ਅਤਿ ਆਧੁਨਿਕ ਟੈਕਨੋਲਾਜੀ, ਮਸ਼ੀਨਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨਾਲ਼ ਫ਼ਾਰਮ ਹਾਊਸ ਖੇਤੀ ਦੀ ਵਧਦੀ ਉਤਪਾਦਕਤਾ ਅਤੇ ਕਿਰਤ ਦੀ ਘਟਦੀ ਮੰਗ ਕਾਰਣ ਪੇਂਡੂ ਇਲਾਕਿਆਂ 'ਚੋਂ ਨਿਕਲਣ ਲਈ ਮਜ਼ਬੂਤ ਹੋਏ ਹਨ ਅਤੇ ਸ਼ਹਿਰਾਂ ਦਾ ਰੁਖ਼ ਕਰ ਚੁੱਕੀ 20 ਕਰੋੜ ਤੋਂ ਵੱਧ ਵਸੋਂ ਦਾ ਹਿੱਸਾ ਹਨ। ਇਹ ਉਸਾਰੀ ਕਾਰਜਾਂ, ਨਵੀਆਂ ਨਿਰਯਾਤ-ਮੁਖੀ ਫ਼ੈਕਟਰੀਆਂ ਜਾਂ ਹੋਰ ਸਭ ਤੋਂ ਖ਼ਤਰਨਾਕ ਅਤੇ ਗੰਦੇ ਕੰਮਾਂ 'ਚ ਰੁਜ਼ਗਾਰ ਤਲਾਸ਼ ਕਰਦੇ ਹਨ ਜਿੱਥੇ ਉਹਨਾਂ ਨੂੰ ਬੁਨਿਆਦੀ ਅਧਿਕਾਰ ਵੀ ਹਾਸਿਲ ਨਹੀਂ ਹੁੰਦੇ। ਮਜ਼ਦੂਰਾਂ ਨੂੰ ਕਾਗਜ਼ 'ਤੇ ਕੁੱਝ ਕਾਨੂੰਨੀ ਹੱਕ ਮਿਲੇ ਹੋਏ ਹਨ। ਪਰ ਉਹ ਕਿਸੇ ਇੱਕ ਕੰਪਨੀ 'ਚ ਲਗਾਤਾਰ ਦਸ ਵਰ੍ਹੇ ਤੱਕ ਕੰਮ ਕਰਨ ਮਗਰੋਂ ਹੀ ਲਾਗੂ ਹੁੰਦੇ ਹਨ। ਉਸ 'ਤੇ ਵੀ ਜੇ ਮਜ਼ਦੂਰ ਅਸਲ 'ਚ ਬੀਮਾ, ਇਲਾਜ, ਪੈਨਸ਼ਨ ਜਾਂ ਕੰਮ ਨਹੀਂ ਹੋਣ 'ਤੇ ਉਜਰਤ ਦੇ ਕੁੱਝ ਹਿੱਸੇ ਦੇ ਕਾਨੂੰਨੀ ਹੱਕ ਦਾ ਦਾਵਾ ਕਰਦੇ ਹਨ, ਉਹਨਾਂ ਨੂੰ ਅਕਸਰ ਕੱਢ ਬਾਹਰ ਕੀਤਾ ਜਾਂਦਾ ਹੈ। ਬਹੁਤ ਵਾਰੀ, ਮਜ਼ਦੂਰਾਂ ਨੂੰ ਨੌਂ ਸਾਲ ਜਾਂ ਉਸ ਤੋਂ ਘੱਟ ਸਮੇਂ 'ਚ ਹੀ ਕੰਪਨੀ ਤੋਂ ਕੱਢ ਦਿੱਤਾ ਜਾਂਦਾ ਹੈ, ਤਾਂ ਕਿ ਦਸ ਵਰ੍ਹੇ ਮਗਰੋਂ ਮਿਲਣ ਵਾਲ਼ੇ ਕਾਨੂੰਨੀ ਹੱਕਾਂ ਦਾ ਝਮੇਲਾ ਵੀ ਨਾ ਰਹੇ। ਕਹਿਣ ਲਈ ਸੱਤਾ 'ਤੇ ਕਾਬਜ਼ ਕਮਿਊਨਿਸਟ ਪਾਰਟੀ ਨਾਲ਼ ਜੁੜੀ ਆਲ ਚਾਇਨਾ ਫੈਡਰੇਸ਼ਨ ਆਫ਼ ਟਰੇਡ ਯੂਨੀਅਨਜ਼ ਦੀਆਂ ਸ਼ਾਖ਼ਾਵਾਂ ਫ਼ੈਕਟਰੀਆਂ 'ਚ ਮੌਜੂਦ ਹਨ, ਪਰ ਇਨ੍ਹਾਂ 'ਚ ਮਜ਼ਦੂਰਾਂ ਦੀ ਬਜਾਏ ਮੈਨੇਜਮੈਂਟ ਰਾਹੀਂ ਚੁਣੇ ਗਏ ਪ੍ਰਤੀਨਿਧੀ ਹੁੰਦੇ ਹਨ।

ਪਰ ਹੁਣ ਹਾਲਾਤ ਬਦਲ ਰਹੇ ਹਨ। ਚੀਨ ਦੇ ਨੌਜਵਾਨ ਮਜ਼ਦੂਰ ਹੁਣ ਚੁੱਪਚਾਪ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਨ। ਭਾਰਤ ਵਾਂਗੂੰ ਹੀ ਅੱਜ ਚੀਨ ਦੇ ਮਜ਼ਦੂਰਾਂ 'ਚ ਕਰੀਬ 80 ਪ੍ਰਤੀਸ਼ਤ 19 ਤੋਂ 24 ਸਾਲ ਦੀ ਉਮਰ ਦੇ ਹਨ ਅਤੇ ਉਹਨਾਂ ਦੇ ਬਾਗੀ ਤੇਵਰਾਂ ਨੂੰ ਉਹਨਾਂ ਦੀ ਵਧਦੀ ਗਿਣਤੀ ਨਾਲ਼ ਜ਼ੋਰ ਮਿਲ ਰਿਹਾ ਹੈ। ਮਜ਼ਦੂਰ ਆਪਣੀਆਂ ਅਜ਼ਾਦਾਨਾ ਯੂਨੀਅਨਾਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੈਨੇਜਮੈਂਟ ਅਤੇ ਪਾਰਟੀ ਨੌਕਰਸ਼ਾਹਾਂ ਰਾਹੀਂ ਡਰਾਉਣ ਧਮਕਾਉਣ ਅਤੇ ਦਬਾਉਣ ਦੇ ਯਤਨਾਂ ਦੇ ਬਾਵਜੂਦ ਮਜ਼ਦੂਰ ਆਪਣੀ ਜੁਝਾਰੂ ਯੂਨੀਅਨ ਦੇ ਮਹੱਤਵ ਨੂੰ ਸਮਝ ਰਹੇ ਹਨ ਅਤੇ ਉਸ ਲਈ ਲੜ ਰਹੇ ਹਨ।

ਇੰਨਾ ਤਾਂ ਸਪਸ਼ਟ ਹੋ ਗਿਆ ਹੈ ਕਿ ਚੀਨ ਦੇ ਕਿਰਤੀ ਲੋਕ ਆਪਣੀ ਮਾੜੀ ਹਾਲਤ ਨੂੰ ਕਿਸਮਤ ਮੰਨ ਕੇ ਝੱਲਦੇ ਰਹਿਣ ਲਈ ਹੁਣ ਕਦੇ ਤਿਆਰ ਨਹੀਂ ਹਨ। ਪੂੰਜੀਵਾਦ ਦੀ ਮੁੜ ਬਹਾਲੀ ਮਗਰੋਂ ਚੀਨ 'ਚ ਤੇਜ਼ੀ ਨਾਲ਼ ਵਧਦਾ ਜਮਾਤੀ ਧਰੁਵੀਕਰਣ ਇੱਥੇ-ਉੱਥੇ ਸਥਾਨਕ ਅਤੇ ਇਲਾਕਾਈ ਪੱਧਰਾਂ 'ਤੇ ਜਮਾਤੀ ਸੰਘਰਸ਼ਾਂ ਦੇ ਰੂਪ 'ਚ ਲਗਾਤਾਰ ਫੁੱਟਦਾ ਰਿਹਾ ਹੈ। ਇਹ ਕਾਫ਼ਲਾ ਹੁਣ ਲਗਾਤਾਰ ਵਿਆਪਕ ਅਤੇ ਡੂੰਘਾ ਹੁੰਦਾ ਜਾ ਰਿਹਾ ਹੈ। ਇਸ ਨਾਲੋਂ ਵੀ ਮਹੱਤਵਪੂਰਣ ਗੱਲ ਇਹ ਹੈ ਕਿ ਇਸ ਜਮਾਤੀ ਸੰਘਰਸ਼ ਨੂੰ ਦਿਸ਼ਾ ਦੇਣ ਵਾਲ਼ੀ ਵਿਚਾਰਧਾਰਾ ਅਤੇ ਅੰਤਰਮੁਖੀ ਤਾਕਤਾਂ ਵੀ, ਭਾਵੇਂ ਖਿੰਡਵੇਂ ਰੂਪ 'ਚ ਹੀ ਸਹੀ, ਪਰ ਦ੍ਰਿਸ਼ਟੀ ਪਟਲ 'ਤੇ ਮੌਜੂਦ ਹਨ। ਹਾਲਤਾਂ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੇ ਅੰਤਮ ਵਰ੍ਹਿਆਂ ਦੌਰਾਨ ਕੀਤੀ ਗਈ ਮਾਓ ਦੀ ਇਸ ਭਵਿੱਖਬਾਣੀ ਨੂੰ ਸੱਚਾ ਸਾਬਤ ਕਰ ਰਹੀਆਂ ਹਨ ਕਿ "ਚੀਨ 'ਚ ਜੇਕਰ ਪੂੰਜੀਵਾਦੀ ਮਾਰਗੀਏ ਪੂੰਜੀਵਾਦ ਦੀ ਮੁੜਬਹਾਲੀ 'ਚ ਸਫ਼ਲ ਹੋ ਵੀ ਗਏ ਤਾਂ ਉਹ ਕਦੇ ਚੈਨ ਨਾਲ਼ ਕੁਰਸੀ 'ਤੇ ਨਹੀਂ ਬੈਠ ਸਕਣਗੇ।" ਦਸਾਂ ਵਰ੍ਹਿਆਂ ਤੱਕ ਚੱਲਣ ਵਾਲ਼ੇ ਚੀਨ ਦੇ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਨੇ ਚੀਨ ਦੇ ਕਿਰਤੀ ਲੋਕਾਂ ਨੂੰ ਸਮਾਜਵਾਦੀ ਸਮਾਜ ਦੀ ਲੰਮੀ ਸੰਕਰਮਣਸ਼ੀਲ ਪ੍ਰਕ੍ਰਿਤੀ, ਉਸ 'ਚ ਜਾਰੀ ਜਮਾਤੀ-ਸੰਘਰਸ਼ ਦੀ ਦਿਸ਼ਾ, ਪਾਰਟੀ ਅਤੇ ਰਾਜ 'ਚ ਪੂੰਜੀਵਾਦੀ ਮਾਰਗੀਆਂ ਦੀ ਮੌਜੂਦਗੀ ਅਤੇ ਪੂੰਜੀਵਾਦੀ ਮੁੜਬਹਾਲੀ ਦੇ ਲੰਮੇ ਸਮੇਂ ਤੱਕ ਮੌਜੂਦ ਰਹਿਣ ਵਾਲ਼ੇ ਖਤਰੇ ਬਾਰੇ ਡੂੰਘਾਈ ਨਾਲ਼ ਸਿੱਖਿਅਤ ਕੀਤਾ ਸੀ ਅਤੇ ਇਹ ਸਪਸ਼ਟ ਦੱਸਿਆ ਸੀ ਕਿ ਚੀਨ 'ਚ ਜੇਕਰ ਪੂੰਜੀਵਾਦੀ ਮੁੜਬਹਾਲੀ ਹੋ ਜਾਂਦੀ ਹੈ ਤਾਂ ਚੀਨੀ ਲੋਕਾਂ ਨੂੰ ਬਿਨਾਂ ਦੇਰੀ ਦੇ ਪੂੰਜੀਵਾਦੀ ਮਾਰਗੀਆਂ ਵਿਰੁੱਧ ਸੰਘਰਸ਼ ਛੇੜ ਦੇਣਾ ਚਾਹੀਦਾ ਹੈ। ਹੁਣ ਹਾਲਾਤ ਦੱਸ ਰਹੇ ਹਨ ਕਿ ਚੀਨੀ ਲੋਕਾਂ ਨੇ ਸੱਭਿਆਚਾਰਕ ਇਨਕਲਾਬ ਦੀ ਸਿੱਖਿਆ ਨੂੰ ਭੁਲਾਇਆ ਕਦੇ ਵੀ ਨਹੀਂ ਸੀ।

ਚੀਨ ਦੇ ਮਜ਼ਦੂਰ ਸੰਘਰਸ਼ਾਂ ਦੀ ਇਹ ਲਹਿਰ ਜੇਕਰ ਕੁੱਝ ਅੰਸ਼ਕ ਸਫ਼ਲਤਾਵਾਂ ਹਾਸਿਲ ਕਰਨ ਮਗਰੋਂ ਦਬਾ ਵੀ ਦਿੱਤੀ ਜਾਵੇ, ਤਾਂ ਵੀ ਇੰਨਾ ਤੈਅ ਹੈ ਕਿ ਚੀਨੀ ਮਜ਼ਦੂਰ ਹੁਣ ਜਾਗ ਉੱਠਿਆ ਹੈ ਅਤੇ ਕਮਿਊਨਿਜ਼ਮ ਦੇ ਨਾਮ 'ਤੇ ਜਾਰੀ ਪੂੰਜੀਵਾਦੀ ਤਾਨਾਸ਼ਾਹੀ ਦੇ ਨੰਗੇਨਾਚ ਨੂੰ ਹੋਰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹੈ। ਚੀਨੀ ਹਾਕਮਾਂ ਦੀਆਂ ਸਾਰੀਆਂ ਲੱਫ਼ਾਜ਼ੀਆਂ ਦੇ ਬਾਵਜੂਦ ਉਹਨਾਂ ਦੇ ਅਸਲੀ ਚਿਹਰੇ ਨੂੰ ਹੁਣ ਉਹ ਪਛਾਣ ਚੁੱਕਾ ਹੈ। ਆਉਣ ਵਾਲ਼ੇ ਵਰ੍ਹੇ ਚੀਨ 'ਚ ਮਜ਼ਦੂਰ ਲਹਿਰ ਦੇ ਜ਼ਬਰਦਸਤ ਉਭਾਰ ਦੇ ਗਵਾਹ ਬਣਨਗੇ ਅਤੇ ਇਸਦਾ ਅਸਰ ਪੂਰੇ ਸੰਸਾਰ ਦੇ ਪੂੰਜੀਵਾਦੀ ਢਾਂਚੇ ਨੂੰ ਹਿਲਾ ਕੇ ਰੱਖ ਦੇਵੇਗਾ। ਅਜਿਹਾ ਹੋਣਾ ਹੀ ਹੈ।

*****



ਅਸੀਂ ਨੌਜਵਾਨਾਂ ਨੂੰ ਬੰਬ ਅਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ। ...ਫੈਕਟਰੀਆਂ ਵਿੱਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ, ਝੁੱਗੀਆਂ ਤੇ ਪੇਂਡੂ ਝੌਂਪੜੀਆਂ ਵਿੱਚ ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ, ਦੇਸ਼ ਦੇ ਹਰ ਕੋਨੇ ਵਿੱਚ ਪਹੁੰਚਾਣਾ ਹੈ। ਉਸ ਇਨਕਲਾਬ ਦਾ ਸੁਨੇਹਾ ਜਿਹੜਾ ਕਿ ਉਹ ਆਜ਼ਾਦੀ ਲਿਆਵੇਗਾ-ਜਿਸ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਅਸੰਭਵ ਹੋ ਜਾਵੇਗੀ।

ਟਿੱਪਣੀਆਂ

ਜੂਝਦੇ ਜੁਝਾਰ ਲੋਕ

ਗਰੀਬੀ ਦੇ ਖਿਲਾਫ਼ ਗਰੀਬਾਂ ਦੀ ਬਗਾਵਤ

ਡਾ. ਪਰਮਿੰਦਰ

ਪਿਛਲੇ ਦਿਨੀਂ ਲਾਤੀਨੀ ਅਮਰੀਕਾ ਦੇ ਇੱਕ ਦੇਸ਼ ਬੋਲੀਵੀਆ ਦੇ ਦੱਖਣੀ-ਪੂਰਬੀ ਇਲਾਕੇ 'ਚ ਸਥਿਤ ਸ਼ਹਿਰ ਪੋਟੋਸੀ ਵਿੱਚ ਵਿਆਪਕ ਅਤੇ ਲੰਮੀ ਹੜਤਾਲ ਹੋਈ। ਭਾਵੇਂ ਹੜਤਾਲ ਦਾ ਸਮਾਂ 48 ਘੰਟੇ ਮਿੱਥਿਆ ਗਿਆ ਸੀ ਪਰ ਸਰਕਾਰ ਦਾ ਹੜਤਾਲ ਦੇ ਪ੍ਰਤੀ ਨਕਾਰਾਤਮਕ ਰੁੱਖ ਵੇਖਦੇ ਹੋਏ ਆਮ ਲੋਕਾਂ ਦਾ ਗੁੱਸਾ ਹੋਰ ਵੱਧ ਗਿਆ ਤੇ ਹੜਤਾਲ ਨੇ ਬਗਾਵਤ ਦਾ ਰੂਪ ਧਾਰ ਲਿਆ ਤੇ ਇਹ ਪੂਰੇ 18 ਦਿਨ ਤੱਕ ਚੱਲੀ। 1.6 ਲੱਖ ਦੀ ਆਬਾਦੀ ਵਾਲੇ ਇਸ ਸ਼ਹਿਰ, ਜੋ ਕਿ ਲਾ. ਪਾਜ. ਦੀ ਰਾਜਧਾਨੀ ਵਜੋਂ ਜਾਣਿਆ ਜਾਂਦਾ ਹੈ, ਵਿੱਚ ਇਹਨਾਂ 18 ਦਿਨਾਂ ਦੌਰਾਨ ਲਗਭਗ 1 ਲੱਖ ਲੋਕਾਂ ਨੇ ਧਰਨੇ ਮੁਜ਼ਾਹਰਿਆ 'ਚ ਹਿਸਾ ਲਿਆ। ਹੜਤਾਲ ਵਿੱਚ, ਕੋਇਲਾ ਖਾਣਾਂ ਵਿੱਚ ਕੰਮ ਕਰਦੇ ਮਜ਼ਦੂਰਾਂ, ਜਿਹਨਾਂ ਦੀ ਕੁੱਝ ਹੱਦ ਤੱਕ ਫੈਸਲਾਕੁੰਨ ਭੂਮਿਕਾ ਰਹੀ, ਦੇ ਨਾਲ਼ ਕਿਸਾਨਾਂ, ਸ਼ਹਿਰੀ ਗਰੀਬਾਂ, ਸ਼ਹਿਰੀ ਕਰਮਚਾਰੀਆਂ, ਵਿਦਿਆਰਥੀਆਂ, ਪ੍ਰੋਫੈਸਰਾਂ, ਕਲਾਕਾਰਾਂ, ਬੁੱਧੀਜੀਵੀਆਂ ਅਤੇ ਖਿਡਾਰੀਆਂ ਤੱਕ ਨੇ ਹਿੱਸਾ ਲਿਆ।

ਹੜਤਾਲ ਕਾਰਨ ਸਾਰਾ ਸ਼ਹਿਰ ਬੰਦ ਰਿਹਾ। ਆਵਾਜਾਈ ਠੱਪ। ਸਕੂਲਾਂ ਕਾਲਜਾਂ ਦਫ਼ਤਰਾਂ ਤੋਂ ਲੈ ਕੇ ਬੈਂਕ, ਸਟੋਰ, ਬਾਜ਼ਾਰ ਆਦਿ ਸਭ ਨੂੰ ਤਾਲਾ ਲੱਗਿਆ ਰਿਹਾ। ਥਾਂ-ਥਾਂ ਤੇ ਨੀਲੇ ਰੰਗ ਦੇ ਟੈਂਟ ਲਗਾਏ ਗਏ ਜਿਹਨਾਂ ਵਿੱਚ ਭੁੱਖ ਹੜਤਾਲੀਆਂ ਨੂੰ ਪਨਾਹ ਦਿੱਤੀ ਗਈ। ਨਾਲ਼ ਲੱਗਦੇ ਪਿੰਡਾਂ ਦੇ ਕਿਸਾਨਾਂ ਨੇ ਇੱਕ ਬਿਜਲੀ ਘਰ 'ਤੇ ਕਬਜ਼ਾ ਕਰ ਲਿਆ ਜਿਹੜਾ ਕਿ ਜਾਪਾਨੀ ਬਹੁ-ਕੌਮੀ ਕੰਪਨੀ ਦੀ ਖਾਣ 'ਸੈਨ ਕ੍ਰਿਸਟੋਬਾਲ' ਨੂੰ ਬਿਜਲੀ ਸਪਲਾਈ ਕਰਦਾ ਸੀ। ਜਿਕਰਯੋਗ ਹੈ ਕਿ ਸੈਨ ਕ੍ਰਿਸਟੋਬਾਲ ਇਲਾਕੇ ਦੀ ਸਭ ਤੋਂ ਵੱਡੀ ਖਾਣ ਹੈ। ਹੜਤਾਲ ਕਾਰਨ ਖਾਣ ਮਾਲਕਾਂ ਨੂੰ ਲਗਭਗ 20 ਲੱਖ ਡਾਲਰ ਰੋਜ਼ਾਨਾ ਦਾ ਨੁਕਸਾਨ ਹੋਇਆ। ਵਿੱਤ ਮੰਤਰੀ ਲੁਇਸ ਟੇਸ ਦਾ ਬਿਆਨ ਆਇਆ "ਇਹ ਘਟਨਾ ਲਾਜ਼ਮੀ ਤੌਰ 'ਤੇ 'ਕੁੱਲ ਘਰੇਲੂ ਉਤਪਾਦ' ਤੇ ਗਹਿਰਾ ਪ੍ਰਭਾਵ ਛੱਡੇਗੀ।"

ਵਿਰੋਧ ਵਿਖਾਵੇ 30 ਜੁਲਾਈ ਨੂੰ 6 ਮੁੱਖ ਮੰਗਾਂ ਨੂੰ ਤੋਂ ਸ਼ੁਰੂ ਹੋਏ, ਇਹ ਮੰਗਾਂ 2009 ਵਿੱਚ ਹੀ ਪੋਟੋਸੀ ਦੀ ਸਿਵਿਕ ਕਮੇਟੀ ਨੇ ਮੋਰੇਲਜ਼ ਦੀ ਸਰਕਾਰ ਅੱਗੇ ਰੱਖੀਆਂ ਸਨ। ਜ਼ਿਕਰਯੋਗ ਹੈ ਕਿ ਮੋਰੇਲਜ਼ ਨੂੰ ਚੋਣਾਂ ਦੌਰਾਨ ਇਸ ਇਲਾਕੇ 'ਚੋਂ 80 ਫੀਸਦੀ ਵੋਟ ਸਮਰਥਨ ਮਿਲਿਆ ਸੀ। ਹੁਣ ਇਸੇ ਇਲਾਕੇ ਦੇ ਕਿਰਤੀ ਮੋਰੇਲਜ਼ ਦੀ ਅਖੌਤੀ ਖੱਬੇ ਪੱਖੀ ਸਰਕਾਰ ਵਿਰੁੱਧ ਉੱਠ ਖੜੇ ਹਨ, ਕਿਉਂਕਿ ਉਸਨੇ ਚੋਣਾਂ 'ਚ ਜੋ ਲੋਕਾਂ ਨਾਲ਼ ਵਾਅਦੇ ਕੀਤੇ ਸਨ, ਉਹਨਾਂ ਤੋਂ ਭੱਜ ਗਿਆ ਅਤੇ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਤਹਿਤ ਨਵ-ਉਦਾਰਵਾਦੀ ਨੀਤੀਆਂ ਨੂੰ ਜਾਰੀ ਰੱਖਿਆ ਤੇ ਦੇਸ਼ ਦੇ ਕੁਦਰਤੀ ਮਾਲ ਖਜ਼ਾਨਿਆਂ ਦੀ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੁਆਰਾ ਦੋਹੀਂ ਹੱਥੀ ਲੁੱਟ ਦੇ ਦਰਵਾਜ਼ੇ ਚੌਪੱਟ ਖੋਲ੍ਹ ਦਿੱਤੇ। ਖੈਰ ਉਹ ਮੰਗਾਂ ਇਹ ਸਨ।

1. ਪੋਟੋਸੀ ਤੇ ਔਰੁਰੋ ਦੇ ਬਾਰਡਰ ਖੋਲ੍ਹ ਦਿੱਤੇ ਜਾਣ।
2. ਜਿਵੇਂ ਕਿ ਚੋਣਾਂ ਦੌਰਾਨ ਵਾਅਦਾ ਕੀਤਾ ਗਿਆ ਸੀ ਕੋਰੋਸਾ ਵਿੱਚ ਸੀਮਿੰਟ ਫੈਕਟਰੀ ਖੋਲ੍ਹੀ ਜਾਵੇ ਤਾਂ ਕਿ ਲੋਕਾਂ ਨੂੰ ਰੁਜ਼ਗਾਰ ਮਿਲੇ।
3. ਕਰਾਚੀਪਾਮਾਂ ਵਿੱਚ ਬੰਦ ਪਿਆ 'ਧਾਂਤ ਤਰਾਸੀ ਪਲਾਂਟ' ਮੁੜ ਖੋਲ੍ਹਿਆ ਜਾਵੇ।
4. ਸਿਰੋ-ਰਿਕੋ ਦੀ ਢਾਂਚਾਗਤ ਸਾਂਭ-ਸੰਭਾਲ।
5. ਇਲਾਕੇ ਵਿੱਚ ਕੌਮਾਂਤਰੀ ਹਵਾਈ ਅੱਡਾ ਬਣੇ।
6. ਵਾਅਦੇ ਅਨੁਸਾਰ ਮੁੱਖ ਸੜਕਾਂ ਦਾ ਨਿਰਮਾਣ ਨੇਪਰੇ ਚਾੜਿਆ ਜਾਵੇ।

ਜ਼ਿਕਰ ਅਧੀਨ ਇਲਾਕਾ ਬੋਲੀਵੀਆ ਦਾ ਇੱਕ ਬਹੁਤ ਹੀ ਪਛੜਿਆ ਇਲਾਕਾ ਹੈ। ਪਹਿਲਾਂ ਤਾਂ (ਭਾਵ 2002 ਦੇ ਆਸ-ਪਾਸ) ਇਸ ਇਲਾਕੇ ਦੀ ਤਰੱਕੀ ਦੇ ਅਸਾਰ ਬਣੇ ਰਹੇ ਪਰ ਸਰਕਾਰ ਦੀਆਂ ਨਵ-ਉਦਾਰਵਾਦੀ ਨੀਤੀਆਂ ਕਾਰਨ, ਖਾਣ ਉਤਪਾਦਨ ਤੋਂ ਹੋਣ ਵਾਲੇ ਮੁਨਾਫੇ ਦਾ ਬਹੁਤ ਵੱਡਾ ਹਿੱਸਾ ਵਿਦੇਸ਼ੀ ਸਾਮਰਾਜੀ ਦੇਸ਼ਾਂ ਨੂੰ ਜਾਂਦਾ ਰਿਹਾ। ਨਤੀਜਤਨ ਲੋਕਾਂ ਨੂੰ ਤਰੱਕੀ ਦੇ ਨਾਂ 'ਤੇ ਗਰੀਬੀ ਬੇਰੁਜ਼ਗਾਰੀ, ਪ੍ਰਦੂਸ਼ਿਤ ਵਾਤਾਵਰਣ, ਆਦਿ ਸਮੱਸਿਆਵਾਂ ਤੋਹਫ਼ੇ ਵਜੋਂ ਮਿਲੀਆਂ। 'ਕੋਮੀਬੋਲ' ਵਰਗੀਆਂ ਕੰਪਨੀਆਂ ਇਸ ਹੋ ਰਹੀ ਲੁੱਟ ਦੀ ਸਭ ਤੋਂ ਵਧੀਆ ਉਦਾਹਰਣ ਹਨ। ਪੋਟੋਸੀ ਦੇਸ਼ ਦੇ ਸਭ ਤੋਂ ਪਛੜੇ ਇਲਾਕਿਆਂ 'ਚੋਂ ਇੱਕ ਹੋਣ ਦੇ ਨਾਲ਼ ਸਭ ਤੋਂ ਵੱਧ ਲੁੱਟ ਦਾ ਕੇਂਦਰ ਰਿਹਾ ਹੈ। ਤੇ ਇਹ ਹੜਤਾਲ ਵੀ ਇਸ ਅਤਿ ਦੀ ਗਰੀਬੀ ਦਾ ਹੀ ਨਤੀਜਾ ਸੀ।

18 ਦਿਨਾਂ ਬਾਅਦ ਹੜਤਾਲ ਕੁਝ ਹਲਕੇ-ਫੁਲਕੇ ਸਮਝੌਤਿਆਂ ਨਾਲ਼ ਸਮਾਪਤ ਹੋ ਗਈ। ਅੱਜ ਸਾਡੇ ਦੇਸ਼ ਸਮੇਤ ਪੂਰੀ ਦੁਨੀਆਂ ਦੇ ਮਜ਼ਦੂਰ ਅਤੇ ਹੋਰ ਕਿਰਤੀ ਸਰਮਾਏਦਾਰ ਢਾਂਚੇ ਦੁਆਰਾ ਉਹਨਾਂ ਉੱਪਰ ਥੋਪੀਆਂ ਮੁਸੀਬਤਾਂ ਵਿਰੁੱਧ ਲੜ ਰਹੇ ਹਨ। ਕਈ ਥਾਂਵੇ ਲੋਕਾਂ ਦੇ ਸੰਘਰਸ਼ ਵੱਡੀਆਂ ਬਗਾਵਤਾਂ 'ਚ ਬਦਲ ਜਾਂਦੇ ਹਨ। ਪਰ ਸਹੀ ਇਨਕਲਾਬੀ ਅਗਵਾਈ ਦੀ ਗੈਰ-ਮੌਜੂਦਗੀ ਵਿੱਚ ਇਹ ਲਹਿਰਾਂ ਕੁਝ ਸਮਝੌਤਿਆਂ ਤੋਂ ਬਾਅਦ ਦਮ ਤੋੜ ਜਾਂਦੀਆਂ ਹਨ। ਪਰ ਕੁਝ ਸਮੇਂ ਬਾਅਦ ਲੋਕਾਂ ਦੇ ਸੰਘਰਸ਼ਾਂ, ਵਿਦਰੋਹਾਂ ਦਾ ਸਿਲਸਿਲਾ ਨਵੇਂ ਵੇਗ ਨਾਲ਼ ਫਿਰ ਅੱਗੇ ਵਧਦਾ ਹੈ। ਅਤੇ ਇਹ ਸਿਲਸਿਲਾ ਉਦੋਂ ਤੱਕ ਚਲਦਾ ਰਹੇਗਾ ਜਦੋਂ ਤੱਕ ਕਿਸੇ ਖਰੀ ਇਨਕਲਾਬੀ ਅਗਵਾਈ ਵਿੱਚ ਲੋਕ ਇਸ ਲੁਟੇਰੇ ਸਰਮਾਏਦਾਰ ਢਾਂਚੇ ਨੂੰ ਇਸ ਦੀ ਕਬਰ ਵਿੱਚ ਨਹੀਂ ਪਹੁੰਚਾ ਦਿੰਦੇ।

• • • •

"ਬ੍ਰਹਿਮੰਡ ਦੇ ਪੈਦਾ ਹੋਣ 'ਚ ਰੱਬ ਦਾ ਕੋਈ ਹੱਥ ਨਹੀਂ"

ਸਟੀਫਨ ਹਾਕਿੰਗ

ਸਟੀਫਨ ਹਾਕਿੰਗ ਦੁਨੀਆਂ ਦੇ ਸਰਵ-ਸ੍ਰੇਸ਼ਠ ਭੌਤਿਕ ਵਿਗਿਆਨੀਆਂ ਵਿੱਚੋਂ ਇੱਕ ਹਨ। ਉਹਨਾਂ ਦਾ ਬਲੈਕ-ਹੋਲ ਬਾਰੇ ਖੋਜ, ਬ੍ਰਹਿਮੰਡ ਵਿਗਿਆਨ ਅਤੇ ਕੁਆਂਟਮ ਭੌਤਿਕੀ ਦੇ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਹੈ। 1979 ਤੋਂ ਉਹ ਕੈਂਬਰਿਜ

ਯੂਨੀਵਰਸਿਟੀ ਵਿੱਚ ਲੂਨਾਸੀਅਨ ਪ੍ਰੋਫ਼ੈਸਰ ਆਫ਼ ਮੈਥੇਮੈਟਿਕਸ ਪਦ 'ਤੇ ਕੰਮ ਕਰ ਰਹੇ ਹਨ, ਇਹ ਪਦ ਕਦੇ ਸੰਸਾਰ ਪ੍ਰਸਿੱਧ ਵਿਗਿਆਨੀ ਨਿਊਟਨ ਦੇ ਕੋਲ਼ ਵੀ ਰਿਹਾ ਸੀ। 21 ਸਾਲ ਦੀ ਉਮਰ ਤੋਂ 'ਮੋਟਰ ਨਿਊਰਾਨ ਡਿਜ਼ੀਜ਼' ਤੋਂ ਪੀੜਤ ਤੇ ਦਹਾਕਿਆਂ ਤੋਂ ਵੀਲ੍ਹਚੇਅਰ 'ਤੇ ਜੁੜੇ ਸਟੀਫਨ ਹਾਕਿੰਗ, ਜਿਹਨਾਂ ਨੂੰ ਦੂਸਰਿਆਂ ਨਾਲ਼ ਗੱਲਬਾਤ ਕਰਨ ਲਈ ਖਾਸ ਤੌਰ 'ਤੇ ਬਣਾਏ ਕੰਪਿਊਟਰ ਸਿਸਟਮ ਦਾ ਸਹਾਰਾ ਲੈਣਾ ਪੈਂਦਾ ਹੈ, ਨੇ ਖੁਦ ਨੂੰ ਭੌਤਿਕ ਵਿਗਿਆਨ ਦੇ ਮੋਹਰੀ ਸਿਧਾਂਤਕਾਰ ਵਜੋਂ ਸਥਾਪਿਤ ਕੀਤਾ ਹੈ।

ਸਟੀਫਨ ਹਾਕਿੰਗ ਆਪਣੀਆਂ ਪਹਿਲੀਆਂ ਲਿਖਤਾਂ ਅੰਦਰ ਧਰਮ ਅਤੇ ਰੱਬ ਦੇ ਸਵਾਲ ਬਾਰੇ ਨਰਮ ਰੁੱਖ ਅਪਣਾਉਂਦੇ ਰਹੇ ਹਨ ਅਤੇ ਰੱਬ ਦੀ ਹੋਂਦ ਹੋਣ ਬਾਰੇ ਵੀ ਕਹਿ ਚੁੱਕੇ ਹਨ। 1988 ਵਿੱਚ ਪ੍ਰਕਾਸ਼ਿਤ ਕਿਤਾਬ 'ਸਮੇਂ ਦਾ ਸੰਖੇਪ ਇਤਿਹਾਸ' ਵਿੱਚ ਉਹਨਾਂ ਨੇ ਇੱਥੋਂ ਤੱਕ ਲਿਖਿਆ —"ਜੇ ਅਸੀਂ ਪੂਰੀ ਥਿਊਰੀ ਦੀ ਖੋਜ ਕਰ ਲੈਂਦੇ ਹਾਂ, ਤਾਂ ਇਹ ਮਨੁੱਖੀ ਤਰਕਸ਼ੀਲਤਾ ਦੀ ਸਭ ਤੋਂ ਵੱਡੀ ਜਿੱਤ ਹੋਵੇਗੀ ਕਿਉਂਕਿ ਉਦੋਂ ਅਸੀਂ ਰੱਬ ਦੇ ਮਨ ਦੀਆਂ ਜਾਣ ਸਕਾਂਗੇ"।

ਪਰ ਆਪਣੀ ਨਵੀਂ ਆ ਰਹੀ ਕਿਤਾਬ 'ਦ ਗਰੈਂਡ ਡਿਜ਼ਾਈਨ' ਵਿੱਚ ਉਹਨਾਂ ਨੇ ਆਪਣੇ ਵਿਚਾਰਾਂ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ। 9 ਸਤੰਬਰ ਨੂੰ ਰਿਲੀਜ਼ ਹੋ ਰਹੀ ਇਸ ਕਿਤਾਬ ਦੇ ਕੁੱਝ ਅੰਸ਼ 'ਟਾਈਮਜ਼' ਮੈਗਜ਼ੀਨ ਨੇ ਛਾਪੇ ਹਨ। ਇਹਨਾਂ ਅੰਸ਼ਾਂ ਦੇ ਛਪਣ ਨਾਲ਼ ਹੀ ਧਾਰਮਿਕ-ਦਾਰਸ਼ਨਿਕ ਹਲਕਿਆਂ ਵਿੱਚ ਬਵਾਲ ਖੜ੍ਹਾ ਹੋ ਗਿਆ। ਧਰਮਾਂ ਦੇ ਠੇਕੇਦਾਰਾਂ ਅਤੇ ਵਿਚਾਰਵਾਦੀ ਦਾਰਸ਼ਨਿਕਾਂ ਦੇ ਚਹੇਤੇ ਰਹੇ ਸਟੀਫ਼ਨ ਹਾਕਿੰਗ ਆਪਣੇ ਇਹਨਾਂ 'ਫੈਨਾਂ' ਦੀ 'ਚਾਰਟ-ਲਿਸਟ' ਵਿੱਚੋਂ ਆਊਟ ਹੋ ਗਏ ਹਨ।

ਸਟੀਫਨ ਹਾਕਿੰਗ ਲਿਖਦੇ ਹਨ "ਕਿਉਂਕਿ ਗਰੂਤਾ-ਸ਼ਕਤੀ ਜਿਹੇ ਨਿਯਮ ਮੌਜੂਦ ਹਨ, ਇਸ ਲਈ ਬ੍ਰਹਿਮੰਡ ਖੁਦ ਨੂੰ 'ਕੁੱਝ ਨਹੀਂ' ਵਿੱਚੋਂ ਪੈਦਾ ਕਰ ਸਕਦਾ ਹੈ ਅਤੇ ਕਰੇਗਾ। ਸੁੱਤੇ-ਸਿੱਧ ਸਿਰਜਣਾ ਹੀ ਉਹ ਕਾਰਨ ਹੈ ਜਿਸ ਕਾਰਨ ਇਥੇ 'ਕੁੱਝ ਨਹੀਂ' ਦੀ ਥਾਂ 'ਕੁੱਝ ਹੈ', ਬ੍ਰਹਿਮੰਡ ਦੀ ਹੋਂਦ ਹੈ, ਸਾਡੀ ਹੋਂਦ ਹੈ।"

"ਇਹ ਜ਼ਰੂਰੀ ਨਹੀਂ ਹੈ ਕਿ ਰੱਬ ਨੂੰ ਸਮ੍ਹਾਂ ਜਕਾਉਣ ਲਈ ਤੇ ਬ੍ਰਹਿਮੰਡ ਦੀ ਸ਼ੁਰੂਆਤ ਕਰਨ ਲਈ ਬੇਨਤੀ ਕੀਤੀ ਜਾਵੇ।"

ਸੂਰਜ ਨੂੰ ਛੱਡ ਕੇ ਇੱਕ ਹੋਰ ਤਾਰੇ ਦੁਆਲੇ ਘੁੰਮਦੇ ਗ੍ਰਹਿ ਦੀ 1992 ਵਿੱਚ ਹੋਈ ਖੋਜ ਨੂੰ ਅਧਾਰ ਬਣਾ ਕੇ ਹਾਕਿੰਗ ਨੇ ਆਈਜ਼ਕ ਨਿਊਟਨ ਦੀ ਇਸ ਧਾਰਨਾ ਦਾ ਵੀ ਖੰਡਨ ਕੀਤਾ ਹੈ ਕਿ ਬ੍ਰਹਿਮੰਡ ਧੁੰਧੂਕਾਰ ਵਿੱਚੋਂ ਨਹੀਂ ਪੈਦਾ ਹੋ ਸਕਦਾ, ਸਗੋਂ ਰੱਬ ਦਾ ਸਿਰਜਿਆ ਹੀ ਹੋ ਸਕਦਾ ਹੈ।

ਹਾਕਿੰਗ ਲਿਖਦੇ ਹਨ "ਇਹ (ਉੱਪਰ ਦੱਸੀ 1992 ਦੀ ਖੋਜ) ਇੱਕ ਸੂਰਜ, ਧਰਤੀ-ਸੂਰਜ ਦੂਰੀ ਤੇ ਸੂਰਜ ਦੇ ਪੁੰਜ ਦੇ ਸੰਜੋਗ ਜਿਹੀਆਂ ਸਾਡੇ ਗ੍ਰਹਿ ਦੀਆਂ ਇਤਫਾਕਨ ਹਾਲਤਾਂ ਨੂੰ ਸਬੂਤ ਦੇ ਤੌਰ 'ਤੇ ਬਹੁਤ ਘੱਟ ਵਿਲੱਖਣ ਤੇ ਪ੍ਰਭਾਵਸ਼ਾਲੀ ਬਣਾ ਦਿੰਦੀ ਹੈ ਕਿ ਧਰਤੀ ਮਨੁੱਖਾਂ ਨੂੰ ਖੁਸ਼ ਕਰਨ ਲਈ ਬਹੁਤ ਹੀ ਧਿਆਨ ਨਾਲ਼ ਉਚੇਚੇ ਤੌਰ 'ਤੇ ਬਣਾਈ ਗਈ ਹੈ।"

ਸਟੀਫਨ ਹਾਕਿੰਗ ਦੀ ਇਹ ਬੇਬਾਕ ਰਾਇ 'ਤੇ ਦਾਰਸ਼ਨਿਕ ਹਲਕਿਆਂ ਵਿੱਚ ਲੰਮੀਆਂ ਬਹਿਸਾਂ ਹੋਣਗੀਆਂ ਅਤੇ ਧਾਰਮਿਕ ਸੰਗਠਨਾਂ ਤੇ ਸੰਸਥਾਵਾਂ ਤੋਂ ਅਲੋਚਨਾ ਦਾ ਸਾਹਮਣਾ ਵੀ ਹਾਕਿੰਗਜ਼ ਨੂੰ ਕਰਨਾ ਪਏਗਾ, ਇਸ ਬਾਰੇ ਕੋਈ ਸ਼ੱਕ-ਸ਼ੁਬਹ ਨਹੀਂ ਹੈ। ਪਰ ਇੱਕ ਗੱਲ ਸਾਫ਼ ਹੈ ਕਿ ਇਸ ਨਾਲ਼ ਵਿਚਾਰਵਾਦ ਤੇ ਧਾਰਮਿਕ ਫਲਸਫ਼ੇ ਨੂੰ ਡੂੰਘੀ ਸੱਟ ਵੱਜੇਗੀ ਅਤੇ ਨੌਜਵਾਨਾਂ ਵਿੱਚ ਉਸ ਦੀ ਨਵੀਂ ਕਿਤਾਬ ਨੂੰ ਪੜ੍ਹਨ, ਸਮਝਣ ਦੀ ਤੀਬਰ ਇੱਛਾ ਜਾਗੇਗੀ।

ਇੱਕ ਹੋਰ ਧਿਆਨ ਦੇਣ ਯੋਗ ਗੱਲ ਜੋ ਉਸ ਦੇ ਅੰਸ਼ਾਂ ਵਿੱਚ ਦਰਜ ਵਿਚਾਰਾਂ ਤੋਂ ਝਲਕਦੀ ਹੈ, ਉਹ ਹੈ ਭੌਤਿਕਵਾਦੀ ਫਲਸਫ਼ੇ ਵਿੱਚ ਪਰਪੱਕਤਾ ਦੀ ਅਣਹੋਂਦ। ਜਿਵੇਂ ਉਹਨਾਂ ਅਨੁਸਾਰ ਨਿਯਮਾਂ ਕਰਕੇ ਬ੍ਰਹਿਮੰਡ ਖੁਦ ਨੂੰ 'ਕੁੱਝ ਨਹੀਂ' ਵਿੱਚੋਂ ਪੈਦਾ ਕਰ ਸਕਦਾ ਹੈ, ਭਾਵ ਕਿ ਨਿਯਮਾਂ ਦੀ ਕੁਦਰਤ ਤੋਂ ਅਲੱਗ ਤੌਰ 'ਤੇ ਅਤੇ 'ਕੁੱਝ ਵੀ ਨਾ ਹੋਣ' ਵੇਲ਼ੇ ਵੀ ਆਜ਼ਾਦ ਹੋਂਦ ਹੈ। ਇਹ ਫਿਰ ਇੱਕ ਵਾਰ ਆਦਮੀ ਨੂੰ ਵਿਚਾਰਵਾਦ ਦੇ ਖੂਹ ਵਿੱਚ ਲਿਜਾ ਸੁੱਟੇਗੀ। ਪੂਰੀ ਕਿਤਾਬ ਪੜ੍ਹਨ 'ਤੇ ਹੀ ਪਤਾ ਚੱਲ ਸਕੇਗਾ ਕਿ ਇਸ ਭੰਬਲਭੂਸੇ ਬਾਰੇ ਹਾਕਿੰਗ ਦਾ ਪੂਰਾ ਸਪੱਸ਼ਟ ਸਟੈਂਡ ਕੀ ਹੈ।

*****

ਲੁਧਿਆਣੇ ਵਿੱਚ ਅੰਤੜੀ ਰੋਗ ਤੇ ਦਿੱਲੀ ਵਿੱਚ ਡੇਂਗੂ ਦਾ ਕਹਿਰ

ਹਰ ਸਾਲ ਦੀ ਤਰ੍ਹਾਂ ਗਰੀਬਾਂ ਨੂੰ ਇਸ ਵਾਰ ਵੀ ਅੰਤੜੀ ਰੋਗ ਤੇ ਡੇਂਗੂ ਜਿਹੇ ਰੋਗ ਆਪਣਾ ਸ਼ਿਕਾਰ ਬਣਾ ਰਹੇ ਹਨ। ਲੁਧਿਆਣੇ ਵਿੱਚ ਫੈਲੇ ਅੰਤੜੀ ਰੋਗ ਦੇ ਪਿਛਲੇ ਇੱਕ ਮਹੀਨੇ ਵਿੱਚ ਹਰ ਰੋਜ਼ 20 ਕੇਸ ਸਾਹਮਣੇ ਆ ਰਹੇ ਹਨ ਅਤੇ ਦਰਜਨ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਸ਼ੇਰਪੁਰ, ਲਕਸ਼ਮੀ ਨਗਰ, ਜੀਵਨ ਨਗਰ, ਦਸ਼ਮੇਸ਼ ਨਗਰ, ਸੁਭਾਸ਼ ਨਗਰ ਵਿੱਚ ਰਹਿੰਦੇ 3,00,000 ਲੋਕਾਂ ਦੀ ਦੇਖਭਾਲ ਲਈ ਸਿਹਤ ਮਹਿਕਮੇ ਨੇ ਇੱਕ ਮੈਡੀਕਲ ਮੋਬਾਈਲ ਯੂਨਿਟ ਜਿਸ ਵਿੱਚ ਸੀਨੀਅਰ ਡਾਕਟਰ ਤੇ ਤਿੰਨ ਨਰਸਾਂ ਸ਼ਾਮਿਲ ਹਨ, ਦਾ ਇੰਤਜ਼ਾਮ ਕਰਕੇ ਤੇ ਸਟਾਫ਼ ਦੀ ਕਮੀ ਦਾ ਬਹਾਨਾ ਲਗਾ ਕੇ ਪੱਲਾ ਝਾੜ ਲਿਆ ਹੈ। ਮਿਉਂਸੀਪਲ ਕਾਰਪੋਰੇਸ਼ਨ ਲਈ ਤਾਂ ਇਹਨਾਂ ਇਲਾਕਿਆਂ ਵਿੱਚ ਇਨਸਾਨ ਵਸਦੇ ਹੀ ਨਹੀਂ। ਗੰਦਗੀ ਦੇ ਢੇਰ, ਸੀਵਰੇਜ ਦੀ ਅਣਹੋਂਦ ਜਾਂ ਖਰਾਬ ਹਾਲਤ, ਸਾਫ਼ ਪਾਣੀ ਦੀ ਸਹੂਲਤ ਨਾ ਦੇ ਬਰਾਬਰ ਹੋਣਾ ਇਹਨਾਂ ਇਲਾਕਿਆਂ ਦੀ ਹੋਣੀ ਹੈ। ਕਾਰਪੋਰੇਸ਼ਨ ਦੇ ਅਧਿਕਾਰੀਆਂ ਅਨੁਸਾਰ ਸਮੱਸਿਆ ਦੀ ਜੜ੍ਹ ਗੈਰ-ਕਾਨੂੰਨੀ ਢੰਗ ਨਾਲ਼ ਵਸੇ 'ਵਿਹੜੇ' ਤੇ ਝੁੱਗੀਆਂ-ਬਸਤੀਆਂ ਹਨ। ਪਰ ਸ਼੍ਰੀਮਾਨ ਜੀ, ਇਹਨਾਂ 'ਗੈਰ ਕਾਨੂੰਨੀ' ਵਸੇਰਿਆਂ 'ਚ ਰਹਿੰਦੇ ਮਜ਼ਦੂਰਾਂ ਕਰਕੇ ਹੀ ਤੇ ਇਹਨਾਂ ਦਾ ਰੱਤ ਨਿਚੋੜ ਕੇ ਹੀ ਲੁਧਿਆਣਾ ਦੀ 'ਕਾਨੂੰਨੀ' ਸਨਅੱਤ ਮੁਨਾਫ਼ਾ ਕਮਾਉਂਦੀ ਹੈ। ਇਹ ਗੱਲ ਇਹਨਾਂ ਨੂੰ ਪਤਾ ਹੈ, ਇਸ ਲਈ ਝੌਂਪੜ-ਪੱਟੀ ਹਟਾਉਣ ਦਾ ਬਿਆਨ ਦਾਗ ਕੇ ਕਦੇ ਵੀ ਕੁੱਝ ਨਹੀਂ ਕੀਤਾ ਜਾਂਦਾ। ਨਾਲ਼ੇ 'ਗੈਰ-ਕਾਨੂੰਨੀ' ਕਹਿਣ ਨਾਲ਼

(**ਬਾਕੀ ਸਫ਼ਾ 4 'ਤੇ**)

25 ਸਤੰਬਰ ਜਨਮ-ਦਿਵਸ ਅਤੇ 19 ਅਕਤੂਬਰ ਬਰਸੀ 'ਤੇ ਵਿਸ਼ੇਸ਼

ਲੂ-ਸ਼ੁਨ ਨਾ ਸਿਰਫ਼ ਚੀਨ ਦੇ ਸਗੋਂ ਪੂਰੀ ਦੁਨੀਆਂ ਦੇ ਸਿਰਮੌਰ ਲੋਕ-ਪੱਖੀ ਲੇਖਕਾਂ ਵਿੱਚ ਗਿਣੇ ਜਾਂਦੇ ਹਨ।25 ਸਤੰਬਰ 1881 ਨੂੰ ਸ਼ਾਓਸ਼ਿੰਗ, ਚੇਕਿਆਂਗ, ਚੀਨ ਵਿਖੇ ਜਨਮੇ ਲੂ-ਸ਼ੁਨ 1902 ਵਿੱਚ ਸਰਕਾਰੀ ਵਜ਼ੀਫੇ 'ਤੇ ਡਾਕਟਰੀ ਦੀ ਉੱਚ ਵਿੱਦਿਆ ਹਾਸਿਲ ਕਰਨ ਜਪਾਨ ਗਏ।ਪਰ ਰੂੜੀਵਾਦੀ ਵਿਚਾਰਾਂ, ਗਰੀਬੀ-ਕੰਗਾਲੀ ਅਤੇ ਜਗੀਰੂ ਜੂਲੇ ਤੋਂ ਚੀਨੀ ਸਮਾਜ ਨੂੰ ਮੁਕਤ ਕਰਾਉਣ ਅਤੇ ਜਮੂਹਰੀ ਕਦਰਾਂ-ਕੀਮਤਾਂ 'ਤੇ ਵਿਚਾਰਾਂ ਦਾ ਪ੍ਰਚਾਰ-ਪ੍ਰਸਾਰ ਕਰਨ ਹਿਤ 1906 ਵਿੱਚ ਪੜ੍ਹਾਈ ਛੱਡ ਕੇ ਚੀਨ ਵਾਪਿਸ ਆ ਗਏ ਅਤੇ ਸਾਹਿਤਕ ਖੇਤਰ ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਜਿੱਥੇ ਉਹ ਆਖਰੀ ਸਾਹਾਂ ਤੱਕ ਦ੍ਰਿੜਤਾ ਨਾਲ਼ ਆਪਣੇ ਕੰਮ ਵਿੱਚ ਜੁੱਟੇ ਰਹੇ। 19 ਅਕਤੂਬਰ1936 ਨੂੰ ਸ਼ੰਘਾਈ ਵਿਖੇ ਉਹਨਾਂ ਦਾ ਦਿਹਾਂਤ ਹੋਇਆ।

ਉਹਨਾਂ ਨੇ ਸੈਂਕੜੇ ਲੇਖ ਅਤੇ ਕਈ ਕਹਾਣੀਆਂ ਲਿਖੀਆਂ।'ਇੱਕ ਪਾਗਲ ਦੀ ਡਾਇਰੀ' ਅਤੇ 'ਆਹ ਕਿਊ ਦੀ ਸੱਚੀ ਕਹਾਣੀ' ਉਹਨਾਂ ਦੀਆਂ ਸ਼ਾਹਕਾਰ ਰਚਨਾਵਾਂ ਕਹੀਆਂ ਜਾ ਸਕਦੀਆਂ ਹਨ। 'ਇੱਕ ਪਾਗਲ ਦੀ ਡਾਇਰੀ' ਵਿੱਚ ਉਹਨਾਂ ਨੇ ਜਮਾਤਾਂ ਵਿੱਚ ਵੰਡੇ ਸਮਾਜ, ਜਿਸ ਵਿੱਚ ਕੁੱਝ ਮੁੱਠੀ ਭਰ ਲੋਕ ਬਾਕੀ ਲੋਕਾਂ ਦੇ ਲਹੂ ਅਤੇ ਮਾਸ ਯਾਨੀ ਕਿਰਤ 'ਤੇ ਪਲਦੇ ਹਨ, ਦੇ ਮਨੁੱਖ ਦੋਖੀ ਚਰਿੱਤਰ ਅਤੇ ਪ੍ਰਵਿਰਤੀ ਦੀ ਪ੍ਰਤੀਕਾਤਮਕ ਢੰਗ ਨਾਲ਼ ਬੇਕਿਰਕ ਸ਼ਬਦਾਂ ਵਿੱਚ ਚੀਰ-ਫਾੜ ਕੀਤੀ।

ਸਾਹਿਤਕ ਕੰਮਾਂ ਦੇ ਨਾਲ-ਨਾਲ ਉਹਨਾਂ ਨੇ ਸਿੱਧੇ ਤੌਰ 'ਤੇ ਸਮਾਜਿਕ ਸਰਗਰਮੀਆਂ ਵਿੱਚ ਸ਼ਮੂਲੀਅਤ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਹੱਥਲੇ ਲੇਖ ਵਿੱਚ ਉਹਨਾਂ ਨੇ ਕਲਾ, ਸਾਹਿਤ ਅਤੇ ਸਮਾਜ ਦੇ ਪ੍ਰਸਪਰ ਸਬੰਧਾਂ ਅਤੇ ਰਿਸ਼ਤਿਆਂ ਬਾਰੇ ਸੰਖੇਪ ਰੂਪ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਹਨ।

ਅਜੋਕੇ ਭਾਰਤੀ ਸਮਾਜਿਕ ਅਤੇ ਸਾਹਿਤਕ ਪ੍ਰਸੰਗ ਵਿੱਚ ਰੱਖ ਕੇ ਵੇਖਦਿਆਂ ਇਸ ਲੇਖ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ। - ਸੰਪਾਦਕ।

ਸਾਹਿਤ ਤੇ ਕਲਾ

ਪ੍ਰਤਿਭਾ ਦੀ ਉਡੀਕ ਵਿੱਚ

ਲੂ-ਸ਼ੁਨ

(17 ਜਨਵਰੀ, 1924 ਨੂੰ ਬੀਜਿੰਗ ਨਾਰਮਲ ਯੂਨੀਵਰਸਿਟੀ ਦੇ ਮਿਡਲ ਸਕੂਲ ਦੇ ਸਾਬਕਾ ਵਿਦਿਆਰਥੀਆਂ ਸਾਹਮਣੇ ਦਿੱਤਾ ਭਾਸ਼ਣ)

ਮੈਨੂੰ ਡਰ ਹੈ ਕਿ ਮੇਰੀ ਗੱਲਬਾਤ ਤੁਹਾਡੇ ਕਿਸੇ ਕੰਮ ਦੀ ਜਾਂ ਦਿਲਚਸਪੀ ਦੀ ਨਹੀਂ ਹੋਵੇਗੀ, ਕਿਉਂਕਿ ਵਾਕਈ ਮੈਨੂੰ ਕੋਈ ਖਾਸ ਗਿਆਨ ਨਹੀਂ ਹੈ। ਪਰ ਕਾਫੀ ਅਰਸਾ ਟਾਲਣ ਬਾਅਦ, ਅਖੀਰ ਮੈਂ ਤੁਹਾਡੇ ਨਾਲ਼ ਦੋ ਗੱਲ੍ਹਾਂ ਕਰਨ ਲਈ ਇਥੇ ਆਇਆ ਹਾਂ।

ਮੈਨੂੰ ਲਗਦਾ ਹੈ ਕਿ ਅੱਜ ਦੇ ਲੇਖਕਾਂ ਤੇ ਕਲਾਕਾਰਾਂ ਤੋਂ! ਜੋ ਤਮਾਮ ਮੰਗਾਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵਿੱਚ ਸਭ ਤੋਂ ਜ਼ੋਰਦਾਰ ਮੰਗ ਪ੍ਰਤਿਭਾ ਦੀ ਮੰਗ ਹੈ। ਇਸ ਨਾਲ਼ ਦੋ ਚੀਜ਼ਾਂ ਸਾਫ਼ ਸਾਫ਼ ਪ੍ਰਮਾਣਤ ਹੁੰਦੀਆਂ ਹਨ: ਪਹਿਲੀ ਗੱਲ ਇਹ ਹੈ ਕਿ ਫਿਲਹਾਲ ਚੀਨ ਵਿੱਚ ਕੋਈ ਪ੍ਰਤਿਭਾ ਨਹੀਂ ਹੈ, ਦੂਸਰੀ ਇਹ ਕਿ ਸਾਡੇ ਆਧੁਨਿਕ ਕਲਾ-ਸਾਹਿਤ ਤੋਂ ਸਾਰੇ ਲੋਕ ਥੱਕੇ ਤੇ ਬੋਰ ਹੋਏ ਹਨ। ਤਾਂ ਕੀ ਵਾਕਈ ਕੋਈ ਪ੍ਰਤਿਭਾ ਨਹੀਂ ਹੈ? ਹੋ ਵੀ ਸਕਦੀ ਹੈ, ਪਰ ਅਸੀਂ ਕਿਸੇ ਨੂੰ ਨਹੀਂ ਦੇਖਿਆ ਅਤੇ ਨਾ ਹੀ ਕਿਸੇ ਦੂਸਰੇ ਨੇ ਦੇਖਿਆ। ਲਿਹਾਜ਼ਾ ਆਪਣੇ ਕੰਨ੍ਹਾਂ ਤੇ ਅੱਖਾਂ ਦੇ ਨਿਰਣੇ ਤੋਂ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਇਥੇ ਪ੍ਰਤਿਭਾ ਨਹੀਂ ਹੈ, ਗੱਲ ਏਨੀ ਹੀ ਨਹੀਂ, ਇਥੋਂ ਤੱਕ ਕਿ ਪ੍ਰਤਿਭਾ ਪੇਸ਼ ਕਰਨ ਲਾਇਕ ਜਨਤਾ ਵੀ ਨਹੀਂ ਹੈ।

ਪ੍ਰਤਿਭਾ, ਪ੍ਰਕ੍ਰਿਤੀ ਦਾ ਕੋਈ ਅਜੂਬਾ ਨਹੀਂ ਹੈ, ਜੋ ਘਣੇ ਜੰਗਲ ਜਾਂ ਬੀਹੜ ਵਿੱਚ ਪੈਦਾ ਹੁੰਦੀ ਹੋਵੇ। ਬਲਕਿ ਅਜਿਹੀ ਚੀਜ਼ ਹੈ, ਜਿਸਨੂੰ ਇੱਕ ਖਾਸ ਢੰਗ ਦੀ ਜਨਤਾ ਜਨਮ ਦਿੰਦੀ ਹੈ ਅਤੇ ਪਾਲਦੀ ਪੋਸਦੀ ਹੈ। ਐਲਪਸ ਪਹਾੜ ਪਾਰ ਕਰਦਿਆਂ ਨੈਪੋਲੀਅਨ ਨੇ ਐਲਾਨ ਕੀਤਾ ਸੀ, "ਮੈਂ ਐਲਪਸ ਤੋਂ ਉੱਚਾ ਹਾਂ।" ਪਰ ਜਦ ਉਹ ਇਹ ਸ਼ਾਨਦਾਰ ਐਲਾਨ ਕਰ ਰਹੇ ਸਨ, ਉਸ ਵੇਲੇ ਉਨ੍ਹਾਂ ਦੇ ਪਿੱਛੇ ਕਿੰਨੀ ਵਿਸ਼ਾਲ ਫੌਜ ਸੀ, ਇਹ ਸਾਨੂੰ ਕਤਈ ਨਹੀਂ ਭੁੱਲਣਾ ਚਾਹੀਦਾ। ਇਹ ਫੌਜ ਨਾ ਰਹਿਣ 'ਤੇ, ਦੂਜੇ ਪੱਖ ਦੀਆਂ ਫੌਜਾਂ ਹੱਥੋਂ ਉਹ ਆਸਾਨੀ ਨਾਲ਼ ਫ਼ੜੇ ਜਾਂਦੇ ਜਾਂ ਪਿੱਛੇ ਹਟਦੇ; ਅਤੇ ਉਸ ਵੇਲੇ ਉਨ੍ਹਾਂ ਦਾ ਆਚਰਣ ਅਤੇ ਸ਼ੇਖੀ, ਬਹਾਦਰਾਨਾ ਲੱਗਣ ਦੀ ਬਜਾਇ, ਪਾਗਲਾਂ ਵਰਗਾ ਲੱਗਦਾ। ਇਸ ਲਈ ਮੈਨੂੰ ਲੱਗਦਾ ਹੈ ਕਿਸੇ ਪ੍ਰਤਿਭਾ ਦੇ ਉਦੈ ਹੋਣ ਦੀ ਉਮੀਦ ਕਰਨ ਤੋਂ ਪਹਿਲਾਂ ਸਾਡੀ ਮੰਗ ਪ੍ਰਤਿਭਾ ਪੈਦਾ ਕਰਨ ਵਿੱਚ ਸਮਰੱਥ ਜਨਤਾ ਦੀ ਹੋਣੀ ਚਾਹੀਦੀ ਹੈ। ਕਿਉਂਕਿ ਜੇ ਅਸੀਂ ਖ਼ੂਬਸੂਰਤ ਬਿਰਛ ਜਾਂ ਫੁੱਲ ਚਾਹੁੰਦੇ ਹਾਂ ਤਾਂ ਉਸ ਤੋਂ ਪਹਿਲਾਂ ਸਾਨੂੰ ਵਧੀਆ ਜ਼ਮੀਨ ਤਿਆਰ ਕਰਨੀ ਪਵੇਗੀ। ਅਸਲ ਵਿੱਚ ਫੁੱਲਾਂ ਅਤੇ ਬਿਰਛ ਤੋਂ ਮਿੱਟੀ ਜ਼ਿਆਦਾ ਜ਼ਰੂਰੀ ਹੈ, ਕਿਉਂਕਿ ਉਸ ਤੋਂ ਬਗ਼ੈਰ ਕੁੱਝ ਵੀ ਪੈਦਾ ਨਹੀਂ ਹੋ ਸਕਦਾ। ਫੁੱਲਾਂ ਤੇ ਬਿਰਛ ਲਈ ਮਿੱਟੀ ਨਿਹਾਇਤ ਜ਼ਰੂਰੀ ਹੈ, ਠੀਕ ਉਂਝ ਹੀ ਜਿਵੇਂ ਨੈਪੋਲੀਅਨ ਲਈ ਚੰਗੀ ਫੌਜ।

ਫੇਰ ਵੀ ਇਸ ਸਮੇਂ ਦੇ ਐਲਾਨ ਤੇ ਪ੍ਰਵਿਰਤੀ ਤੇ ਵਿਚਾਰ ਕਰਦਿਆਂ ਪ੍ਰਤਿਭਾ ਦੀ ਮੰਗ ਕਰਨਾ ਅਤੇ ਉਸਦੀ ਤਬਾਹੀ ਦੀ ਕੋਸ਼ਿਸ਼ ਨਾਲੋ-ਨਾਲ਼ ਜੁੜੀ ਹੋਈ ਹੈ-ਜਿਸ ਮਿੱਟੀ ਵਿੱਚ ਉਹ ਪੈਦਾ ਹੋ ਸਕਦੇ ਸਨ, ਕੁੱਝ ਲੋਕ ਤਾਂ ਉਸਨੂੰ ਬਹੁਕਰ ਦੇ ਕੇ ਸਾਫ਼ ਕਰ ਦੇਣਾ ਚਾਹੁੰਦੇ ਹਨ। ਮੈਨੂੰ ਕੁੱਝ ਉਦਾਹਰਣ ਦੇਣ ਦਿਓ:

ਪਹਿਲੀ, "ਸਾਡੇ ਕੌਮੀ ਸਭਿਆਚਾਰ ਦੇ ਪੁਨਰ-ਜਾਗਰਣ ਕਾਰਜ" ਨੂੰ ਲਿਆ ਜਾਵੇ। ਹਾਲਾਂਕਿ ਚੀਨ ਵਿੱਚ ਨਵੇਂ ਵਿਚਾਰ ਕਦੀ ਵੀ ਜ਼ਿਆਦਾ ਵਧ ਨਹੀਂ ਸਕੇ, ਕੁੱਝ ਬੁੱਢੇ ਲੋਕ-ਜਵਾਨ ਵੀ ਡਰਦੇ ਮਾਰੇ ਸੰਤੁਲਨ ਗੁਆ ਬੈਠੇ ਹਨ ਅਤੇ ਸਾਡੇ ਕੌਮੀ ਸਭਿਆਚਾਰ ਬਾਰੇ ਪ੍ਰਲਾਪ ਕਰ ਰਹੇ ਹਨ। "ਚੀਨ ਵਿੱਚ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਹਨ।" ਉਹ ਸਾਡਾ ਹੌਸਲਾ ਵਧਾਉਂਦੇ ਹਨ। "ਪੁਰਾਣੇ ਦਾ ਅਧਿਐਨ ਅਤੇ ਸੁਰੱਖਿਆ ਦੀ ਬਜਾਇ ਨਵੇਂ ਦੇ ਪਿੱਛੇ ਦੌੜਣਾ ਸਾਡੇ ਪੁਰਖਿਆਂ ਦੀ ਵਿਰਾਸਤ ਨੂੰ ਖਾਰਿਜ ਕਰਨ ਦੀ ਤਰ੍ਹਾਂ ਹੀ ਹਾਲਤ ਹੈ।" ਵਾਕਈ, ਸਾਡੇ ਪੁਰਖਿਆਂ ਨੂੰ ਮਿਸਾਲ ਦੇ ਤੌਰ 'ਤੇ ਰੱਖਣਾ ਕਾਫ਼ੀ ਵਜ਼ਨ ਰੱਖਦਾ ਹੈ,

ਪਰ ਮੈਂ ਇਹ ਵਿਸ਼ਵਾਸ ਨਹੀਂ ਕਰ ਸਕਦਾ ਕਿ ਪੁਰਾਣੀ ਜਾਕਟ ਨੂੰ ਧੋਕੇ ਇਸਤਰੀ ਕਰਕੇ ਰੱਖਣ ਤੋਂ ਪਹਿਲਾਂ ਕੁੱਝ ਨਵਾਂ ਨਹੀਂ ਬਣਾਇਆ ਜਾ ਸਕਦਾ। ਫਿਲਹਾਲ, ਹਾਲਤ ਇਹ ਹੈ, ਹਰ ਕੋਈ ਆਪਣੇ ਮਨ ਦੀ ਕਰ ਸਕਦਾ ਹੈ: ਬੁੱਢੇ ਸੱਜਣ ਲੋਕ, ਜੋ ਸਾਡੇ ਕੌਮੀ ਸਭਿਆਚਾਰ ਦਾ ਪੁਨਰ-ਉਧਾਰ ਕਰਨਾ ਚਾਹੁੰਦੇ ਹਨ, ਉਹ ਆਪਣੇ ਦੱਖਣ ਦੀ ਖਿੜਕੀ ਕੋਲ਼ ਬੈਠਕੇ ਲੁਪਤ ਪੁਸਤਕਾਂ 'ਤੇ ਆਪਣਾ ਦਿਲ ਵਿਛਾਉਣ ਲਈ ਸੁਤੰਤਰ ਹਨ ਅਤੇ ਨੌਜਵਾਨ ਲੋਕ ਆਪਣੇ ਜ਼ਿੰਦਾਦਿਲ ਅਧਿਐਨ ਅਤੇ ਆਧੁਨਿਕ ਕਲਾ ਨੂੰ ਲੈਕੇ ਕਹਿ ਸਕਦੇ ਹਨ। ਜਦ ਤੱਕ ਹਰ ਕੋਈ ਆਪਣੀ ਰੁਚੀ ਪਿੱਛੇ ਚੱਲੇਗਾ, ਕੋਈ ਖਾਸ ਨੁਕਸਾਨ ਨਹੀਂ ਹੋਵੇਗਾ। ਪਰ ਦੂਸਰਿਆਂ ਨੂੰ ਏਸ ਝੰਡੇ ਥੱਲੇ ਲਿਆਉਣ ਦੀ ਕੋਸ਼ਿਸ਼ ਕਰਨ ਦਾ ਮਤਲਬ ਚੀਨ ਨੂੰ ਦੁਨੀਆਂ ਦੇ ਬਾਕੀ ਮੁਲਕਾਂ ਤੋਂ ਹਮੇਸ਼ਾਂ ਵੱਖ ਰੱਖਣਾ ਹੋਵੇਗਾ। ਹਰ ਕਿਸੇ ਤੋਂ ਇਸ ਤਰ੍ਹਾਂ ਦੀ ਮੰਗ ਹੋਰ ਵੀ ਵਿਚਿਤ੍ਰ ਹੋਵੇਗੀ। ਜਦ ਅਸੀਂ ਪੁਰਾਣੀ ਕਲਾ-ਕਿਰਤਾਂ ਦੇ ਵਪਾਰੀਆਂ ਨਾਲ਼ ਗੱਲ ਕਰਦੇ ਹਾਂ, ਉਹ ਸੁਭਾਵਕ ਤੌਰ 'ਤੇ ਆਪਣੀਆਂ ਪੁਰਾਣੀਆਂ ਚੀਜ਼ਾਂ ਦੀ ਤਾਰੀਫ ਕਰਦੇ ਹਨ, ਪਰ ਉਹ ਕਲਾਕਾਰ, ਕਿਸਾਨ, ਮਜ਼ਦੂਰ ਅਤੇ ਦੂਸਰਿਆਂ ਦੀ ਆਪਣੇ ਪੁਰਖਿਆਂ ਨੂੰ ਭੁੱਲ ਜਾਣ ਲਈ ਨਿੰਦਾ ਨਹੀਂ ਕਰਦੇ। ਅਸਲ ਵਿੱਚ ਉਹ ਪਰੰਪਰਾਗਤ ਪੰਡਤਾਂ ਨਾਲ਼ੋਂ ਵੱਧ ਸਮਝ ਰੱਖਦੇ ਹਨ।

ਫੇਰ "ਮੌਲਿਕ ਸਿਰਜਣਾ ਦੇ ਗੁਣਗਾਨ" ਨੂੰ ਲਓ। ਉਪਰੀ ਤੌਰ 'ਤੇ ਦੇਖਣ ਨੂੰ ਲੱਗੇਗਾ ਕਿ ਪ੍ਰਤਿਭਾ ਦੀ ਮੰਗ ਨਾਲ਼ ਇਹ ਜਾਇਜ਼ ਹੈ, ਪਰ ਗੱਲ ਅਜਿਹੀ ਨਹੀ ਹੈ। ਵਿਚਾਰਾਂ ਦੀ ਦੁਨੀਆਂ ਵਿੱਚ ਇਸ ਤੋਂ ਅੰਨ੍ਹੇ ਕੌਮਵਾਦ ਦੀ ਬੋਅ ਆਉਂਦੀ ਹੈ, ਇਸ ਲਈ ਇਹ ਚੀਨ ਨੂੰ ਵਿਸ਼ਵ ਜਨਮਤ ਤੋਂ ਵੱਖ ਕਰ ਦੇਵੇਗਾ। ਹਾਲਾਂ ਕਿ ਬਹੁਤ ਸਾਰੇ ਲੋਕ ਹੁਣੇ ਹੀ ਤਾਲਸਤਾਇ, ਤੁਰਗਨੇਵ ਅਤੇ ਦੋਸਤੋਵਸਕੀ ਦਾ ਨਾਂ ਸੁਣਦੇ ਸੁਣਦੇ ਥੱਕ ਚੁੱਕੇ ਹਨ, ਪਰ ਉਨਾਂ ਦੀਆਂ ਕਿੰਨੀਆਂ ਕਿਤਾਬਾਂ ਚੀਨੀ ਭਾਸ਼ਾ ਵਿੱਚ ਅਨੁਵਾਦ ਹੋਈਆਂ ਹਨ ? ਜੋ ਆਪਣੀਆਂ ਹੱਦਾਂ ਤੋਂ ਬਾਹਰ ਝਾਕਣਾ ਨਹੀਂ ਚਾਹੁੰਦੇ, ਉਹ ਪੀਟਰ ਅਤੇ ਜਾਨ ਵਰਗੇ ਨਾਵਾਂ ਤੋਂ ਵੀ ਨਫ਼ਰਤ ਕਰਦੇ ਹਨ ਅਤੇ ਯਾਂਗ ਤੀਜੇ ਜਾਂ ਲੀ ਚੌਥੇ ਨੂੰ ਹੀ ਸਵੀਕਾਰ ਕਰਦੇ ਹਨ, ਇਸੇ ਰੂਪ ਵਿੱਚ ਅਸੀਂ ਮੌਲਿਕ ਕਿਰਤਕਾਰਾਂ ਨੂੰ ਹਾਸਲ ਕਰਦੇ ਹਾਂ। ਹਕੀਕਤ ਵਿੱਚ ਜੋ ਉਹਨਾਂ ਵਿੱਚੋਂ ਬੇਹਤਰੀਨ ਹਨ, ਉਹ ਵਿਦੇਸ਼ੀ ਲੇਖਕਾਂ ਦੇ ਚੰਦ ਕਲਾਰੂਪ ਤੇ ਅਭਿਵਿਅਕਤੀਆਂ ਉਧਾਰ ਲੈਂਦੇ ਹਨ, ਉਹਨਾਂ ਦੀ ਸ਼ੈਲੀ ਭਾਵੇਂ ਕਿੰਨੀ ਵੀ ਚਮਕਕਾਰ ਹੋਵੇ, ਉਹਨਾਂ ਦਾ ਵਿਸ਼ਾ ਅਨੁਵਾਦ ਤੋਂ ਕਿਤੇ ਪਿਛੇ ਰਹਿੰਦਾ ਹੈ ਅਤੇ ਪਰੰਪਰਾਗਤ ਚੀਨੀ ਤੌਰ ਤਰੀਕਿਆਂ ਨਾਲ਼ ਉਸਦਾ ਤਾਲਮੇਲ ਬਿਠਾਉਣ ਲਈ ਕੁੱਝ ਦਕਿਆਨੂਸ ਵਿਚਾਰ ਵੀ ਘੁਸ ਸਕਦੇ ਹਨ। ਉਹਨਾਂ ਦੇ ਪਾਠਕ ਲੋਕ ਏਸ ਜਾਲ ਵਿੱਚ ਫਸ ਜਾਂਦੇ ਹਨ, ਉਹਨਾਂ ਦੇ ਵਿਚਾਰ ਉਦੋਂ ਤੱਕ ਜ਼ਿਆਦਾ ਤੋਂ ਜ਼ਿਆਦਾ ਸੌੜੇ ਹੁੰਦੇ ਜਾਂਦੇ ਹਨ ਜਦ ਤੱਕ ਕਿ ਉਹ ਪੂਰੀ ਤਰ੍ਹਾਂ ਪੁਰਾਣੀ ਲੀਕ ਵਿੱਚ ਸੁੰਗੜ ਨਹੀਂ ਜਾਂਦੇ। ਜਦ ਲੇਖਕ ਅਤੇ ਪਾਠਕ ਦਰਮਿਆਨ ਇਸ ਤਰ੍ਹਾਂ ਦਾ ਦੁਸ਼ੱਚਕਰ ਮੌਜੂਦ ਹੈ, ਜੋ ਤਮਾਮ ਵੱਖ ਸਭਿਆਚਾਰਾਂ ਨੂੰ ਤਬਾਹ ਕਰਦਾ ਹੈ ਅਤੇ ਕੌਮੀ ਸਭਿਆਚਾਰ ਦਾ ਗੁਣਗਾਣ ਕਰਦਾ ਹੈ, ਉੱਥੇ ਪ੍ਰਤਿਭਾ ਪੈਦਾ ਕਿਵੇਂ ਹੋ ਸਕਦੀ ਹੈ ? ਜੇ ਕੋਈ ਉਦੈ ਹੋਵੇ ਵੀ ਤਾਂ ਉਹ ਜ਼ਿੰਦਾ ਨਹੀਂ ਰਹਿ ਸਕਦੀ।

ਇਸ ਤਰ੍ਹਾਂ ਦੀ ਜਨਤਾ ਮਿੱਟੀ ਨਹੀਂ, ਧੂੜ ਬਰਾਬਰ ਹੈ ਅਤੇ ਇਸ ਵਿੱਚ ਕੋਈ ਖ਼ੂਬਸੂਰਤ ਫਲ ਜਾਂ ਵਧੀਆ ਪੌਦੇ ਪੈਦਾ ਨਹੀਂ ਹੋ ਸਕਦੇ।

ਹੁਣ, ਫੇਰ ਤਬਾਹਕੁਨ ਆਲੋਚਨਾ ਨੂੰ ਲਓ। ਇਕ ਅਰਸੇ ਤੋਂ, ਆਲੋਚਕਾਂ ਦੀ ਕਾਫ਼ੀ ਮੰਗ ਰਹੀ ਹੈ ਅਤੇ ਹੁਣ ਬਹੁਤ ਸਾਰੇ ਆਲੋਚਕ ਸਾਹਮਣੇ ਆਏ ਹਨ। ਦੁੱਖ ਦੀ ਗੱਲ ਇਹ ਹੈ ਕਿ ਉਹਨਾਂ ਵਿੱਚੋਂ ਕਾਫ਼ੀ ਲੋਕ ਆਲੋਚਕ ਨਾਲੋਂ ਵੱਧ ਨੁਕਸ ਕੱਢੂ ਹਨ। ਜਿਉਂ ਹੀ ਉਹਨਾਂ ਕੋਲ ਕੋਈ ਕਿਰਤ ਭੇਜੀ ਜਾਂਦੀ ਹੈ, ਨਫ਼ਰਤ ਨਾਲ਼ ਸਿਆਹੀ ਵਿੱਚ ਕਲਮ ਡੁਬਾਉਂਦੇ ਹਨ ਅਤੇ ਆਪਣੀ ਬੇਹਤਰੀਨ ਰਾਇ ਲਿਖ ਮਾਰਦੇ ਹਨ: "ਓ ਹੋ, ਇਹ ਤਾਂ ਨਿਹਾਇਤ ਹੀ ਬਚਕਾਨੀ ਚੀਜ਼ ਹੈ। ਚੀਨ ਨੂੰ ਬੱਸ ਇੱਕ ਪ੍ਰਤਿਭਾ ਦੀ ਲੋੜ ਹੈ।"

ਬਾਅਦ ਵਿੱਚ, ਉਹ ਲੋਕ ਵੀ, ਜੋ ਆਲੋਚਕ ਨਹੀਂ ਹਨ, ਉਹਨਾਂ ਤੋਂ ਸਿੱਖਦੇ ਹਨ ਅਤੇ ਉਹ ਚੀਕ-ਪੁਕਾਰ ਮਚਾਉਂਦੇ ਹਨ। ਹਕੀਕਤ ਵਿੱਚ, ਜਨਮ ਦੇ ਸਮੇਂ ਇੱਕ ਪ੍ਰਤਿਭਾ ਦਾ ਪਹਿਲਾ ਰੋਣਾਂ ਵੀ ਕਿਸੇ ਸਧਾਰਣ ਬੱਚੇ ਵਰਗਾ ਹੁੰਦਾ ਹੈ, ਉਹ ਸ਼ਾਇਦ ਕੋਈ ਸੁੰਦਰ ਕਵਿਤਾ ਨਹੀਂ ਹੋ ਸਕਦੀ। ਤੇ ਜੇ ਤੁਸੀਂ ਕਿਸੇ ਚੀਜ਼ ਨੂੰ ਇਸ ਕਰਕੇ ਪੈਰਾਂ ਹੇਠ ਕੁਚਲ ਦਿਓਗੇ ਕਿ ਇਹ ਬਚਕਾਨੀ ਹੈ, ਤਾਂ ਸ਼ਾਇਦ ਉਹ ਮੁਰਝਾ ਜਾਵੇਗੀ ਜਾਂ ਮਰ ਜਾਵੇਗੀ। ਮੈਂ ਕਈ ਲੇਖਕਾਂ ਨੂੰ ਦੇਖਿਆ ਹੈ, ਤ੍ਰਿਸਕਾਰ ਕਾਰਨ ਉਹ ਚੁੱਪ ਹੋ ਗਏ ਹਨ। ਏਸ ਵਿੱਚ ਕੋਈ ਸ਼ੱਕ ਨਹੀਂ ਕਿ ਉਹਨਾਂ ਵਿੱਚ ਕੋਈ ਪ੍ਰਤਿਭਾਵਾਨ ਨਹੀਂ ਸੀ, ਪਰ ਮੈਂ ਮਾਮੂਲੀ ਤੋਂ ਮਾਮੂਲੀ ਲੇਖਕਾਂ ਨੂੰ ਵੀ ਰੱਖਣਾ ਚਾਹਵਾਂਗਾ।

ਜ਼ਾਹਰ ਹੈ, ਤਬਾਹਕੁਨ ਆਲੋਚਕਾਂ ਨੂੰ ਕਲੀਆਂ 'ਤੇ ਘੋੜੇ ਭਜਾਉਣ ਵਿੱਚ ਬੜਾ ਮਜ਼ਾ ਆਉਂਦਾ ਹੈ। ਇਸ ਨਾਲ਼ ਜਿੰਨ੍ਹਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ, ਉਹ ਨਵੀਆਂ ਕਲੀਆਂ ਹਨ - ਉਹ ਦੋਵੇਂ ਤਰ੍ਹਾਂ ਦੀਆਂ ਕਲੀਆਂ ਹਨ, ਸਧਾਰਨ ਤੇ ਪ੍ਰਤਿਭਾਸ਼ਾਲੀ। ਬਚਕਾਨੇਪਣ ਦੀ ਕੋਈ ਗੱਲ ਨਹੀਂ, ਕਿਉਂਕਿ ਲੇਖਕ ਵਿੱਚ ਬਚਕਾਨਾਪਨ ਤੇ ਪਰਪੱਕਤਾ ਆਦਮੀ ਦੇ ਬਚਪਨ ਤੇ ਪਰਪੱਕਤਾ ਵਾਂਗ ਹੀ ਹੈ। ਇਕ ਲੇਖਕ ਨੂੰ ਬਚਕਾਨੀ ਸ਼ੁਰੂਆਤ ਤੋਂ ਸ਼ਰਮਿੰਦਾ ਨਹੀਂ ਹੋਣਾ ਚਾਹੀਦਾ, ਜੇ ਉਸਨੂੰ ਪੈਰਾਂ ਹੇਠ ਕੁਚਲਿਆ ਜਾਵੇ ਤਾਂ ਉਹ ਪਰਪੱਕਤਾ ਹਾਸਲ ਕਰੇਗਾ। ਪਤਨਸ਼ੀਲਤਾ ਤੇ ਭ੍ਰਿਸ਼ਟਾਚਾਰ ਲਾ-ਇਲਾਜ ਹਨ। ਜੋ ਬਚਕਾਨੇ ਹਨ - ਉਹਨਾਂ ਵਿੱਚ ਕੁੱਝ ਬੁੱਢੇ ਵੀ ਹੋ ਸਕਦੇ ਹਨ, ਜਿਨ੍ਹਾਂ ਦਾ ਦਿਲ ਬੱਚਿਆਂ ਵਰਗਾ ਹੈ - ਮਨ ਵਿੱਚ ਜੋ ਆਉਂਦਾ ਹੈ, ਉਸਨੂੰ ਲਿਖਦੇ ਹਨ - ਉਹਨਾਂ ਲੋਕਾਂ ਨੂੰ ਬਚਕਾਨੀ ਅਭਿਵਿਅਕਤੀ ਦੀ ਮੈਂ ਛੋਟ ਦਿੰਦਾ ਹਾਂ। ਜਦ ਗੱਲ ਕਹੀ ਜਾਂਦੀ ਹੈ ਜਾਂ ਛਪ ਜਾਂਦੀ ਹੈ ਤਾਂ ਮਾਮਲਾ ਖਤਮ ਹੋ ਜਾਂਦਾ ਹੈ। ਕਿਸੇ ਵੀ ਆਲੋਚਕ ਨੂੰ ਉਸ ਵੱਲ ਧਿਆਨ ਨਹੀਂ ਦੇਣਾ ਚਾਹੀਦਾ, ਭਾਵੇਂ ਉਹ ਕੋਈ ਵੀ ਝੰਡਾ ਚੁੱਕੀ ਹੋਣ।

ਮੈਂ ਇਹ ਗੱਲ ਆਸਥਾ ਨਾਲ਼ ਕਹਿ ਸਕਦਾ ਹਾਂ ਕਿ ਏਸ ਦਲ ਦੇ ਨੌਂ ਬਟਾ ਦਸ ਹਿੱਸਾ ਲੋਕ ਚਾਹੁੰਦੇ ਹਨ ਕਿ ਕਿਸੇ

(**ਬਾਕੀ ਸਫ਼ਾ 32 'ਤੇ**)

ਫ਼ਿਲਮ ਸਮੀਖਿਆ

ਇਕ ਭਿਆਨਕ ਦੁਖਾਂਤ ਦੀ ਸੁਖਾਂਤਕ ਪੇਸ਼ਕਾਰੀ - ਪੀਪਲੀ ਲਾਈਵ

ਕੁਲਵਿੰਦਰ

ਪਿਛਲੇ ਕੁਝ ਸਮੇਂ ਤੋਂ ਭਾਰਤੀ ਸਿਨੇਮਾ ਦੇ 'ਪ੍ਰਤਿਭਾਵਾਨ ਨਿਰਦੇਸ਼ਕ' ਕੁਝ ਨਵਾਂ ਕਰਨ ਦੇ ਨਾਂ ਤੇ ਤਰ੍ਹਾਂ ਤਰ੍ਹਾਂ ਦੇ ਮਸਾਲੇ ਪੇਸ਼ ਕਰ ਰਹੇ ਹਨ। ਏਸੇ ਲੜੀ ਦੀ ਅਗਲੀ ਫ਼ਿਲਮ ਹੈ "ਪੀਪਲੀ ਲਾਈਵ"। ਅਨੁਸ਼ਕਾ ਰਿਜ਼ਵੀ ਦੁਆਰਾ ਨਿਰਦੇਸ਼ਤ ਅਤੇ ਆਮਿਰ ਖਾਨ ਦੁਆਰਾ ਨਿਰਮਤ "ਪੀਪਲੀ ਲਾਈਵ" ਆਮਿਰ ਖਾਨ ਦੀ ਪ੍ਰਮੋਸ਼ਨ ਸਦਕਾ ਦਰਸ਼ਕਾਂ ਦੇ ਇੱਕ ਖਾਸ ਹਿੱਸੇ ਨੂੰ ਥਿਏਟਰਾਂ ਤੱਕ ਖਿੱਚਣ ਵਿਚ ਸਫ਼ਲ ਹੋਈ ਹੈ।

ਸੰਖੇਪ ਵਿਚ ਫ਼ਿਲਮ ਦੀ ਕਹਾਣੀ ਕੁਝ ਇਸ ਤਰ੍ਹਾਂ ਹੈ। ਨੱਥਾ (ਓਂਕਾਰ ਦਾਸ ਮਾਨਿਕਪੁਰੀ) ਇਕ ਗਰੀਬ ਕਿਸਾਨ ਹੈ, ਆਪਣੀ ਮਾਂ (ਫਰੂਖ ਜਫ਼ਰ) ਦੇ ਇਲਾਜ ਲਈ ਲਏ ਬੈਂਕ ਦੇ ਕਰਜ਼ੇ ਦੇ ਨਾ ਮੋੜਨ ਸਦਕਾ ਉਸ ਦੀ ਜਮੀਨ ਨਿਲਾਮ ਹੋਣ ਦੀ ਨੌਬਤ ਆ ਜਾਂਦੀ ਹੈ। ਕੰਗਾਲ ਹੋਇਆ ਨੱਥਾ ਤੇ ਉਸ ਦਾ ਛੜਾ ਭਰਾ ਬੁਧੀਆ (ਰਘੂਵੀਰ ਯਾਦਵ) ਸਥਾਨਕ ਲੀਡਰ ਕੋਲ ਫਰਿਆਦ ਲੈ ਕੇ ਜਾਂਦੇ ਹਨ ਜੋ ਉਨ੍ਹਾਂ ਦਾ ਮਜ਼ਾਕ ਉਡਾਉਂਦਾ ਹੋਇਆ ਉਨ੍ਹਾਂ ਨੂੰ ਖੁਦਕੁਸ਼ੀ ਕਰਕੇ ਸਰਕਾਰ ਤੋਂ ਲੱਖ ਰੁਪੈ ਲੈਣ ਦੀ ਸਲਾਹ ਦਿੰਦਾ ਹੈ। ਬੁਧੀਆ ਨੂੰ ਇਹ ਸਕੀਮ ਜਚ ਜਾਂਦੀ ਹੈ ਅਤੇ ਉਹ ਨੱਥੇ ਨੂੰ ਖੁਦਕਸ਼ੀ ਕਰਨ ਲਈ ਮਨਾ ਲੈਂਦਾ ਹੈ। ਨੱਥਾ ਖੁਦਕਸ਼ੀ ਕਰਨ ਦਾ ਐਲਾਨ ਕਰ ਦਿੰਦਾ ਹੈ। ਨੱਥੇ ਦਾ ਇਹ ਐਲਾਨ ਇਕ ਅਖ਼ਬਾਰ ਵਿਚ ਤਸਵੀਰ ਸਮੇਤ ਛਪ ਜਾਂਦਾ ਹੈ।

ਚੋਣਾਂ ਦਾ ਮੌਸਮ ਹੋਣ ਕਾਰਨ ਬੁਰਜੂਆ ਰਾਜਨੀਤਕ ਪਾਰਟੀਆਂ ਇਸ ਨੂੰ ਚੋਣ ਦਾ ਮੁੱਦਾ ਬਣਾ ਲੈਂਦੀਆਂ ਹਨ। ਅਤੇ ਮੀਡੀਏ ਦੇ ਦਖਲ ਸਦਕਾ ਇਹ ਮਾਮਲਾ ਕੌਮੀ ਅਤੇ ਕੌਮਾਂਤਰੀ ਮੀਡੀਏ ਤੇ ਛਾ ਜਾਂਦਾ ਹੈ। ਇਕ ਦੂਜੇ ਨੂੰ ਠਿੱਬੀ ਲਾਉਣ ਦੇ ਯਤਨ ਵਿਚ ਮੀਡੀਆ ਨੱਥੇ ਦੇ ਮਗਰ ਹੱਥ ਧੋ ਕੇ ਪੈ ਜਾਂਦਾ ਹੈ। ਰੰਗ ਬਿਰੰਗੇ ਰਾਜਨੀਤਕ ਲੀਡਰ ਨੱਥੇ ਨੂੰ ਤਰ੍ਹਾਂ ਤਰ੍ਹਾਂ ਦੀ ਸਹਾਇਤਾ ਦਿੰਦੇ ਹਨ, ਜੋ ਬਹੁਤ ਥੋੜੀ ਹੈ। ਸੱਤਾਧਾਰੀ ਪਾਰਟੀ ਉਸ ਨੂੰ ਕੋਈ ਠੋਸ ਸਹਾਇਤਾ ਦੇਣੋ ਅਸਮਰਥ ਹੈ ਕਿਉਂਕਿ ਸਰਕਾਰ ਦੁਆਰਾ ਐਲਾਨੀ ਯੋਜਨਾ ਅਨੁਸਾਰ ਸਹਾਇਤਾ ਸਿਰਫ਼ ਖੁਦਕਸ਼ੀ ਕਰਨ ਮਗਰੋਂ ਹੀ ਦਿੱਤੀ ਜਾ ਸਕਦੀ ਹੈ। ਜਿਉਂਦੇ ਨੱਥੇ ਲਈ ਸਰਕਾਰ ਕੋਲ ਕੋਈ ਸਕੀਮ ਨਹੀਂ।

ਜੋੜ ਤੋੜ ਦੀ ਇਸ ਰਾਜਨੀਤੀ ਵਿਚ ਇੱਕ ਸਥਾਨਕ ਲੀਡਰ ਇਕ ਦਿਨ ਨੱਥੇ ਨੂੰ ਅਗਵਾ ਕਰਕੇ ਇਕ ਗੁਦਾਮ ਵਿਚ ਲੁਕੋ ਲੈਂਦਾ ਹੈ। ਉਥੇ ਮੀਡੀਆ ਪਹੁੰਚ ਜਾਂਦਾ ਹੈ। ਇਸ ਭੱਜ ਦੌੜ ਵਿਚ ਨੱਥਾ ਭੱਜ ਜਾਂਦਾ ਹੈ ਪਰ ਉਥੇ ਹੋਏ ਹਾਦਸੇ ਵਿਚ ਇਕ ਪੱਤਰਕਾਰ ਮਾਰਿਆ ਜਾਂਦਾ ਹੈ। ਉਸ ਦੀ ਲਾਸ਼ ਮਿਲਣ ਤੇ ਨੱਥੇ ਨੂੰ ਮਰ ਗਿਆ ਸਮਝ ਲਿਆ ਜਾਂਦਾ ਹੈ। ਨੱਥੇ ਦੀ ਮੌਤ ਇਕ ਹਾਦਸੇ ਵਿਚ ਹੋਣ ਕਾਰਨ ਉਸ ਦਾ ਪਰਿਵਾਰ ਸਰਕਾਰ ਦੁਆਰਾ ਐਲਾਨੇ ਇਕ ਲੱਖ ਰੁਪੈ ਹਾਸਲ ਕਰਨੋ ਅਸਮਰਥ ਹੈ। ਫ਼ਿਲਮ ਦਾ ਅੰਤ ਰਾਜਧਾਨੀ ਵਿਚ ਨੱਥੇ ਦੇ ਕਿਸਾਨ ਤੋਂ ਮਜ਼ਦੂਰ ਵਿਚ ਵਟ ਜਾਣ ਵਜੋਂ ਹੁੰਦਾ ਹੈ।

ਭਾਰਤ ਵਿਚ ਪਿਛਲੇ ਦੋ ਦਹਾਕਿਆਂ ਵਿਚ ਤੇਜ਼ੀ ਨਾਲ ਹੋਏ ਪੂੰਜੀਵਾਦ ਕਾਰਨ ਛੋਟੀ ਕਿਸਾਨੀ ਪਿੰਡਾਂ ਚੋਂ ਉਜੜ ਕੇ ਸ਼ਹਿਰਾਂ ਵਿਚ ਮਜ਼ਦੂਰੀ ਕਰਨ ਲੱਗੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਫ਼ਿਲਮ ਵਿਚ ਵੇਲੇ ਦੇ ਭਖ਼ਵੇ ਮੁੱਦੇ ਨੂੰ ਛੋਹਿਆ ਗਿਆ ਹੈ ਪਰ ਇਸ ਮਾਮਲੇ ਵਿਚ ਸੰਜੀਦਗੀ ਉਕਾ ਹੀ ਨਹੀਂ ਵਰਤੀ ਗਈ। ਛੋਟੀ ਕਿਸਾਨੀ ਦੇ ਉਜਾੜੇ ਦੇ ਮੁੱਦੇ ਨੂੰ ਆਮ ਦਰਸ਼ਕਾਂ ਤੱਕ ਪੁਹੰਚਾਉਣ ਲਈ ਨੱਥਾ ਜਿਹੇ ਕਮਜ਼ੋਰ ਪਾਤਰ ਦੀ ਚੋਣ ਕੀਤੀ ਗਈ ਹੈ। ਨੱਥਾ ਨਾ ਤਾਂ ਸਿਆਣਾ ਹੈ ਅਤੇ ਨਾ ਹੀ ਕੋਈ ਕੰਮ ਕਰਦਾ ਹੈ। ਏਸੇ ਕਾਰਣ ਉਸ ਨੂੰ ਆਪਣੀ ਪਤਨੀ (ਸ਼ਾਲਿਨੀ ਵਸਤਾ) ਦੇ ਮਿਹਣੇ ਸੁਣਨੇ ਪੈਂਦੇ ਹਨ। ਨੱਥੇ ਦੁਆਰਾ ਕੀਤੇ ਗਏ ਮੌਤ ਦੇ ਐਲਾਨ ਤੇ ਵੀ ਉਸ ਦੇ ਸਾਥੀ ਕਿਸਾਨਾਂ ਨੂੰ ਨੱਥੇ ਦੀ ਬਜਾਇ 'ਅੰਡੇ ਖਾਣ, ਚਿਲਮ ਪੀਣ' ਦੀ ਜਿਆਦਾ ਫਿਕਰ ਹੈ। ਰਹਿੰਦੀ ਸਹਿੰਦੀ ਕਸਰ ਮੀਡੀਆ ਦੀ ਕਮੇਡੀ ਦੀ ਅਤੀ-ਬੁਹਤਾਤ (overdose) ਪੂਰੀ ਕਰ ਦਿੰਦੀ ਹੈ, ਜਿਸ ਵਿਚ ਦੁਹਰਾਅ ਵੀ ਹੈ ਅਤੇ ਜੋ ਫ਼ਿਲਮ ਦੀ ਕਹਾਣੀ ਦੀ ਪੇਸ਼ਕਦਮੀ ਵਿਚ ਰੁਕਾਵਟ ਬਣਦਾ ਹੈ। ਕਰਜ਼ਈ ਨੱਥੇ ਦੇ ਜੀਵਨ ਤੋਂ ਸ਼ੁਰੂ ਕੀਤੀ ਗਈ ਫ਼ਿਲਮ ਦੀ ਕਹਾਣੀ ਥੋੜੀ ਦੇਰ ਬਾਅਦ ਮੀਡੀਏ ਦੀ ਸਰਕਸ ਬਣ ਜਾਂਦੀ ਹੈ, ਜਿਸ ਵਿਚ ਨੱਥਾ ਤੇ ਉਸ ਦਾ ਪਰਿਵਾਰ ਇਕ ਖੂੰਜੇ ਲੱਗ ਕੇ ਰਹਿ ਜਾਂਦੇ ਹਨ। ਫ਼ਿਲਮ ਵਿਚ ਦਿਖਾਇਆ ਗਿਆ ਨੱਥੇ ਦਾ ਪਰਿਵਾਰ ਇਕ ਪਰਿਵਾਰ ਨਾ ਹੋ ਕੇ ਵੱਖ ਵੱਖ ਖੇਮੇ ਹਨ, ਜਿਨ੍ਹਾਂ ਵਿਚ ਆਪਸੀ ਪਿਆਰ ਬਿਲਕੁਲ ਨਹੀਂ।

ਇਸ ਤੋਂ ਵੀ ਅੱਗੇ – ਜ਼ਿੰਦਗੀ ਅਤੇ ਮੌਤ ਵਿਚ ਲਟਕਦੇ ਅਗਵਾ ਹੋਏ ਨੱਥੇ ਨੂੰ ਸੁਪਨੇ ਵਿਚ ਹਾਰ-ਸ਼ਿੰਗਾਰੇ ਹੋਏ ਘੋੜੇ ਤੇ ਚੜ੍ਹਿਆ ਹੋਇਆ ਦਿਖਾ ਕੇ ਨਿਰਦੇਸ਼ਿਕਾ ਨੇ ਆਪਣੇ ਮਾਨਸਿਕ ਦਿਵਾਲੀਏਪਨ ਦਾ ਇਜ਼ਹਾਰ ਕੀਤਾ ਹੈ। ਇਥੇ ਆ ਕੇ ਫ਼ਿਲਮ ਕਿਸਾਨੀ ਜੀਵਨ ਦੀ ਇਕ ਪੈਰੋਡੀ ਬਣ ਕੇ ਰਹਿ ਜਾਂਦੀ ਹੈ। ਕਿਸਾਨੀ ਜੀਵਨ ਦੀ ਇਹ ਪੇਸ਼ਕਾਰੀ ਕਿਸਾਨੀ ਦੇ ਜੀਵਨ ਦੇ ਯਥਾਰਥ ਤੋਂ ਕੋਹਾਂ ਦੂਰ ਹੈ। ਕਿਸਾਨੀ ਜ਼ਿੰਦਗੀ ਦੀਆਂ ਮੁਸ਼ਕਲਾਂ, ਤੰਗੀਆਂ ਤੁਰਸ਼ੀਆਂ ਦੀ ਫ਼ਿਲਮ ਵਿਚ ਪੂਰੀ ਤਰ੍ਹਾਂ ਗੈਰਹਾਜ਼ਰੀ ਦੇ ਕਾਰਣ ਦਰਸ਼ਕ ਨੱਥਾ ਦੇ ਦੁਖਾਂਤ (tragedy) ਨਾਲ ਜੁੜ ਨਹੀਂ ਪਾਉਂਦਾ। ਨਤੀਜੇ ਵਜੋਂ ਨੱਥੇ ਦਾ ਪਾਤਰ ਇਕ ਪੀੜਤ ਕਿਸਾਨ ਦੀ ਬਜਾਇ ਮਸਖ਼ਰਾ ਬਣ ਕੇ ਰਹਿ ਜਾਂਦਾ ਹੈ। ਇਸ ਤਰ੍ਹਾਂ ਫ਼ਿਲਮ ਵਿਚ ਇਕ ਸਮਕਾਲੀ ਦੁਖਾਂਤ ਦਾ ਗੈਰ ਯਥਾਰਥਕ ਸੁਖਾਂਤਕ ਅੰਤ ਕਰਕੇ ਅਸਲੀ ਮੁੱਦੇ ਨੂੰ ਮਜ਼ਾਕ ਬਣਾ ਦਿਤਾ ਗਿਆ ਹੈ। ਕਿਸਾਨੀ ਜੀਵਨ ਦੀ ਏਸੇ ਗੈਰ-ਯਥਾਰਥਕ ਪੇਸ਼ਕਾਰੀ ਦੇ ਕਾਰਣ ਹੀ 'ਪੀਪਲੀ ਲਾਈਵ' ਦਾ ਕਿਸਾਨਾਂ ਨੇ ਵਿਰੋਧ ਵੀ ਕੀਤਾ ਹੈ। ਇਸ ਤਰ੍ਹਾਂ ਪੇਸ਼ਕਾਰੀ ਪੱਖੋਂ 'ਪੀਪਲੀ ਲਾਈਵ' ਕਿਸੇ ਨਾ ਕਿਸੇ ਰੂਪ ਵਿਚ ਡੈਨੀ ਬਾਇਲ ਦੀ 'ਸਲਮਡੌਗ ਮਿਲੀਨਿਅਰ' ਮਾਰਕਾ ਫ਼ਿਲਮ ਹੈ।

(ਬਾਕੀ ਸਫ਼ਾ 32 'ਤੇ)

ਪਾਸ਼ ਦੇ ਜਨਮਦਿਨ 9 ਸਤੰਬਰ ’ਤੇ ਵਿਸ਼ੇਸ਼



ਬਾਡਰ

(ਮੋਗਾ ਗੋਲ਼ੀ-ਕਾਂਡ ਨੂੰ ਸਮਰਪਤ)

ਭਰ ਜਾਣਗੇ ਹੁਣ ਧੂੜ ਨਾਲ਼ ਕਸਬਿਆਂ ਦੇ ਸਿਰ
ਫਿਰਨਗੇ ਟਰੱਕ ਬੀ. ਐੱਸ. ਐੱਫ. ਦੇ
ਪਲੀਆਂ ਹੋਈਆਂ ਜੂੰਆਂ ਦੇ ਵਾਂਗ...
ਐਤਕੀਂ ਨਹੀਂ ਆਵੇਗੀ ਸਤਵਰਗ ਦਿਆਂ ਫੁੱਲਾਂ ’ਤੇ
ਖਿੜਨ ਰੁੱਤ
ਮਿੱਧਿਆ ਗਿਆ ਘਾਹ ਤੜਫੇਗਾ
ਕਾਲਜਾਂ ਦਿਆਂ ਵਿਹੜਿਆਂ ਵਿੱਚ
ਰਾਤ–ਦਿਨ ਪੌਣਾਂ ਭਰਿਸ਼ਟ ਕਰੇਗੀ
ਥਾਣੇ ’ਚ ਲੱਗੀ ਵਾਇਰ–ਲੈੱਸ...
ਦਰਅਸਲ
ਏਥੇ ਹਰ ਥਾਂ ’ਤੇ ਇਕ ਬਾਡਰ ਹੈ
ਜਿੱਥੇ ਸਾਡੇ ਹੱਕ ਖ਼ਤਮ ਹੁੰਦੇ ਹਨ
ਪਤਵੰਤੇ ਲੋਕਾਂ ਦੇ ਸ਼ੁਰੂ ਹੁੰਦੇ ਹਨ
ਤੇ ਅਸੀਂ ਹਰ ਤਰ੍ਹਾਂ ਆਜ਼ਾਦ ਹਾਂ ਇਸ ਪਾਰ –
ਗਾਹਲਾਂ ਕੱਢਣ ਲਈ
ਮੁੱਕੇ ਲਹਿਰਾਉਣ ਲਈ
ਚੋਣਾਂ ਲੜਨ ਲਈ
ਸਤਵਰਗਾਂ ਦੀ ਮੁਸਕਾਨ ਚੁੰਮਣ ’ਤੇ
ਕੋਈ ਬੰਦਸ਼ ਨਹੀਂ ਇਸ ਪਾਰ
ਤੇ ਇਸ ਤੋਂ ਅੱਗੇ ਹੈ –
ਕਸਬਿਆਂ ’ਚ ਉਡਦੀ ਹੋਈ ਧੂੜ, ਪਲੀਆਂ ਹੋਈਆਂ ਜੂੰਆਂ ਦੇ ਵਾਂਗ
ਰੀਂਘਦੇ ਟਰੱਕ ਬੀ. ਐੱਸ. ਐੱਫ. ਦੇ

***

ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ
ਅਸੀਂ ਲੜਾਂਗੇ ਸਾਥੀ, ਗ਼ੁਲਾਮ ਸੱਧਰਾਂ ਲਈ
ਅਸੀਂ ਚੁਣਾਂਗੇ ਸਾਥੀ, ਜ਼ਿੰਦਗੀ ਦੇ ਟੁਕੜੇ
ਹਥੌੜਾ ਹੁਣ ਵੀ ਚਲਦਾ ਹੈ, ਉਦਾਸ ਅਹਿਰਨ ’ਤੇ
ਸਿਆੜ ਹੁਣ ਵੀ ਵਗਦੇ ਨੇ, ਚੀਕਣੀ ਧਰਤੀ ’ਤੇ
ਇਹ ਕੰਮ ਸਾਡਾ ਨਹੀਂ ਬਣਦਾ ਸਵਾਲ ਨੱਚਦਾ ਹੈ
ਸਵਾਲ ਦੇ ਮੌਰਾਂ ’ਤੇ ਚੜ੍ਹ ਕੇ
ਅਸੀਂ ਲੜਾਂਗੇ ਸਾਥੀ
ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ
ਹੱਥਾਂ ’ਤੇ ਪਏ ਰੱਟਣਾਂ ਦੀ ਕਸਮ ਖਾ ਕੇ
ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ ਤਦ ਤਕ
ਕਿ ਵੀਰੂ ਬੱਕਰੀਆਂ ਵਾਲ਼ਾ ਜਦੋਂ ਤਕ
ਬੱਕਰੀਆਂ ਦਾ ਮੂਤ ਪੀਂਦਾ ਹੈ
ਖਿੜੇ ਹੋਏ ਸਰ੍ਹੋਂ ਦੇ ਫੁੱਲਾਂ ਨੂੰ
ਜਦੋਂ ਤਕ ਵਾਹੁਣ ਵਾਲ਼ੇ ਆਪ ਨਹੀਂ ਸੁੰਘਦੇ
ਕਿ ਸੁੱਜੀਆਂ ਅੱਖੀਆਂ ਵਾਲ਼ੀ
ਪਿੰਡ ਦੀ ਅਧਿਆਪਕਾ ਦਾ ਪਤੀ ਜਦੋਂ ਤਕ
ਜੰਗ ’ਚੋਂ ਪਰਤ ਨਹੀਂ ਆਉਂਦਾ
ਜਦੋਂ ਤਕ ਪੁਲਿਸ ਦੇ ਸਿਪਾਹੀ
ਆਪਣੇ ਹੀ ਭਰਾਵਾਂ ਦਾ ਗਲਾ ਘੁੱਟਣ ਤੇ ਬਾਧਕ ਹਨ
ਕਿ ਬਾਬੂ ਦਫ਼ਤਰਾਂ ਵਾਲ਼ੇ
ਜਦੋਂ ਤਕ ਲਹੂ ਦੇ ਨਾਲ਼ ਹਰਫ਼ ਪਾਉਂਦੇ ਹਨ...
ਅਸੀਂ ਲੜਾਂਗੇ ਜਦ ਤਕ
ਦੁਨੀਆਂ ’ਚ ਲੜਨ ਦੀ ਲੋੜ ਬਾਕੀ ਹੈ...

ਜਦੋਂ ਬੰਦੂਕ ਨਾ ਹੋਈ, ਓਦੋਂ ਤਲਵਾਰ ਹੋਵੇਗੀ
ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ
ਲੜਨ ਦੀ ਜਾਚ ਨਾ ਹੋਈ, ਲੜਨ ਦੀ ਲੋੜ ਹੋਵੇਗੀ
ਤੇ ਅਸੀਂ ਲੜਾਂਗੇ ਸਾਥੀ...
ਅਸੀਂ ਲੜਾਂਗੇ
ਕਿ ਲੜਨ ਬਾਝੋਂ ਕੁੱਝ ਵੀ ਨਹੀਂ ਮਿਲਦਾ
ਅਸੀਂ ਲੜਾਂਗੇ
ਕਿ ਹਾਲੇ ਤਕ ਲੜੇ ਕਿਉਂ ਨਹੀਂ
ਅਸੀਂ ਲੜਾਂਗੇ
ਆਪਣੀ ਸਜ਼ਾ ਕਬੂਲਣ ਲਈ
ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ ਸਾਥੀ....

***

ਲੁਧਿਆਣੇ ਦੇ ਪਾਵਰਲੂਮ ਮਜ਼ਦੂਰਾਂ ਨੇ ਤੋੜੀ 18 ਸਾਲ ਦੀ ਲੰਮੀ ਚੁੱਪ

42 ਕਾਰਖਾਨਿਆਂ ਦੇ ਸੈਂਕੜੇ ਮਜ਼ਦੂਰਾਂ ਨੇ ਕਾਇਮ ਕੀਤੀ ਜੁਝਾਰੂ ਏਕਤਾ

ਲੁਧਿਆਣੇ ਦੇ ਨਿਊ ਸ਼ਕਤੀ ਨਗਰ (ਟਿੱਬਾ ਰੋਡ, ਲੁਧਿਆਣਾ) ਦੇ 42 ਪਾਵਰਲੂਮ ਕਾਰਖਾਨਿਆਂ ਦੇ ਮਜ਼ਦੂਰਾਂ ਦੀ 24 ਅਗਸਤ 2010 ਤੋਂ ਸ਼ੁਰੂ ਹੋਈ ਹੜਤਾਲ 31 ਅਗਸਤ ਨੂੰ ਸ਼ਾਨਦਾਰ ਜਿੱਤ ਹਾਸਿਲ ਕਰਨ ਨਾਲ਼ ਖ਼ਤਮ ਹੋਈ। ਲੰਮੇ ਅਰਸੇ ਬਾਅਦ ਲੁਧਿਆਣੇ ਵਿੱਚ ਏਨੀ ਜੱਥੇਬੰਦ ਹੜਤਾਲ ਦੇਖਣ ਨੂੰ ਮਿਲੀ ਹੈ। ਪੀਸ ਰੇਟ ਵਿੱਚ ਵਾਧੇ ਦੀ ਮੰਗ ਮੰਨਵਾਉਣ ਦੇ ਨਾਲ਼ ਹੀ ਮਜ਼ਦੂਰਾਂ ਨੇ ਮਾਲਿਕਾਂ ਨੂੰ ਟੁੱਟੇ ਦਿਨਾਂ ਦੀਆਂ ਦਿਹਾੜੀਆਂ ਦਾ ਮੁਆਵਜ਼ਾ ਦੇਣ ਲਈ ਵੀ ਗੋਡੇ ਟੇਕਣ 'ਤੇ ਮਜਬੂਰ ਕਰ ਦਿੱਤਾ। ਪਰ ਇਸ ਹੜਤਾਲ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਹੜਤਾਲ ਨੇ ਮਜ਼ਦੂਰਾਂ ਵਿੱਚ ਬੇਹੱਦ ਲੰਮੇ ਵਕਫ਼ੇ ਤੋਂ ਬਾਅਦ ਇੱਕਜੁੱਟਤਾ ਕਾਇਮ ਕਰ ਦਿੱਤੀ ਹੈ। 1992 ਵਿੱਚ ਪਾਵਰਲੂਮ ਕਾਰਖਾਨਿਆਂ ਵਿੱਚ ਹੋਈ ਡੇਢ ਮਹੀਨਾ ਲੰਮੀ ਚੱਲੀ ਹੜਤਾਲ ਦੀ ਹਾਰ ਤੋਂ ਬਾਅਦ 18 ਸਾਲਾਂ ਤੱਕ ਲੁਧਿਆਣੇ ਦੇ ਪਾਵਰਲੂਮ ਮਜ਼ਦੂਰ ਜੱਥੇਬੰਦ ਨਾ ਹੋ ਸਕੇ। ਇਹ ਅਠ੍ਹਾਰਾਂ ਸਾਲ ਲੁਧਿਆਣੇ ਦੇ ਪਾਵਰਲੂਮ ਮਜ਼ਦੂਰ ਇੱਕ ਭਿਅੰਕਰ ਕਿਸਮ ਦੀ ਨਿਰਾਸ਼ਾ ਵਿੱਚ ਡੁੱਬੇ ਹੋਏ ਸਨ। ਮੁਨਾਫ਼ੇ ਦੀ ਹਵਸ ਵਿੱਚ ਪਾਗਲ ਹੋਏ ਕਾਰਖਾਨਾ ਮਾਲਿਕ ਉਹਨਾਂ ਦੀ ਬੇਕਿਰਕ ਲੁੱਟ ਕਰਨ ਵਿੱਚ ਜੁੱਟੇ ਹੋਏ ਸਨ, ਪਰ ਇਧਰੋਂ ਕਿਸੇ ਤਰ੍ਹਾਂ ਦੇ ਜੱਥੇਬੰਦ ਵਿਰੋਧ ਦੀ ਕਿਤੇ ਕੋਈ ਅਹਿਮ ਸਰਗਰਮੀ ਦਿਖਾਈ ਨਹੀਂ ਦੇ ਰਹੀ ਸੀ। ਪਰ ਹੁਣ ਫਿਰ ਤੋਂ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਉਹਨਾਂ ਦੀ ਲਾਮਬੰਦ ਹੋਣ ਦੀ ਨਵੀਂ ਸ਼ੁਰੂਆਤ ਹੋਈ ਹੈ। ਇਹੀ ਮਜ਼ਦੂਰਾਂ ਦੀ ਸਭ ਤੋਂ ਵੱਡੀ ਜਿੱਤ ਵੀ ਹੈ। ਨਾ ਸਿਰਫ਼ ਮੁੜ ਤੋਂ ਜੱਥੇਬੰਦ ਹੋਕੇ ਉੱਠ ਖੜ੍ਹੇ ਹੋਏ ਹਨ ਸਗੋਂ ਉਹਨਾਂ ਨੇ ਸ਼ੁਰੂਆਤ ਵਿੱਚ ਹੀ ਮਾਲਕਾਂ 'ਤੇ ਜ਼ੋਰਦਾਰ ਹਮਲਾ ਕਰਕੇ ਉਹਨਾਂ ਤੋਂ ਗੋਡੇ ਟਿਕਵਾਏ ਅਤੇ ਅਹਿਮ ਜਿੱਤ ਹਾਸਿਲ ਕੀਤੀ।

ਸ਼ਕਤੀ ਨਗਰ ਦੇ ਮਜ਼ਦੂਰਾਂ ਦੀਆਂ ਅਣਮਨੁੱਖੀ ਜੀਵਨ ਹਾਲਤਾਂ

ਸ਼ਕਤੀ ਨਗਰ ਦੇ ਕਾਰਖਾਨਿਆਂ ਵਿੱਚ ਮਾਲਕਾਂ ਦਾ ਬਰਬਰ ਜੰਗਲ ਰਾਜ ਕਾਇਮ ਹੈ। ਜ਼ਰਾ ਅੰਦਾਜਾ ਲਗਾ ਕੇ ਦੇਖੋਂ ਕਿ ਇਹਨਾਂ ਕਾਰਖਾਨਿਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਕਿੰਨੀ ਭਿਅੰਕਰ ਜ਼ਿੰਦਗੀ ਜਿਉਣ ਲਈ ਮਜਬੂਰ ਹੋਣਗੇ ਕਿ ਪਿਛਲੇ 10-12 ਸਾਲਾਂ ਵਿੱਚ ਉਹਨਾਂ ਦੀ ਆਮਦਨ ਵਿੱਚ ਭੋਰਾ ਵੀ ਵਾਧਾ ਨਹੀਂ ਹੋਇਆ ਜਦਕਿ ਬਹੁਤ ਸਾਰੇ ਮਾਮਲਿਆਂ ਵਿੱਚ ਤਾਂ ਉਹਨਾਂ ਦੇ ਪੀਸ ਰੇਟ ਘਟਾ ਦਿੱਤੇ ਗਏ ਹਨ। ਦੂਜੇ ਪਾਸੇ ਇਹਨਾਂ 10-12 ਸਾਲਾਂ ਦੌਰਾਨ ਮਜ਼ਦੂਰਾਂ ਦੀਆਂ ਮੁੱਢਲੀਆਂ ਲੋੜਾਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਅਸਮਾਨ ਛੂਹਣ ਲੱਗ ਪਈਆਂ ਹਨ। ਪਿਛਲੇ ਦੋ ਸਾਲਾਂ ਤੋਂ ਲੱਕਤੋੜ ਮਹਿੰਗਾਈ ਕੌਮੀ ਮੁੱਦਾ ਬਣਿਆ ਹੋਇਆ ਹੈ। ਪੂਰੇ ਦੇਸ਼ ਵਿੱਚ ਮਹਿੰਗਾਈ ਕਾਰਨ ਹਾਹਾਕਾਰ ਮੱਚੀ ਹੋਈ ਹੈ। ਪਿਛਲੇ 10-12 ਸਾਲਾਂ ਤੋਂ ਲੈ ਕੇ ਹੁਣ ਤੱਕ ਜਦੋਂ ਤੋਂ ਪਾਵਰਲੂਮ ਮਜ਼ਦੂਰਾਂ ਦੀ ਆਮਦਨ ਵਿੱਚ ਵਾਧਾ ਨਹੀਂ ਹੋਇਆ ਹੈ, ਆਟੇ ਦੀ ਕੀਮਤ ਲਗਭਗ ਦੁੱਗਣੀ ਹੋ ਚੁੱਕੀ ਹੈ। ਮੂੰਗੀ-ਮਸਰੀ ਅਤੇ ਅਰਹਰ ਦੀ ਦਾਲ ਗਰੀਬਾਂ ਦਾ ਨਿੱਤ-ਦਿਹਾੜੀ ਦਾ ਭੋਜਨ ਮੰਨਿਆ ਜਾਂਦਾ ਸੀ, ਪਰ ਹੁਣ ਇਹ ਮਜ਼ਦੂਰਾਂ ਦੀ ਪਹੁੰਚ ਵਿੱਚ ਨਹੀਂ ਹੈ। ਖਾਣਾ ਪਕਾਉਣ ਵਾਲਾ ਤੇਲ, ਸ਼ਬਜ਼ੀਆਂ ਆਦਿ ਸਾਰੀਆਂ ਚੀਜ਼ਾਂ ਦੀਆਂ ਅਸਮਾਨ ਛੂਹਦੀਆਂ ਕੀਮਤਾਂ ਮਜ਼ਦੂਰਾਂ ਦੀ ਕਮਰ ਤੋੜ ਰਹੀਆਂ ਹਨ। ਫਲ ਖਰੀਦਣ ਦਾ ਤਾਂ ਮਜ਼ਦੂਰ ਸੁਪਨਾ ਵੀ ਨਹੀਂ ਦੇਖ ਸਕਦੇ। ਕਮਰੇ ਦੇ ਕਿਰਾਏ ਇਹਨਾਂ 10-12 ਸਾਲਾਂ ਵਿੱਚ ਲਗਭਗ ਚਾਰ ਗੁਣਾ ਵਧ ਚੁੱਕੇ ਹਨ। ਬਾਕੀ ਸਾਰੀ ਮਜ਼ਦੂਰ ਅਬਾਦੀ ਵਾਂਗ ਹੀ ਪਾਵਰਲੂਮ ਦੇ ਮਜ਼ਦੂਰਾਂ ਨੂੰ ਵੀ ਮਾਲਿਕ ਬਸ ਓਨਾ ਹੀ ਦਿੰਦੇ ਹਨ ਜਿੰਨੇ ਕੁ ਨਾਲ਼ ਉਹ ਕੇਵਲ ਜਿਉਂਦੇ ਰਹਿ ਸਕਣ। ਮਜ਼ਦੂਰਾਂ ਨੂੰ ਕਾਰਖਾਨਾ ਮਾਲਿਕਾਂ ਨੇ ਆਪਣੀਆਂ ਮਸ਼ੀਨਾਂ ਦੇ ਮਹਿਜ਼ ਪੁਰਜੇ ਬਣਾ ਕੇ ਰੱਖ ਦਿੱਤਾ ਹੈ। ਅਜਿਹਾ ਕੋਈ ਵੀ ਮਜ਼ਦੂਰ ਨਹੀਂ ਹੈ ਜਿਹੜਾ ਘੱਟੋ-ਘੱਟ 12 ਘੰਟੇ ਕੰਮ ਨਾ ਕਰਦਾ ਹੋਵੇ। 14-16 ਘੰਟੇ ਕੰਮ ਕਰਨਾ ਤਾਂ ਬੜੀ ਆਮ ਜਿਹੀ ਗੱਲ ਸਮਝੀ ਜਾਂਦੀ ਹੈ। ਏਨੇ ਜ਼ਿਆਦਾ ਸਮੇਂ ਤੱਕ ਕੰਮ ਕਰਨ ਤੋਂ ਸਿਵਾ, ਉਹ ਕੰਮ ਦੇ ਬੋਝ ਹੇਠਾਂ ਵੀ ਦੱਬੇ ਹੋਏ ਹਨ। ਮਸ਼ੀਨ ਆਪਰੇਟਰ ਇੱਕੋਂ ਸਮੇਂ ਚਾਰ-ਚਾਰ ਮਸ਼ੀਨਾਂ ਚਲਾਉਂਦੇ ਹਨ। ਬੁਲਬੁਲ ਕੁਆਲਿਟੀ ਦੇ ਸ਼ਾਲ ਬਣਾਉਣ ਵਾਲੇ ਮਸ਼ੀਨ ਆਪਰੇਟਰ ਜਦ 12 ਘੰਟੇ ਕੰਮ ਕਰਕੇ ਬਾਹਰ ਨਿਕਲਦੇ ਹਨ ਤਾਂ ਉਹ ਠੀਕ ਤਰ੍ਹਾਂ ਚੱਲ ਵੀ ਨਹੀਂ ਪਾਉਂਦੇ। ਕੁਝ ਮਜ਼ਦੂਰ ਅਜਿਹੇ ਵੀ ਹਨ ਜਿਹੜੇ 24 ਘੰਟੇ ਕੰਮ ਸੰਭਾਲਦੇ ਹਨ, ਪਰ ਇਸਦੇ ਬਾਵਜੂਦ ਵੀ ਕੁਝ ਕੁ ਨੂੰ ਛੱਡ ਕੇ ਸਾਰਿਆਂ ਦੀ ਮਾਸਿਕ ਆਮਦਨ 3500 ਰੁਪਏ ਤੋਂ 5000 ਰੁਪਏ ਹੀ ਬਣਦੀ ਹੈ। ਜਦਕਿ ਸ਼ਕਤੀ ਨਗਰ ਦੇ ਕਾਰਖਾਨਾ ਮਾਲਕਾਂ ਦੇ ਮੁਨਾਫੇ ਦਿਨ ਦੁੱਗਣੇ-ਰਾਤ ਚੌਗਣੇ ਵਧੇ ਹਨ। ਇਹ ਕਾਰਖਾਨਾ ਮਾਲਿਕ ਮਜ਼ਦੂਰਾਂ ਦੀ ਸੁਰੱਖਿਆ 'ਤੇ ਇੱਕ ਪੈਸਾ ਵੀ ਖਰਚ ਕਰਨ ਨੂੰ ਤਿਆਰ ਨਹੀਂ ਹਨ। ਕਾਰਖਾਨਿਆਂ ਵਿੱਚ ਅਕਸਰ ਭਿਅੰਕਰ ਹਾਦਸੇ ਹੁੰਦੇ ਰਹਿੰਦੇ ਹਨ। ਸ਼ਕਤੀ ਨਗਰ ਦੇ ਕਾਰਖਾਨੇ ਮਜ਼ਦੂਰਾਂ ਨਾਲ਼ ਹੋਣ ਵਾਲੇ ਹਾਦਸਿਆਂ ਲਈ ਮਸ਼ਹੂਰ ਹਨ। ਮਸ਼ੀਨਾਂ ਵਿੱਚ ਕਰੰਟ ਆਉਣ ਨਾਲ਼, ਤਾਣੇ ਵਿੱਚ ਲਿਪਟਣ ਨਾਲ਼ ਅਕਸਰ ਮਜ਼ਦੂਰ ਜਾਨਲੇਵਾ ਹਾਦਸਿਆਂ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ। ਈ. ਐੱਸ.ਆਈ. ਕਾਰਡ ਵਗੈਰਾ ਦੀ ਤਾਂ ਗੱਲ ਹੀ ਛੱਡੋ ਮਾਲਿਕ ਤਾਂ ਉਹਨਾਂ ਨੂੰ ਪਹਿਚਾਣ-ਪੱਤਰ ਬਣਾ ਕੇ ਦੇਣ ਨੂੰ ਤਿਆਰ ਨਹੀਂ ਹਨ। ਇਸੇ ਲਈ ਉਹ ਹਾਦਸਾ ਹੋਣ ਤੋਂ ਬਾਅਦ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਦੀ ਜ਼ਿੰਮੇਵਾਰੀ ਤੋਂ ਭੱਜ ਜਾਂਦੇ ਹਨ। ਮਜ਼ਦੂਰ ਦੇ ਮਰ ਜਾਣ 'ਤੇ ਵੀ ਦਸ-ਵੀਹ ਹਜ਼ਾਰ ਵਿੱਚ ਗੱਲ ਨਿਪਟਾਉਣ ਦੀ ਕਰਦੇ ਹਨ। ਅੱਠ ਘੰਟੇ ਦਾ ਕੰਮ ਦਿਨ, ਹਾਜ਼ਰੀ ਰਜਿਸਟਰ, ਹਾਜ਼ਰੀ ਕਾਰਡ, ਪ੍ਰਾਵੀਡੈਂਟ ਫੰਡ ਅਤੇ ਛੁੱਟੀਆਂ ਆਦਿ ਸਾਰੇ ਲੇਬਰ ਕਾਨੂੰਨਾਂ ਦੀਆਂ ਸ਼ਰੇਆਮ ਧੱਜੀਆਂ ਉਡਾਉਣ ਵਾਲੇ ਇਹਨਾਂ ਮਾਲਿਕਾਂ ਨੂੰ ਕਿਸੇ ਦਾ ਵੀ ਡਰ ਨਹੀਂ ਹੈ। ਲੇਬਰ ਵਿਭਾਗ, ਪੁਲਿਸ-ਪ੍ਰਸ਼ਾਸਨ ਸਮੇਤ

ਸਾਰਾ ਸਰਕਾਰੀ ਤੰਤਰ ਇਹਨਾਂ ਦੀ ਪਿੱਠ 'ਤੇ ਖੜ੍ਹਾ ਹੈ। ਮਾਲਿਕਾਂ ਦਾ ਬੇਹੱਦ ਘਟੀਆਂ ਸਲੂਕ ਮਜ਼ਦੂਰਾਂ ਨੂੰ ਸਹਿਣਾ ਪੈਂਦਾ ਹੈ। ਗੱਲ ਗੱਲ 'ਤੇ ਗਾਲਾਂ, ਮਾਰ-ਕੁੱਟ ਆਮ ਜਿਹੀ ਗੱਲ ਹੈ। ਮਜ਼ਦੂਰਾਂ ਦੇ ਦਿਲਾਂ ਵਿੱਚ ਜਮਾਂ ਹੋਇਆ ਗੁੱਸਾ ਬਾਰੂਦ ਦਾ ਰੂਪ ਧਾਰ ਚੁੱਕਿਆ ਸੀ। ਲੋੜ ਸੀ ਬਸ ਇੱਕ ਚਿੰਗਾੜੀ ਦੀ।

ਸ਼ਕਤੀ ਨਗਰ ਦੇ ਪਾਵਰਲੂਮ ਮਜ਼ਦੂਰਾਂ ਵਿੱਚ ਜੱਥੇਬੰਦੀ ਦਾ ਬੀਜ਼ ਬੀਜ਼ਿਆ ਜਾਣਾ

ਕਾਰਖਾਨਾ ਮਜ਼ਦੂਰ ਯੂਨੀਅਨ ਦੁਆਰਾ ਲੁਧਿਆਣੇ ਦੇ ਨਿਊ ਸ਼ਕਤੀ ਨਗਰ ਦੇ ਮਜ਼ਦੂਰਾਂ ਵਿਚਕਾਰ ਲਗਾਤਾਰ ਚੱਲਣ ਵਾਲੇ ਪ੍ਰਚਾਰ-ਪ੍ਰਸਾਰ ਅਤੇ ਕੁਝ ਮਸਲਿਆਂ 'ਤੇ ਲੜੇ ਗਏ ਛੋਟੇ-ਮੋਟੇ ਘੋਲਾਂ ਨੇ ਮਜ਼ਦੂਰਾਂ ਵਿਚਕਾਰ ਜੱਥੇਬੰਦੀ ਦੇ ਬੀਜ਼ ਬੀਜ਼ਣ ਦਾ ਕੰਮ ਤਾਂ ਪਹਿਲਾਂ ਹੀ ਕਰ ਦਿੱਤਾ ਸੀ। ਜੂਨ ਮਹੀਨੇ ਵਿੱਚ ਵੀ ਪੱਪੂ ਨਾਮਕ ਇੱਕ ਮਜ਼ਦੂਰ ਦੀ ਮਸ਼ੀਨ 'ਤੇ ਕੰਮ ਕਰਦਿਆਂ ਕਰੰਟ ਲੱਗਣ ਨਾਲ਼ ਮੌਤ ਹੋ ਜਾਣ ਤੋਂ ਬਾਅਦ ਨਿਊ ਸ਼ਕਤੀ ਨਗਰ ਦੇ ਇਹਨਾਂ ਮਜ਼ਦੂਰਾਂ ਨੇ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਆਪਣੇ ਸਾਥੀ ਦੀ ਮੌਤ ਦੇ ਸੋਗ ਵਿੱਚ ਅਤੇ ਕਾਰਖਾਨਾ ਮਾਲਿਕ ਤੋਂ ਉਸਦੇ ਪਰਿਵਾਰ ਨੂੰ ਵਾਜਿਬ ਮੁਆਵਜਾ ਦਿਲਾਉਣ ਲਈ ਇੱਕ ਦਿਨ ਦੀ ਹੜਤਾਲ ਕੀਤੀ ਸੀ। ਇਸ ਇੱਕ ਦਿਨ ਦੀ ਹੜਤਾਲ ਤੋਂ ਬਾਅਦ ਮਜ਼ਦੂਰਾਂ ਨੇ ਮਾਲਿਕਾਂ ਨੂੰ ਉਹਨਾਂ ਦੇ ਪੀਸ ਰੇਟ ਵਿੱਚ ਵਾਧਾ ਕਰਨ ਦੀ ਮੰਗ ਰੱਖਣ ਦੀ ਹਿੰਮਤ ਦਿਖਾਉਣੀ ਸ਼ੁਰੂ ਕਰ ਦਿੱਤੀ।

24 ਅਗਸਤ ਨੂੰ ਸ਼ਕਤੀ ਨਗਰ ਦੇ ਪਾਵਰਲੂਮ ਮਜ਼ਦੂਰਾਂ ਨੇ ਪੀਸ ਰੇਟ ਵਧਾਉਣ ਅਤੇ ਹੋਰ ਮੰਗਾਂ ਨੂੰ ਲੈ ਕੇ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਹੜਤਾਲ ਸ਼ੁਰੂ ਕਰ ਦਿੱਤੀ। ਮਾਲਿਕਾਂ ਨੂੰ ਅਜੇ ਵੀ ਇਹ ਭਰਮ ਸੀ ਕਿ ਮਜ਼ਦੂਰ ਕੰਮ 'ਤੇ ਆਪਣੇ-ਆਪ ਵਾਪਸ ਪਰਤ ਆਉਣਗੇ ਪਰ ਜਿਓ-ਜਿਓ ਸਮਾਂ ਗੁਜ਼ਰਦਾ ਗਿਆ ਉਹਨਾਂ ਦੇ ਭਰਮ ਟੁੱਟਦੇ ਗਏ। ਹੜਤਾਲ ਹੋਰ ਮਜ਼ਬੂਤ ਹੁੰਦੀ ਗਈ। ਕਿਸੇ-ਕਿਸੇ ਕਾਰਖਾਨੇ ਵਿੱਚ ਨਾ-ਮਾਤਰ ਜੋ ਥੋੜਾ-ਬਹੁਤ ਕੰਮ ਹੋ ਰਿਹਾ ਸੀ ਉਹ ਵੀ ਬੰਦ ਹੋਣ ਲੱਗ ਪਿਆ। 42 ਕਾਰਖਾਨਿਆਂ ਦਾ ਕੰਮ ਪੂਰੀ ਤਰ੍ਹਾਂ ਠੱਪ ਹੋ ਗਿਆ। 25 ਅਗਸਤ ਨੂੰ ਲੇਬਰ ਵਿਭਾਗ ਵਿਖੇ ਜ਼ਬਰਦਸਤ ਰੋਸ-ਵਿਖਾਵੇ ਕਰਕੇ ਪੀਸ ਰੇਟ ਵਧਾਉਣ, ਕਾਰਖਾਨਿਆਂ ਵਿੱਚ ਮਜ਼ਦੂਰਾਂ ਦੀ ਸੁਰੱਖਿਆ ਦੇ ਪ੍ਰਬੰਧਾਂ ਸਮੇਤ ਸਾਰੇ ਕਿਰਤ ਕਾਨੂੰਨ ਲਾਗੂ ਕਰਨ ਲਈ ਅਸਿਸਟੈਂਟ ਲੇਬਰ ਕਮਿਸਨਰ ਨੇਤਰ ਸਿੰਘ ਧਾਲੀਵਾਲ ਨੂੰ ਮੰਗ-ਪੱਤਰ ਸੌਂਪਿਆ। 26 ਅਗਸਤ ਨੂੰ ਮਾਲਿਕਾਂ ਦੀ ਐਸੋਸ਼ੀਏਸ਼ਨ ਸਾਰੇ ਮਾਲਿਕਾਂ ਵੱਲੋਂ ਗੱਲਬਾਤ ਲਈ ਬੈਠਣ ਨੂੰ ਰਾਜ਼ੀ ਹੋ ਗਈ। ਤਾਨਾ ਮਾਸਟਰਾਂ ਅਤੇ ਮਰੋੜੀ ਵਾਲਿਆਂ, ਕੋਨਾ ਬਾਈਡਰਾਂ ਅਤੇ ਮਸ਼ੀਨ ਅਪਰੇਟਰਾਂ ਦੇ ਕੁਝ ਕੁ ਕਾਰਖਾਨਿਆਂ ਵਿੱਚ ਪੀਸ ਰੇਟ ਵਧਾਉਣ ਦੀਆਂ ਮੰਗਾਂ ਤਾਂ ਉਸੇ ਦਿਨ ਮਾਲਕਾਂ ਨੇ ਮੰਨ ਲਈਆਂ। ਨਾਲੀ ਬਾਈਡਰਾਂ ਦਾ 18 ਮਸ਼ੀਨਾਂ ਤੱਕ 1000 ਰੁਪਏ ਅਤੇ ਉਸ ਤੋਂ ਵੱਧ ਮਸ਼ੀਨਾਂ ਹੋਣ 'ਤੇ 1000 ਰੁਪਏ ਦੇ ਵਾਧੇ ਤੋਂ ਸਿਵਾ 55 ਰੁਪਏ ਪ੍ਰਤੀ ਮਸ਼ੀਨ ਵਧਾਉਣ ਦੀ ਮੰਗ ਮੰਨਣ ਲਈ ਮਾਲਿਕਾਂ ਨੂੰ ਉਸ ਦਿਨ ਮਜਬੂਰ ਹੋਣਾ ਪਿਆ। ਪਰ ਮਸ਼ੀਨ ਅਪਰੇਟਰਾਂ ਦੇ ਪੀਸ ਰੇਟ ਵਿੱਚ ਵਾਧੇ ਦੀ ਉਸ ਦਿਨ ਕੋਈ ਸਹਿਮਤੀ ਨਾ ਬਣ ਸਕੀ। ਜਦੋਂ 27 ਅਗਸਤ ਨੂੰ ਦੁਪਹਿਰ ਤੱਕ ਮਾਲਕਾਂ ਨੇ ਕੋਈ ਗੱਲਬਾਤ ਨਾ ਚਲਾਈ ਅਤੇ ਲੇਬਰ ਅਧਿਕਾਰੀ ਟਾਲ-ਮਟੋਲ ਕਰਦੇ ਰਹੇ ਤਾਂ ਫੋਰਨ ਲੇਬਰ ਦਫ਼ਤਰ ਪਹੁੰਚ ਕੇ ਧਰਨਾ ਲਗਾ ਦਿੱਤਾ ਗਿਆ। ਮਜ਼ਦੂਰਾਂ ਦੇ ਗੁੱਸੇ ਤੋਂ ਘਬਰਾ ਕੇ ਸਾਰੇ ਲੇਬਰ ਅਧਿਕਾਰੀ ਦਫ਼ਤਰ ਛੱਡ ਕੇ ਭੱਜ ਗਏ। ਐਲਾਨ ਕੀਤਾ ਗਿਆ ਕਿ ਜੇ ਕਰ ਐਤਵਾਰ ਤੱਕ ਮਜ਼ਦੂਰਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੋਮਵਾਰ ਨੂੰ ਲੇਬਰ ਦਫ਼ਤਰ ਦਾ ਘਿਰਾਓ ਕੀਤਾ ਜਾਵੇਗਾ। ਸ਼ਨੀਵਾਰ ਨੂੰ ਚੱਲੀ ਗੱਲਬਾਤ ਬੇਸਿੱਟਾ ਰਹੀ। ਐਤਵਾਰ ਨੂੰ ਲੇਬਰ ਇੰਸਪੈਕਟਰ ਮਾਲਿਕਾਂ ਨਾਲ਼ ਗੱਲਬਾਤ ਕਰਨ ਲਈ ਕਾਰਖਾਨਿਆਂ ਦੇ ਚੱਕਰ ਕੱਟਦਾ ਰਿਹਾ। ਸੋਮਵਾਰ ਨੂੰ ਹੜਤਾਲੀ ਮਜ਼ਦੂਰਾਂ ਨੇ ਲੇਬਰ ਦਫ਼ਤਰ ਦਾ ਘਿਰਾਓ ਕਰ ਦਿੱਤਾ। ਲੇਬਰ ਅਧਿਕਾਰੀ ਘਬਰਾਏ ਹੋਏ ਸਨ। ਉਹਨਾਂ ਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਅਗਲਾ ਘਿਰਾਓ ਅਨਿਸ਼ਚਿਤ ਸਮੇਂ ਲਈ ਹੋਵੇਗਾ ਅਤੇ ਉਹਨਾਂ ਦਾ ਟੱਟੀ-ਪੇਸ਼ਾਬ ਜਾਣਾ ਵੀ ਬੰਦ ਕਰ ਦਿੱਤਾ ਜਾਵੇਗਾ ਅਤੇ ਘਿਰਾਓ ਬਿਨਾਂ ਕਿਸੇ ਅਗਾਊਂ ਸੂਚਨਾ ਦੇ ਹੋਵੇਗਾ। ਲੇਬਰ ਅਧਿਕਾਰੀਆਂ ਨੇ ਮਾਲਿਕਾਂ ਦੇ ਪ੍ਰਤੀਨਿਧੀਆਂ ਨੂੰ ਜਿਵੇਂ-ਕਿਵੇਂ ਫਿਰ ਬੁਲਾਇਆ ਅਤੇ ਰਾਤ ਦੇ ਸਾਢੇ ਨੌਂ ਵਜੇ ਤੱਕ ਗੱਲਬਾਤ ਚੱਲਦੀ ਰਹੀ। ਡੀ. ਸੀ. ਬਾਰ ਬਾਰ ਏ. ਐੱਲ. ਸੀ. ਨੂੰ ਫੋਨ ਕਰਕੇ ਹਾਲਤ ਦੀ ਜਾਣਕਾਰੀ ਲੈ ਰਿਹਾ ਸੀ। ਪੀਸ ਰੇਟ ਦੇ ਵਾਧੇ 'ਤੇ ਸਹਿਮਤੀ ਬਣ ਗਈ। ਪਰ ਹੜਤਾਲ ਦੀਆਂ ਟੁੱਟੀਆਂ ਦਿਹਾੜੀਆਂ ਦੇ ਭੁਗਤਾਨ 'ਤੇ ਆ ਕੇ ਗੱਲ ਫਿਰ ਅਟਕ ਗਈ। 31 ਅਗਸਤ ਨੂੰ ਲੇਬਰ ਵਿਭਾਗ ਸਾਰਾ ਦਿਨ ਭੱਜ-ਨੱਠ ਕਰਦਾ ਰਿਹਾ। ਮਾਲਿਕਾਂ ਨੇ ਪਹਿਲਾਂ ਤਾਂ ਟੁੱਟੀਆਂ ਦਿਹਾੜੀਆਂ ਦਾ ਇੱਕ ਵੀ ਪੈਸਾ ਦੇਣ ਤੋਂ ਇਨਕਾਰ ਕਰ ਦਿੱਤਾ, ਫਿਰ ਉਹ 200 ਰੁਪਏ ਬਤੌਰ ਮੁਆਵਜਾ ਦੇਣ ਨੂੰ ਤਿਆਰ ਹੋਏ, ਹੌਲੀ-ਹੌਲੀ ਜਦੋਂ ਉਹ 31 ਅਗਸਤ ਦੀ ਸ਼ਾਮ ਤੱਕ ਹੜਤਾਲ ਦੇ ਮੁਆਵਜੇ ਵਜੋਂ ਹਰ ਮਜ਼ਦੂਰ ਨੂੰ 400 ਰੁਪਏ ਦੇਣ ਲਈ ਰਾਜ਼ੀ ਹੋ ਗਏ ਤਾਂ ਸਾਰੇ ਮਜ਼ਦੂਰਾਂ ਨੇ ਇਕਮਤ ਹੋ ਕੇ ਜੋਸ਼ੀਲੇ ਅਤੇ ਸ਼ਾਨਦਾਰ ਨਾਅਰਿਆਂ ਨਾਲ਼ ਹੜਤਾਲ ਦੀ ਸਮਾਪਤੀ ਦਾ ਐਲਾਨ ਕਰ ਦਿੱਤਾ।

ਹੜਤਾਲ ਦੀਆਂ ਅਹਿਮ ਪ੍ਰਾਪਤੀਆਂ

ਇਸ ਹੜਤਾਲ ਦੀ ਸਭ ਤੋਂ ਵੱਡੀ ਜਿੱਤ ਤਾਂ ਇਹੀ ਹੈ ਕਿ ਭਿਅੰਕਰ ਨਿਰਾਸ਼ਾ ਦਾ ਸ਼ਿਕਾਰ ਅਠ੍ਹਾਰਾਂ ਸਾਲਾਂ ਤੋਂ ਚੁੱਪ ਬੈਠੀ ਲੁਧਿਆਣੇ ਦੀ ਪਾਵਰਲੂਮ ਮਜ਼ਦੂਰ ਆਬਾਦੀ ਦੇ ਜੱਥੇਬੰਦ ਹੋਣ ਦੀ ਨਵੀਂ ਸ਼ੁਰੂਆਤ ਹੋ ਚੁੱਕੀ ਹੈ। ਭਾਵੇਂ ਕਿ ਆਮਦਨ ਵਿੱਚ ਵਾਧਾ ਓਨਾ ਨਹੀਂ ਹੋਇਆ ਜਿੰਨੀ ਉਮੀਦ ਸੀ ਪਰ ਜੋ ਹਾਸਿਲ ਹੋਇਆ ਹੈ ਉਹ ਅਹਿਮ ਪ੍ਰਾਪਤੀ ਹੈ। ਮਜ਼ਦੂਰਾਂ ਦੀ ਆਮਦਨ ਵਿੱਚ ਲਗਭਗ 500 ਰੁਪਏ ਤੋਂ ਲੈ ਕੇ 1300 ਰੁਪਏ ਤੱਕ ਦੇ ਵਾਧੇ ਦੀ ਸਫ਼ਲਤਾ ਮਿਲੀ ਹੈ। ਜਿੱਥੇ ਮਜ਼ਦੂਰਾਂ ਵਿੱਚ ਮਜਬੂਤ ਏਕਤਾ ਕਾਇਮ ਹੋਈ ਹੈ ਉੱਥੇ ਮਾਲਿਕਾਂ ਵਿੱਚ ਬੁਰੀ ਤਰ੍ਹਾਂ ਫੁੱਟ ਪੈ ਗਈ ਸੀ। ਜਦੋਂ ਵੀ ਮਜ਼ਦੂਰ ਮਾਲਿਕਾਂ ਵਿਰੁੱਧ ਸੰਘਰਸ਼ ਦਾ ਝੰਡਾ ਉਠਾਉਂਦੇ ਹਨ ਤਾਂ ਮਾਲਿਕ ਉਹਨਾਂ ਦੇ ਸੰਘਰਸ਼ ਨੂੰ ਖੂੰਢਾ ਕਰਨ ਲਈ, ਉਹਨਾਂ ਦੀ ਏਕਤਾ ਤੋੜਨ ਲਈ, ਉਹਨਾਂ ਨੂੰ ਸਹੀ ਰਾਹ ਤੋਂ ਭਟਕਾਉਣ

ਲਈ ਤਰ੍ਹਾਂ ਤਰ੍ਹਾਂ ਦੀਆਂ ਚਾਲਾਂ ਖੇਡਦੇ ਹਨ। ਜੇਕਰ ਮਜ਼ਦੂਰ ਜਾਗ੍ਰਿਤ ਨਾ ਹੋਵੇ, ਅਗਵਾਈ ਸਾਵਧਾਨ ਨਾ ਹੋਵੇ, ਤਾਂ ਮਾਲਿਕ ਆਪਣੀਆਂ ਚਾਲਾਂ ਵਿੱਚ ਸਫ਼ਲ ਹੋ ਜਾਂਦੇ ਹਨ। ਇਸ ਹੜਤਾਲ ਦੀ ਇਹ ਵੀ ਅਹਿਮ ਪ੍ਰਾਪਤੀ ਰਹੀ ਕਿ ਮਾਲਿਕ ਇਸ ਨਾਲ਼ ਇਸ ਹੱਦ ਤੱਕ ਬੌਂਦਲ ਗਏ ਕਿ ਉਹਨਾਂ ਦੇ ਦਿਮਾਗ ਕੰਮ ਕਰਨਾ ਬੰਦ ਕਰ ਗਏ ਅਤੇ ਉਹ ਆਪਸ ਵਿੱਚ ਹੀ ਲੜ ਪਏ ਤੇ ਆਪਣੇ ਹੀ ਪ੍ਰਧਾਨ ਨੂੰ ਕੁਟਾਪਾ ਚਾੜ ਦਿੱਤਾ। ਇਸ ਹੜਤਾਲ ਦੀ ਇੱਕ ਹੋਰ ਅਹਿਮ ਪ੍ਰਾਪਤੀ ਇਹ ਵੀ ਰਹੀ ਕਿ ਮਜ਼ਦੂਰਾਂ ਨੇ ਹੜਤਾਲ ਦੀਆਂ ਟੁੱਟੀਆਂ ਦਿਹਾੜੀਆਂ ਲਈ ਹਰ ਮਜ਼ਦੂਰ ਨੂੰ 400 ਰੁਪਏ ਦੇਣ ਲਈ ਮਾਲਿਕਾਂ ਨੂੰ ਝੁਕਣ 'ਤੇ ਮਜ਼ਬੂਰ ਕਰ ਦਿੱਤਾ।

ਜਿਹੜੇ ਲੇਬਰ ਅਧਿਕਾਰੀ ਮਜ਼ਦੂਰਾਂ ਦੀ ਗੱਲ ਵੀ ਸੁਣਨ ਨੂੰ ਤਿਆਰ ਨਹੀਂ ਸਨ ਹੁੰਦੇ। ਜਿਹੜੇ ਹਫ਼ਤੇ ਵਿੱਚ ਦੋ ਦਿਨ ਛੁੱਟੀ ਕਰਕੇ ਆਰਾਮ ਫਰਮਾਉਂਦੇ ਸਨ। ਇਸ ਹੜਤਾਲ ਨੇ ਉਹਨਾਂ ਨੂੰ ਮਜ਼ਦੂਰਾਂ ਲਈ ਛੁੱਟੀ ਵਾਲੇ ਦਿਨ (ਸ਼ਨੀਵਾਰ ਅਤੇ ਐਤਵਾਰ) ਵੀ ਕੰਮ ਕਰਨ ਲਈ ਮਜਬੂਰ ਕਰ ਦਿੱਤਾ। 30 ਅਗਸਤ (ਸੋਮਵਾਰ) ਨੂੰ ਤਾਂ ਉਹਨਾਂ ਨੂੰ ਰਾਤ ਦੇ ਸਾਢੇ ਦਸ ਵਜੇ ਤੱਕ ਬਿਠਾਈ ਰੱਖਿਆ।

ਸ਼ਕਤੀ ਨਗਰ ਦੇ ਮਜ਼ਦੂਰਾਂ ਦੀ ਇਸ ਹੜਤਾਲ ਦੀ ਇੱਕ ਬੇਹੱਦ ਅਹਿਮ ਪ੍ਰਾਪਤੀ ਹੈ ਕਿ ਇਸਨੇ ਹੋਰਨਾਂ ਇਲਾਕਿਆਂ ਦੇ ਪਾਵਰਲੂਮ ਮਜ਼ਦੂਰਾਂ ਵਿੱਚ ਵੀ ਮਾਲਿਕਾਂ ਵਿਰੁੱਧ ਆਵਾਜ਼ ਉਠਾਉਣ, ਉਹਨਾਂ ਸਾਹਮਣੇ ਆਪਣੀਆਂ ਮੰਗਾਂ ਰੱਖਣ ਦਾ ਸਾਹਸ ਪੈਦਾ ਕਰ ਦਿੱਤਾ ਹੈ। ਸ਼ਕਤੀ ਨਗਰ ਦੇ ਮਜ਼ਦੂਰਾਂ ਦੀ ਹੜਤਾਲ ਦੇ ਅਸਰ ਹੇਠ 30 ਅਗਸਤ ਨੂੰ ਟਿੱਬਾ ਰੋਡ ਦੇ 165 ਪਾਵਰਲੂਮ ਮਜ਼ਦੂਰ ਵੀ ਕੰਮ ਛੱਡ ਕੇ ਆ ਗਏ ਸਨ ਭਾਵੇਂ ਕਿ ਉਹ ਦੂਜੇ ਦਿਨ ਮਾਲਿਕਾਂ ਵੱਲੋਂ ਉਹਨਾਂ ਨੂੰ ਪੀਸ ਰੇਟ ਵਧਾਉਣ ਦਾ ਭਰੋਸਾ ਦਿੱਤੇ ਜਾਣ 'ਤੇ ਫਿਰ ਕੰਮ 'ਤੇ ਪਰਤ ਗਏ।

1 ਸਤੰਬਰ ਤੋਂ ਪੁਰਾਣੀ ਮਾਧੋਪੁਰੀ ਦੇ ਪਵਨ ਅਤੇ ਡੀ. ਐੱਲ ਟੈਕਸਟਾਈਲ ਦੇ 16 ਮਜ਼ਦੂਰ ਕੰਮ ਠੱਪ ਕਰਕੇ ਹੜਤਾਲ 'ਤੇ ਬੈਠ ਗਏ। ਉਹਨਾਂ ਨੇ ਤੀਜੇ ਦਿਨ ਯੂਨੀਅਨ ਨਾਲ਼ ਸੰਪਰਕ ਕੀਤਾ। 4 ਸਤੰਬਰ ਨੂੰ ਮਾਲਿਕ ਨੇ ਸ਼ਕਤੀ ਨਗਰ ਦੇ ਨਵੇਂ ਪੀਸ ਰੇਟਾਂ ਮੁਤਾਬਿਕ ਵਾਧਾ ਕਰਦਿਆਂ ਗੋਡੇ ਟੇਕ ਦਿੱਤੇ।

****

ਬਜਾਜ ਸੰਨਜ਼ ਦੇ ਮਜ਼ਦੂਰਾਂ ਦੇ ਸੰਘਰਸ਼ ਅੱਗੇ ਝੁਕੀ ਮੈਨੇਜਮੈਂਟ

ਆਟੋ ਪਾਰਟਸ ਤਿਆਰ ਕਰਨ ਵਾਲ਼ੀ ਕੰਪਨੀ, ਬਜਾਜ ਸੰਨਜ਼ ਇੰਡੀਆ ਲਿਮ. ਲੁਧਿਆਣਾ ਦੀ ਸੀ-103 ਯੂਨਿਟ ਵਿੱਚ 8 ਅਗਸਤ 2010 ਨੂੰ ਮਜ਼ਦੂਰਾਂ ਨੇ ਤਿੰਨ ਘੰਟੇ ਲਈ ਕੰਮ ਠੱਪ ਕਰ ਦਿੱਤਾ। ਮਾਮਲਾ ਇਹ ਸੀ ਕਿ ਕਾਰਖਾਨੇ ਦੇ ਸੰਤੋਸ਼ ਅਤੇ ਲਛਮਣ ਨਾਂ ਦੇ ਦੋ ਮਜ਼ਦੂਰਾਂ ਨੇ ਐਮਰਜੈਂਸੀ ਕਾਰਨ ਘਰ ਜਾਣ ਲਈ 20-20 ਦਿਨਾਂ ਦੀ ਛੁੱਟੀ ਮੰਗੀ ਸੀ। ਲਛਮਣ ਨੂੰ ਤਾਂ ਘਰੋਂ ਫੋਨ ਆਇਆ ਸੀ ਕਿ ਉਸਦੇ ਦਾਦੇ ਦੀ ਸਿਹਤ ਕਾਫ਼ੀ ਵਿਗੜ ਗਈ ਹੈ ਇਸ ਲਈ ਜਲਦੀ ਆ ਜਾਵੇ। ਲਛਮਣ ਨੇ ਮੈਨੇਜਮੈਂਟ ਤੋਂ 2000 ਰੁਪਏ ਐਡਵਾਂਸ ਵੀ ਮੰਗਿਆ। ਪਰ ਮੈਨੇਜਮੈਂਟ ਨੇ ਐਡਵਾਂਸ ਦੇਣ ਤੋਂ ਤਾਂ ਸਾਫ਼-ਸਾਫ਼ ਮੰਨਾ ਕੀਤਾ ਹੀ ਨਾਲ਼ ਹੀ ਦੋਹਾਂ ਮਜ਼ਦੂਰਾਂ ਨੂੰ 15 ਦਿਨ ਤੋਂ ਜ਼ਿਆਦਾ ਦੀ ਛੁੱਟੀ ਦੇਣ ਤੋਂ ਵੀ ਮਨਾ ਕਰ ਦਿੱਤਾ। ਨਾਲ਼ ਹੀ ਮੈਨੇਜਮੈਂਟ ਨੇ ਕਿਹਾ ਕਿ ਉਹਨਾਂ ਨੂੰ ਛੁੱਟੀ ਫੌਰਨ ਵੀ ਨਹੀਂ ਮਿਲੇਗੀ। ਮੈਨੇਜਮੈਂਟ ਦੇ ਇਸ ਅਣ-ਮਨੁੱਖੀ ਵਤੀਰੇ ਕਾਰਨ ਮਜ਼ਦੂਰਾਂ ਵਿੱਚ ਰੋਹ ਫੈਲ ਗਿਆ। 150 ਮਜ਼ਦੂਰਾਂ ਨੇ ਪਹਿਲਾਂ 7 ਨੰਬਰ ਡਿਪਾਰਟਮੈਂਟ ਦਾ ਕੰਮ ਬੰਦ ਕਰ ਦਿੱਤਾ। ਇਸ ਨਾਲ਼ ਮੈਨੇਜਮੈਂਟ 20 ਦਿਨਾਂ ਦੀ ਛੁੱਟੀ ਦੇਣ ਲਈ ਤਾਂ ਝੁਕ ਗਈ ਪਰ ਐਡਵਾਂਸ ਨਾ ਦੇਣ 'ਤੇ ਅੜੀ ਰਹੀ। ਇਸ ਕਾਰਨ ਕਾਰਖਾਨੇ ਦੇ ਲਗਭਗ ਸਾਰੇ 800 ਮਜ਼ਦੂਰਾਂ ਨੇ ਕੰਮ ਬੰਦ ਕਰ ਦਿੱਤਾ। ਮਜ਼ਦੂਰਾਂ ਦੇ ਸਖ਼ਤ ਵਿਰੋਧ ਅੱਗੇ ਆਖਿਰਕਾਰ ਮੈਨੇਜਮੈਂਟ ਨੂੰ ਗੋਡੇ ਟੇਕਣੇ ਹੀ ਪਏ। ਲਛਮਣ ਨੂੰ 2000 ਰੁਪਏ ਐਡਵਾਂਸ ਵੀ ਮਿਲ ਗਿਆ।

ਅਸਲ ਵਿੱਚ ਇਸ ਛੋਟੀ ਜਿਹੀ ਹੜਤਾਲ ਨੂੰ ਬਜਾਜ ਸੰਨਜ਼ ਦੇ ਮਜ਼ਦੂਰਾਂ ਵਿੱਚ ਪੈਦਾ ਹੋਈ ਨਵੀਂ ਚੇਤਨਾ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਬਜਾਜ ਸੰਨਜ਼ ਵਿੱਚ ਲਗਭਗ 5 ਸਾਲਾਂ ਤੋਂ ਸੀਟੂ ਦੀ ਅਗਵਾਈ ਹੇਠ ਯੂਨੀਅਨ ਬਣੀ ਹੋਈ ਹੈ। ਮਜ਼ਦੂਰਾਂ ਦੀ ਜੁਝਾਰੂ ਚੇਤਨਾ ਨੂੰ ਖੁੰਢਾ ਕਰਨ ਵਿੱਚ ਸੀਟੂ ਦੇ ਸਮਝੌਤਾਪ੍ਰਸਤ ਰਵੱਈਏ, ਉਸਦੇ ਦਲਾਲ ਅਤੇ ਡਰਪੋਕ ਆਗੂਆਂ ਨੇ ਕੋਈ ਕਸਰ ਨਹੀਂ ਛੱਡੀ। ਉਪਰੋਕਤ ਮਸਲੇ 'ਤੇ ਵੀ ਉਹਨਾਂ ਨੇ ਮਜ਼ਦੂਰਾਂ ਵੱਲ ਟਾਲ਼-ਮਟੋਲ਼ ਵਾਲਾ ਅਤੇ ਉਹਨਾਂ ਨੂੰ ਮੂਰਖ ਬਣਾਉਣ ਵਾਲੇ ਵਤੀਰਾ ਅਪਣਾਇਆ। ਪਿਛਲੇ ਤਿੰਨ ਸਾਲਾਂ ਤੋਂ ਬਜਾਜ ਸੰਨਜ਼ ਦੇ ਮਜ਼ਦੂਰ ਘੋਲ਼ ਅਤੇ ਜੱਥੇਬੰਦੀ ਪ੍ਰਤੀ ਬੇਹੱਦ ਨਿਰਾਸ਼ ਸਨ। ਪਰ ਹੁਣ ਕਾਰਖਾਨਾ ਮਜ਼ਦੂਰ ਯੂਨੀਅਨ ਦੇ ਸੰਪਰਕ ਵਿੱਚ ਆਉਣ ਨਾਲ਼ ਉਹਨਾਂ ਵਿੱਚ ਨਵੀਂ ਚੇਤਨਾ ਆਈ ਹੈ। ਉਹ ਹੁਣ ਮਜ਼ਦੂਰ ਅਖ਼ਬਾਰ 'ਬਿਗੁਲ' ਅਤੇ ਹੋਰ ਇਨਕਲਾਬੀ ਸਾਹਿਤ ਪੜ੍ਹਣ ਲੱਗ ਪਏ ਹਨ। ਉਹ ਸੀਟੂ ਦੇ ਦਲਾਲ ਕਿਰਦਾਰ ਨੂੰ ਸਮਝ ਚੁੱਕੇ ਹਨ। ਹੁਣ ਉਹ ਖੁਦ ਪਹਿਲ ਕਦਮੀ ਕਰਕੇ ਜੱਥੇਬੰਦੀ ਨੂੰ ਮਜਬੂਤ ਕਰ ਰਹੇ ਹਨ ਅਤੇ ਅਪਣੇ ਮਾਮਲਿਆਂ ਨੂੰ ਹੱਲ ਕਰਵਾਉਣ ਲੱਗੇ ਹਨ। ਲੁਧਿਆਣੇ ਦੇ ਪਾਵਰਲੂਮ ਮਜ਼ਦੂਰਾਂ ਦੀ ਜੁਝਾਰੂ ਹੜਤਾਲ ਅਤੇ ਉਸ ਦੀ ਸ਼ਾਨਦਾਰ ਜਿੱਤ ਨੇ ਵੀ ਉਹਨਾਂ ਦੇ ਨਵੇਂ ਰਾਹ 'ਤੇ ਅੱਗੇ ਵਧਣ ਦੇ ਇਰਾਦਿਆਂ ਨੂੰ ਹੋਰ ਪੱਕਾ ਕਰ ਦਿੱਤਾ। ਉਹਨਾਂ 'ਚ ਪੈਦਾ ਹੋਈ ਨਵੀਂ ਚੇਤਨਾ ਦੀ ਇੱਕ ਉਦਾਹਰਣ ਇਹ ਹੈ ਕਿ ਉਹਨਾਂ ਵਿੱਚੋਂ ਕੁਝ ਲੋਕਾਂ ਨੇ ਸੀਟੂ ਆਗੂਆਂ ਦੇ ਵਿਰੋਧ ਵਿੱਚ ਅਤੇ ਸੀਟੂ ਵੱਲੋਂ ਮਿਲੀ ਚਾਰਜਸ਼ੀਟ ਕਟਵਾ ਦੇਣ ਅਤੇ ਜਾਨਲੇਵਾ ਹਮਲੇ ਕਰਵਾ ਦੇਣ ਦੀਆਂ ਸਾਰੀਆਂ ਧਮਕੀਆਂ ਦੇ ਬਾਵਜੂਦ ਪਾਵਰਲੂਮ ਮਜ਼ਦੂਰਾਂ ਦੇ ਧਰਨੇ-ਵਿਖਾਵਿਆਂ ਵਿੱਚ ਸ਼ਮੂਲੀਅਤ ਲਈ ਸਮਾਂ ਕੱਢਿਆ। 1 ਅਗਸਤ ਨੂੰ ਪਾਵਰਲੂਮ ਮਜ਼ਦੂਰਾਂ ਦੀ ਜਿੱਤ ਦੀ ਖੁਸ਼ੀ ਵਿੱਚ ਉਹਨਾਂ ਨੇ ਕਾਰਖਾਨੇ ਵਿੱਚ ਮਠਿਆਈ ਵੀ ਵੰਡੀ। ਉਹ ਹੋਰਨਾਂ ਕਾਰਖਾਨਿਆਂ ਦੇ ਮਜ਼ਦੂਰਾਂ ਨਾਲ਼ ਵਿਆਪਕ ਏਕਤਾ ਦੀ ਜ਼ਰੂਰਤ ਨੂੰ ਸਮਝ ਕੇ, ਉਹਨਾਂ ਨਾਲ਼ ਤਾਲਮੇਲ ਬਿਠਾਉਣ ਦੇ ਸਚੇਤਨ ਯਤਨ ਕਰਨ ਲੱਗ ਪਏ ਹਨ। ਸਾਨੂੰ ਪੂਰੀ ਉਮੀਦ ਹੈ ਕਿ ਉਹਨਾਂ ਵਿੱਚ ਪੈਦਾ ਹੋਈ ਇਹ ਨਵੀਂ ਚੇਤਨਾ ਅਤੇ ਪਹਿਲ ਕਦਮੀ ਜ਼ਰੂਰ ਰੰਗ ਲਿਆਵੇਗੀ

*****

(ਸਫ਼ਾ 26 ਦਾ ਬਾਕੀ)

ਪ੍ਰਤਿਭਾ ਦਾ ਉਦੈ ਹੋਵੇ। ਪਰ ਫਿਲਹਾਲ ਜੋ ਹਾਲਤ ਹੈ ਉਸ ਹਾਲਤ ਵਿਚ ਨਾ ਸਿਰਫ਼ ਪ੍ਰਤਿਭਾ ਪੈਦਾ ਕਰਨਾ ਮੁਸ਼ਕਲ ਹੈ, ਸਗੋਂ ਅਜਿਹੀ ਮਿੱਟੀ ਤਿਆਰ ਕਰਨਾ ਮੁਸ਼ਕਲ ਹੈ, ਜਿਸ ਨਾਲ਼ ਪ੍ਰਤਿਭਾ ਉੱਗ ਸਕੇ। ਮੈਨੂੰ ਲਗਦਾ ਹੈ ਜਦ ਪ੍ਰਤਿਭਾ ਪੈਦਾਇਸ਼ੀ ਹੁੰਦੀ ਹੈ, ਪਰ ਕੋਈ ਉਹ ਮਿੱਟੀ ਬਣ ਸਕਦਾ ਹੈ, ਜਿਸ ਵਿੱਚ ਉਹ ਵਧ ਸਕੇ। ਸਾਡੇ ਲਈ ਮਿੱਟੀ ਮੁਹੱਈਆ ਕਰਨਾ, ਪ੍ਰਤਿਭਾ ਦੀ ਮੰਗ ਕਰਨ ਨਾਲੋਂ ਵੱਧ ਯਥਾਰਥਵਾਦੀ ਹੈ, ਵਰਨਾ ਜੇ ਸਾਡੇ ਕੋਲ ਸੈਂਕੜੇ ਪ੍ਰਤਿਭਾਵਾਂ ਹੋਣ, ਪਰ ਮਿੱਟੀ ਨਾ ਹੋਵੇ ਤਾਂ ਤਸ਼ਤਰੀ ਤੇ ਸੇਮ ਦੇ ਫਲਾਂ ਵਾਂਗ ਉਹ ਜੜ੍ਹਾਂ ਨਹੀਂ, ਜਮਾ ਸਕਣਗੀਆਂ।

ਮਿੱਟੀ ਬਣਨ ਲਈ ਸਾਨੂੰ ਅਵੱਸ਼ ਹੀ ਉਦਾਰ ਬਣਨਾ ਪਵੇਗਾ। ਦੂਜੇ ਸ਼ਬਦਾਂ ਵਿੱਚ ਸਾਨੂੰ ਨਵੀਆਂ ਅਵਧਾਰਣਾਵਾਂ ਮੰਨਣੀਆਂ ਪੈਣਗੀਆਂ ਅਤੇ ਪੁਰਾਣੀਆਂ ਬੇੜੀਆਂ ਤੋਂ ਸਾਨੂੰ ਮੁਕਤ ਕਰਨਾ ਹੋਵੇਗਾ ਤਾਂ ਕਿ ਅਸੀਂ ਭਵਿੱਖ ਦੀ ਕਿਸੇ ਪ੍ਰਤਿਭਾ ਦੀ ਤਾਰੀਫ਼ ਕਰ ਸਕੀਏ ਤੇ ਉਸ ਨੂੰ ਸਵੀਕਾਰ ਕਰ ਸਕੀਏ। ਸਾਨੂੰ ਛੋਟੇ ਕੰਮ ਪ੍ਰਤੀ ਬੇਅਦਬੀ ਨਹੀਂ ਕਰਨੀ ਚਾਹੀਦੀ। ਮੌਲਕ ਰਚਨਾਕਾਰ ਆਪਣਾ ਲੇਖਨ ਜਾਰੀ ਰੱਖਣਗੇ, ਪੜ੍ਹਣਗੇ ਜਾਂ ਸਾਹਿਤ ਨੂੰ ਵਕਤ ਗੁਜ਼ਾਰਣ ਦੇ ਕੰਮ 'ਚ ਲਾਉਣਗੇ। ਸਾਹਿਤ ਲੈ ਕੇ, ਵਕਤ ਗੁਜ਼ਾਰਣ ਦੀ ਗੱਲ ਕੁੱਝ ਅਟਪਟੀ ਲੱਗ ਸਕਦੀ ਹੈ, ਪਰ ਪੈਰਾਂ ਹੇਠ ਕੁਚਲਣ ਨਾਲੋਂ ਚੰਗੀ ਹੈ।

ਮਿੱਟੀ ਦੀ ਤੁਲਨਾ ਪ੍ਰਤਿਭਾ ਨਾਲ਼ ਕਤਈ ਨਹੀਂ ਕੀਤੀ ਜਾ ਸਕਦੀ, ਪਰ ਜਦ ਤੱਕ ਅਸੀਂ ਦ੍ਰਿੜ ਨਾ ਹੋਈਏ ਅਤੇ ਕਸ਼ਟ ਸਹਿਣ ਲਈ ਤਿਆਰ ਨਾ ਹੋਈਏ, ਮਿੱਟੀ ਬਣਾਉਣਾ ਵੀ ਨਾਮੁਮਕਿਨ ਹੈ। ਫੇਰ ਵੀ ਇਨਸਾਨ ਦੀ ਕੋਸ਼ਿਸ਼ 'ਤੇ ਸਭ ਨਿਰਭਰ ਹੈ ਅਤੇ ਮਹਿਜ਼ ਆਲਸੀ ਦੀ ਤਰ੍ਹਾਂ ਈਸ਼ਵਰ ਪ੍ਰੇਰਿਤ ਪ੍ਰਤਿਭਾ ਦੀ ਉਡੀਕ ਕਰਨ ਦੀ ਬਜਾਇ ਸਾਡੀ ਸਫ਼ਲਤਾ ਦੀ ਗੁੰਜਾਇਸ਼ ਇੱਥੇ ਜ਼ਿਆਦਾ ਹੈ। ਇਹ ਹੈ ਮਹਾਨ ਉਮੀਦ ਤੇ ਉਸ ਦੀ ਮਿੱਟੀ ਦੀ ਤਾਕਤ ਤੇ ਉਸਦਾ ਪੁਰਸਕਾਰ। ਕਿਉਂਕਿ, ਜਦ ਮਿੱਟੀ 'ਚੋਂ ਇੱਕ ਸੋਹਣਾ ਫੁੱਲ ਖਿੜਦਾ ਹੈ ਤਾਂ ਸਾਰੇ ਦੇਖਣ ਵਾਲੇ ਉਸਦਾ ਆਨੰਦ ਉਠਾਉਂਦੇ ਹਨ, ਮਿੱਟੀ ਖੁਦ ਵੀ। ਆਪਣੀ ਆਤਮਾ ਨੂੰ ਉੱਚਾ ਚੁੱਕਣ ਲਈ ਤੁਹਾਨੂੰ ਖੁਦ ਫੁੱਲ ਬਣਨ ਦੀ ਲੋੜ ਨਹੀਂ – ਬਸ਼ਰਤੇ ਕਿ ਇਹ ਮਹਿਸੂਸ ਕਰ ਸਕੋ ਕਿ ਮਿੱਟੀ ਦੀ ਵੀ ਆਪਣੀ ਇੱਕ ਆਤਮਾ ਹੁੰਦੀ ਹੈ।

ਅਨੁਵਾਦ – ਡਾ. ਚਮਨ ਲਾਲ

(ਲੂ–ਸ਼ੁਨ ਦੇ ਚੋਣਵੇ ਲੇਖਾਂ 'ਤੇ ਅਧਾਰਿਤ ਕਿਤਾਬ **'ਕਲਾ, ਸਾਹਿਤ ਅਤੇ ਸੱਭਿਆਚਾਰ'** 'ਚੋਂ ਧੰਨਵਾਦ ਸਹਿਤ)

*****

(ਸਫ਼ਾ 27 ਦਾ ਬਾਕੀ)

ਇਥੋਂ ਤੱਕ ਕਿ ਹਬੀਬ ਤਨਵੀਰ ਦੇ ਨਇਆ ਥਿਏਟਰ ਦੇ ਕਲਾਕਾਰਾਂ ਅਤੇ ਰਘੂਵੀਰ ਯਾਦਵ ਜਿਹੇ ਪ੍ਰਤਿਭਾਸ਼ਾਲੀ ਅਦਾਕਾਰਾਂ ਦੀ ਅਦਾਕਾਰੀ ਅਤੇ ਇੰਡੀਅਨ ਓਸ਼ਨ ਅਤੇ ਰਾਮ ਸੰਪਥ ਦੇ ਸੰਗੀਤਬੱਧ ਕੀਤੇ ਸਮਕਾਲੀ ਯਥਾਰਥ ਤੇ ਤਿੱਖੇ ਵਿਅੰਗ ਕਰਦੇ ਗੀਤ ਵੀ 'ਪੀਪਲੀ ਲਾਈਵ' ਦੀ ਉਗੜ ਦੁਗੜ ਕਹਾਣੀ ਦੇ ਬੋਝ ਹੇਠ ਦਬ ਕੇ ਰਹਿ ਜਾਂਦੇ ਹਨ ਅਤੇ ਫ਼ਿਲਮ ਨੂੰ ਇਕ ਸ਼ਾਹਕਾਰ ਫ਼ਿਲਮ ਬਣਾਉਣ ਵਿਚ ਸਫ਼ਲ ਨਹੀਂ ਹੁੰਦੇ।

ਇਸ ਲਈ ਨੱਥਾ ਨਾ ਤਾਂ 'ਦੋ ਬੀਘਾ ਜਮੀਨ' ਦਾ ਸ਼ੰਭੂ ਬਣ ਪਾਉਂਦਾ ਹੈ ਅਤੇ ਨਾ ਹੀ ਚਾਰਲੀ ਚੈਪਲਨ ਦਾ 'ਟ੍ਰੈਂਪ', ਜੋ ਸਾਰੀ ਫ਼ਿਲਮ ਵਿਚ ਜੀਵਨ ਦੇ ਸੰਘਰਸ਼ ਵਿਚ ਮਜ਼ਾਕ ਦਾ ਪਾਤਰ ਬਣਦਾ ਵੀ ਅੰਤ ਵਿਚ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਪੇਸ਼ ਕਰਦਾ ਦਰਸ਼ਕਾਂ ਨੂੰ ਬਿਹਤਰ ਜੀਵਨ ਬਾਰੇ ਸੋਚਣ ਲਈ ਮਜ਼ਬੂਰ ਕਰਦਾ ਹੈ। 'ਪੀਪਲੀ ਲਾਈਵ' ਦਾ ਨੱਥਾ 'ਦੋ ਬੀਘਾ ਜ਼ਮੀਨ' ਦੇ ਕਿਸਾਨ ਸ਼ੰਭੂ ਵਾਂਗ ਦਰਸ਼ਕਾਂ ਦੀ ਸੰਵੇਦਨਾਂ ਨੂੰ ਟੁੰਬਣੋ ਅਸਮਰਥ ਰਹਿੰਦਾ ਹੈ।

ਭਾਰਤੀ ਸਿਨੇਮਾ ਵਿਚ ਇਸ ਤੋਂ ਪਹਿਲਾਂ ਵੀ ਛੋਟੀ ਕਿਸਾਨੀ ਦੇ ਉਜਾੜੇ ਅਤੇ ਮੀਡੀਏ ਦੀ ਭੂਮਿਕਾ ਨੂੰ ਵਿਸ਼ਾ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਵੀ ਭਾਰਤੀ ਸਿਨੇਮਾ ਨੇ ਕਿਸਾਨੀ ਦੇ ਉਜਾੜੇ ਤੇ ਬਿਮਲ ਰਾਏ ਦੀ 'ਦੋ ਬੀਘਾ ਜ਼ਮੀਨ' (1956) ਅਤੇ ਮੀਡੀਏ ਦਾ ਪਾਜ ਖ੍ਹੋਲਦੀ ਕੁੰਦਨ ਸ਼ਾਹ ਦੀ 'ਜਾਨੇ ਭੀ ਦੋ ਯਾਰੋ' (1982) ਜਿਹੀਆਂ ਸ਼ਾਹਕਾਰ ਫ਼ਿਲਮਾਂ ਦਿੱਤੀਆਂ ਹਨ। ਪਰ ਉਨ੍ਹਾਂ ਦੇ ਮੁਕਾਬਲੇ "ਪੀਪਲੀ ਲਾਈਵ" ਬਹੁਤ ਬੌਣੀ ਫ਼ਿਲਮ ਹੈ।

*****

ਯੁੱਧ ਦੀਆਂ ਵਿਰੋਧਤਾਈਆਂ ਨਾਲ ਜੂਝਣ ਵਾਲਾ ਫੋਟੋਗ੍ਰਾਫ਼ਰ - ਰਾਬਰਟ ਕਾਪਾ

ਕੁਲਵਿੰਦਰ



''ਜੇਕਰ ਤੁਹਾਡੀਆਂ ਫੋਟੋਆਂ ਓਨੀਆਂ ਵਧੀਆ ਨਹੀਂ ਹਨ, ਤਾਂ ਤੁਸੀਂ (ਘਟਨਾ ਦੇ) ਓਨਾ ਨੇੜੇ ਨਹੀਂ ਹੋ।'' ਇਹ ਕਹਿਣਾ ਸੀ ਦੁਨੀਆਂ ਦੇ ਪ੍ਰਸਿਧ ਯੁੱਧ ਫੋਟੋਗ੍ਰਾਫ਼ਰ ਰਾਬਰਟ ਕਾਪਾ ਦਾ। ਆਪਣੇ ਜੀਵਨ ਵਿਚ ਹੀ ਕਿਦਵੰਤੀ ਦਾ ਦਰਜਾ ਹਾਸਲ ਕਰ ਚੁੱਕੇ ਰਾਬਰਟ ਕਾਪਾ ਦਾ ਅਸਲੀ ਨਾਂ ਆਂਦਰੇ ਫਰੈਡਮਾਨ ਸੀ। 25 ਮਈ, 1913 ਨੂੰ ਹੰਗਰੀ ਦੇ ਸ਼ਹਿਰ ਬੁਡਾਪੇਸਟ ਵਿਚ ਜਨਮੇ ਆਂਦਰੇ ਫਰੈਡਮਾਨ ਨੂੰ 18 ਸਾਲ ਦੀ ਉਮਰ ਵਿਚ ਨਾਜ਼ੀ ਸੱਤਾ ਦੇ ਖਤਰੇ ਕਾਰਣ ਦੇਸ਼ ਛੱਡਣਾ ਪਿਆ ਅਤੇ ਉਹ ਜਰਮਨੀ ਦੇ ਸ਼ਹਿਰ ਬਰਲਿਨ ਵਿਚ ਚਲੇ ਗਏ। ਜਰਮਨੀ ਵਿਚ ਸੱਤਾ 'ਤੇ ਹਿਟਲਰ ਦੇ ਕਾਬਜ ਹੋਣ ਤੇ ਉਹ 1933 ਵਿਚ ਪੈਰਿਸ ਚਲੇ ਗਏ।

ਪੈਰਿਸ ਵਿਚ ਉਨ੍ਹਾਂ ਨੇ ਇਕ ਪ੍ਰੈਸ ਫੋਟੋਗ੍ਰਾਫ਼ਰ ਦੇ ਔਖੇ ਧੰਦੇ ਵਿਚ ਸਥਾਪਤ ਹੋਣ ਦਾ ਸੰਘਰਸ਼ ਸ਼ੁਰੂ ਕੀਤਾ। ਬੇਕਿਰਕ ਮੁਕਾਬਲੇ ਕਾਰਣ ਆਪਣੀ ਮਿੱਤਰ **ਗੇਰਡਾ ਟਾਰੋ**, ਜੋ ਖੁਦ ਇਕ ਸਿਖਾਂਦਰੂ ਫੋਟੋਗ੍ਰਾਫ਼ਰ ਸੀ, ਨਾਲ ਮਿਲਕੇ ਆਂਦਰੇ ਆਪਣੀਆਂ ਫੋਟੋਆਂ ਫਰਾਂਸ ਦੀ ਯਾਤਰਾ ਕਰ ਰਹੇ ਇਕ ਅਮਰੀਕੀ ਫੋਟੋਗ੍ਰਾਫ਼ਰ ਦੁਆਰਾ ਖਿੱਚੀਆਂ ਫੋਟੋਆਂ ਆਖ ਕੇ ਉੱਚੇ ਮੁੱਲ ਤੇ ਵੇਚ ਦਿੰਦੇ। ਇਸ ਤਰ੍ਹਾਂ ਰਾਬਰਟ ਕਾਪਾ ਨਾਂ ਦੇ ਫਰਜ਼ੀ ਫੋਟੋਗ੍ਰਾਫ਼ਰ ਦਾ ਜਨਮ ਹੋਇਆ। ਇਹ ਭੇਦ ਭਾਵੇਂ ਬਹੁਤੀ ਦੇਰ ਤੱਕ ਗੁੱਝਾ ਨਾ ਰਿਹਾ ਪਰ ਰਾਬਰਟ ਕਾਪਾ ਨੇ ਆਂਦਰੇ ਫਰੈਡਮਾਨ ਦੇ ਅਸਲੀ ਨਾਂ ਦੀ ਥਾਂ ਸਦਾ ਲਈ ਮੱਲ ਲਈ। ਏਸੇ ਦੌਰਾਨ ਉਹ ਪਾਬਲੋ ਪਿਕਾਸੋ ਅਤੇ ਅਰਨਿਸਟ ਹੈਮਿੰਗਵੇ ਨੂੰ ਮਿਲੇ ਅਤੇ ਸਾਥੀ ਫੋਟੋਗ੍ਰਾਫ਼ਰਾਂ ਡੇਵਿਡ ਸੇਮੋਰ ਅਤੇ ਹੈਨਰੀ ਕਾਰਟੀਅਰ-ਬ੍ਰਸਿਨ ਨਾਲ ਯਾਰੀ ਗੰਢ ਲਈ।

17 ਜੁਲਾਈ, 1936 ਨੂੰ ਸਪੇਨ ਵਿਖੇ ਘਰੇਲੂ ਯੁੱਧ ਦੀ ਸ਼ੁਰੂਆਤ ਹੋ ਗਈ, ਜਿਸ ਵਿਚ ਇੱਕ ਪਾਸੇ ਜਰਨਲ ਫਰਾਂਕੋ ਜਿਹੇ ਪੂੰਜੀਪਤੀਆਂ ਦੇ ਪਿੱਠੂ ਦੀ ਹਮਾਇਤ ਵਿਚ ਜਿੱਥੇ ਹਿਟਲਰ ਅਤੇ ਮੋਸੋਲੀਨੀ ਜਿਹੇ ਫਾਸੀਵਾਦੀ ਅਤੇ ਨਾਜ਼ੀਵਾਦੀ ਖਲੋਤੇ ਸਨ, ਉੱਥੇ ਰਿਪਬਲਿਕਨਾਂ ਨੂੰ ਪੂਰੀ ਦੁਨੀਆਂ ਦੇ ਲਗਭਗ ਸਾਰੇ ਲੇਖਕਾਂ, ਕਲਾਕਾਰਾਂ, ਕਵੀਆਂ ਅਤੇ ਬੁੱਧੀਜੀਵੀਆਂ, ਲੋਕਪੱਖੀ ਤਾਕਤਾਂ ਅਤੇ ਆਮ ਲੋਕਾਂ ਦੀ ਹਮਾਇਤ ਹਾਸਲ ਸੀ।



ਇਸ ਸੰਘਰਸ਼ ਨੂੰ ਕਵਰ ਕਰਨ ਲਈ ਕਾਪਾ ਸਪੇਨ ਚਲੇ ਗਏ। ਸਪੇਨ ਦੇ ਘਰੇਲੂ ਯੁੱਧ ਨਾਲ ਸੰਬੰਧਤ ਉਨ੍ਹਾਂ ਦੀ ਕਵਰੇਜ ਲਗਾਤਾਰ ਛਪਣ ਲੱਗੀ। ਏਸੇ ਯੁੱਧ ਦੌਰਾਨ ਹੀ ਸਿਤੰਬਰ, 1936 ਨੂੰ ਉਨ੍ਹਾਂ ਨੇ ਆਪਣੀ ਸ਼ਾਹਕਾਰ ਫੋਟੋ ''**ਮੌਤ ਦੇ ਪਲਾਂ ਵਿਚ ਵਫ਼ਾਦਾਰ ਸਿਪਾਹੀ**'' ਖਿੱਚੀ, ਜਿਸ ਨਾਲ ਉਸ ਨੂੰ ਕੌਮਾਂਤਰੀ ਪ੍ਰਸਿੱਧੀ ਮਿਲੀ ਅਤੇ ਇਹ ਫੋਟੋ ਜੰਗ ਦਾ ਇਕ ਤਾਕਤਵਰ ਬਿੰਬ ਬਣ ਕੇ ਉੱਭਰੀ।

ਯੁੱਧ-ਖੇਤਰ ਵਿਚ ਗੇਰਡਾ ਟਾਰੋ ਦੀ ਮੌਤ ਹੋ ਜਾਣ ਤੋਂ ਬਾਅਦ 1938 ਵਿਚ ਉਹ ਸੁਨਯਾਤ ਸੇਨ ਦੀ ਅਗਵਾਈ ਵਿਚ ਚੀਨ ਵਿਚ ਚਲ ਰਹੇ ਕੌਮੀ ਮੁਕਤੀ ਦੇ ਘੋਲ ਨੂੰ ਕਵਰ ਕਰਨ ਲਈ ਚੀਨ ਚਲੇ ਗਏ, ਜਿੱਥੇ ਉਨ੍ਹਾਂ ਨੇ ਤਰਾਈਚਵਾਂਗ ਦੀ ਲੜਾਈ ਦੀਆਂ ਯਾਦਗਾਰੀ ਫੋਟੋਆਂ ਖਿੱਚੀਆਂ। ਅਗਲੇ ਸਾਲ ਉਹ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਚ ਵਸ ਗਏ। ਯੂਰਪ ਵਿਚ ਯੁੱਧ ਫੋਟੋਗ੍ਰਾਫ਼ਰ ਵਜੋਂ ਉਨ੍ਹਾਂ ਨੇ ਡੀ-ਡੇ ਤੇ ਅਮਰੀਕੀ ਫੌਜਾਂ ਦੀ ਆਮਦ, ਪੈਰਿਸ ਦੀ ਮੁਕਤੀ ਅਤੇ ਬੁਲਜ ਦੀ ਲੜਾਈ ਨੂੰ ਕਵਰ ਕੀਤਾ। ਆਪਣੇ ਮਿੱਤਰ ਜੌਹਨ ਸਟੇਨਬੇਕ ਨਾਲ ਮਿਲਕੇ 1947 ਵਿਚ ਉਨ੍ਹਾਂ ਨੇ ਸੋਵੀਅਤ ਯੂਨੀਅਨ ਦੀ ਯਾਤਰਾ ਕੀਤੀ।

1947 ਵਿਚ ਕਾਪਾ ਨੇ ਹੈਨਰੀ ਕਾਰਟੀਅਰ-ਬ੍ਰਸਿਨ, ਡੇਵਿਡ ਸੇਮੋਰ, ਜਾਰਜ ਰੌਜਰ ਤੇ ਵਿਲੀਅਮ ਵੈਂਡਰਿਵਟ ਨਾਲ ਮਿਲ ਕੇ 'ਮੈਗਨਮ ਫੋਟੋਜ਼' ਦੀ ਸਥਾਪਨਾ ਕੀਤੀ। ਕਾਪਾ ਨੇ ਫੋਟੋਆਂ ਦੇ ਨਾਲ ਨਾਲ ਸਪੇਨ ਦੇ ਘਰੇਲੂ ਯੁੱਧ ਤੇ ''ਡੈਥ ਇਨ ਦੀ ਮੇਕਿੰਗ'' ਅਤੇ ''ਵਾਰਲੂ ਬਰਿਜ'', ''ਏ ਰਸ਼ੀਅਨ ਜਰਨਲ'' ਅਤੇ ''ਸਲਾਈਟਲੀ ਆਊਟ ਆਫ਼ ਫੋਕਸ'' ਨਾਂ ਦੀਆਂ ਚਾਰ ਕਿਤਾਬਾਂ ਵੀ ਲਿਖੀਆਂ।

ਯੁੱਧ ਦੀਆਂ ਵਿਰੋਧਤਾਈਆਂ ਨਾਲ ਜੂਝ ਰਹੇ ਕਾਪਾ ਨੇ ਯੁੱਧ ਨੂੰ ਕਵਰ ਕਰਨੋਂ ਤੌਬਾ ਕਰ ਲਈ। ਪਰ ਇਕ ਅਖ਼ਬਾਰ ਨੂੰ ਜਦ ਵੀਅਤਨਾਮ ਯੁੱਧ ਦੌਰਾਨ ਇੰਡੋ-ਚਾਇਨਾ ਦੇ ਸੰਘਰਸ਼ ਨੂੰ ਕਵਰ ਕਰਨ ਲਈ ਫੋਟੋਗ੍ਰਾਫ਼ਰਾਂ ਦੀ ਲੋੜ ਪਈ ਤਾਂ ਇਸ ਕੰਮ ਲਈ ਕਾਪਾ ਨੇ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਪਰ 25 ਮਈ, 1954 ਨੂੰ ਥਾਈ-ਬਿਨ ਦੀ ਜ਼ਿੰਦਗੀ ਦਾ ਫਿਲਮਾਂਕਣ ਕਰਦਿਆਂ ਇਕ ਲੈਂਡ ਮਾਈਨ ਤੇ ਪੈਰ ਪੈਣ ਕਾਰਨ ਰਾਬਰਟ ਕਾਪਾ ਦੀ ਮੌਤ ਹੋ ਗਈ। ਮੌਤ ਵੇਲੇ ਵੀ ਰਾਬਰਟ ਕਾਪਾ ਦੇ ਹੱਥਾਂ ਵਿਚ ਕੈਮਰਾ ਸੀ।

*****



ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ।

ਜਨਚੇਤਨਾ

ਇੱਕ ਸੱਭਿਆਚਾਰਕ ਮੁਹਿੰਮ ✲ ਇੱਕ ਵਿਚਾਰਕ ਪ੍ਰੋਜੈਕਟ ✲ ਬਦਲਵੇਂ ਮੀਡੀਆ ਦਾ ਇੱਕ ਮਾਡਲ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

ਮਾਰਕਸਵਾਦ

1. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ਼ ਅਤੇ ਲੈਨਿਨ) 10 ਰੁ
2. ਰਿਹਾਇਸ਼ੀ ਘਰਾਂ ਦਾ ਸਵਾਲ (ਫਰੈਡਰਿਕ ਏਂਗਲਜ਼) 35 ਰੁ
3. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) 30 ਰੁ
4. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) 20 ਰ
5. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) 35 ਰੁ
6. ਲੂਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ (ਕਾ. ਮਾਰਕਸ) 50 ਰੁ
7. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) 15 ਰੁ
8. ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼) 30 ਰੁ
9. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) 65 ਰੁ
10. ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) 35 ਰੁ
11. ਰਾਜ ਅਤੇ ਇਨਕਲਾਬ (ਲੈਨਿਨ) 50 ਰੁ
12. ਖੇਤੀ ਵਿੱਚ ਪੂੰਜੀਵਾਦ 15 ਰੁ
13. ਰਾਜ (ਲੈਨਿਨ) 10 ਰੁ
14. ਆਰਥਕ ਰੋਮਾਂਚਵਾਦ ਦਾ ਚਰਿੱਤਰ ਚਿਤਰਣ 50 ਰੁ
15. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20 ਰੁ

ਮਾਰਕਸਵਾਦ ਤੇ ਹੋਰ ਕਿਤਾਬਾਂ

1. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ਼ ਪੋਲੀਟੀਕਲ ਇਕਾਨਮੀ) 60 ਰੁ
2. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ 10 ਰੁ
3. ਫ਼ਿਲਾਸਫ਼ੀ ਕੋਈ ਗੋਰਖਧੰਦਾ ਨਹੀਂ 10 ਰੁ
4. ਮਾਓ ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ) 100 ਰੁ
5. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ 75 ਰੁ

ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਬਾਰੇ

1. ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) 40 ਰੁ
2. ਇਨਕਲਾਬ ਅੰਦਰ ਇਨਕਲਾਬ (ਆਰਿਸ ਹੇਟਰ) 20 ਰੁ

ਸਮਕਾਲੀ ਸਿਆਸੀ ਸਾਹਿਤ

1. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10 ਰੁ
2. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05 ਰੁ
3. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10 ਰੁ
4. ਪੈਰਿਸ ਕਮਿਊਨ ਦੀ ਅਮਰ ਕਹਾਣੀ 10 ਰੁ
5. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10 ਰੁ
6. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10 ਰੁ
7. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) 15 ਰੁ
8. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ (ਦਿਪਾਯਨ ਬੋਸ) 10 ਰੁ
9. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜਬਹਾਲੀ ਅਤੇ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ 20 ਰੁ
10. ਕਿਉਂ ਮਾਓਵਾਦ ? 10 ਰੁ
11. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20 ਰੁ
12. ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ 10 ਰੁ
13. ਉਦਾਰਵਾਦੀ ਨੀਤੀਆਂ ਦੇ 18 ਸਾਲ 03 ਰੁ
14. ਚੋਰ, ਭ੍ਰਿਸ਼ਟ, ਅਯਾਸ਼ ਨੇਤਾਸ਼ਾਹੀ 03 ਰੁ
15. ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) 60 ਰੁ
16. ਫਾਸੀਵਾਦ ਕੀ ਹੈ ਅਤੇ ਇਸ ਨਾਲ ਕਿਵੇਂ ਲੜੀਏ ? 15 ਰੁ
17. ਆਈਨਸਟੀਨ ਦੇ ਸਮਾਜਿਕ ਸਰੋਕਾਰ 10 ਰੁ

ਇਨਕਲਾਬੀਆਂ ਦਾ ਜੀਵਨ, ਦਸਤਾਵੇਜ਼ ਅਤੇ ਲੇਖ

1. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 25 ਰੁ
2. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 10 ਰੁ
3. ਭਗਤ ਸਿੰਘ ਨੇ ਕਿਹਾ... 05 ਰੁ
4. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 05 ਰੁ
5. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10 ਰੁ
6. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10 ਰੁ
7. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਾਹੌਰ) 10 ਰੁ
8. ਗ਼ਦਰੀ ਸੂਰਬੀਰ (ਰਣਧੀਰ ਸਿੰਘ) 10 ਰੁ
9. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20 ਰੁ
10. ਸ਼ਹੀਦ ਕਰਤਾਰ ਸਿੰਘ ਸਰਾਭਾ 05 ਰੁ

ਨੌਜਵਾਨਾਂ ਲਈ ਵਿਸ਼ੇਸ਼

1. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 10 ਰੁ

ਕਿਤਾਬਾਂ ਮੰਗਵਾਉਣ ਲਈ ਪਤਾ

260, ਸ਼ਹੀਦ ਸੁਖਦੇਵ ਸਿੰਘ ਨਗਰ, ਪਿੰਡ ਲੋਹਾਰਾ,
ਤਹਿ. ਤੇ ਜ਼ਿਲ੍ਹਾ - ਲੁਧਿਆਣਾ
ਫੋਨ ਨੰ. 98155-87807